Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 876, 16 to 22 Oct., 2025, Ph: 916-320-9444, E-mail: punjabmailusa@yahoo.com, Web: punjabmailusa.com

## ਇਮੀਗ੍ਰੇਸ਼ਨ ਵੱਲੋਂ ਹਿਰਾਸਤ 'ਚ ਲਏ ਪਰਮਜੀਤ ਸਿੰਘ ਨੂੰ ਇਲਾਜ ਲਈ ਕੋਰੀ ਨਾਂਹ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਆਈ.ਸੀ.ਈ. ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਪਰਮਜੀਤ ਸਿੰਘ ਨੂੰ ਕਿਸੇ ਕਿਸਮ ਦੀ ਵੀ ਡਾਕਟਰੀ ਸਹਾਇਤਾ ਦੇਣ ਤੋਂ ਜਵਾਬ ਦੇ ਦਿੱਤਾ ਗਿਆ ਹੈ। 48 ਸਾਲਾ ਪਰਮਜੀਤ ਸਿੰਘ ਨੂੰ ਅੱਜਕੱਲ੍ਹ ਯੂ.ਐੱਸ. ਇਮੀਗ੍ਰੇਸ਼ਨ ਵਿਭਾਗ ਵੱਲੋਂ ਗ੍ਰਿਫ਼ਤਾਰ ਕਰਕੇ ਡਿਟੈਨਸ਼ਨ ਸੈਂਟਰ ਵਿਖੇ ਰੱਖਿਆ ਗਿਆ ਹੈ। ਪਰਮਜੀਤ ਸਿੰਘ ਨੂੰ 30 ਜੁਲਾਈ ਨੂੰ ਇੰਡੀਆ ਤੋਂ ਵਾਪਸ ਸ਼ਿਕਾਗੋ ਇੰਟਰਨੈਸ਼ਨਲ ਏਅਰਪੋਰਟ ਪਰਤਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹਾਲੇ ਤੱਕ ਉਸ ਨੂੰ ਕਿਸੇ ਤਰ੍ਹਾਂ ਦੀ ਬੇਲ ਜਾਂ ਰਿਹਾਈ ਨਹੀਂ ਦਿੱਤੀ ਗਈ। ਉਹ ਬਰੇਨ ਟਿਊਮਰ ਅਤੇ ਦਿਲ ਦੀ ਬਿਮਾਰੀਆਂ ਤੋਂ ਪੀੜਤ ਹੈ। ਉਸ ਦਾ ਕਿਸੇ ਕਿਸਮ ਦਾ ਵੀ ਇਲਾਜ ਨਹੀਂ ਕੀਤਾ ਜਾ ਰਿਹਾ। ਉਸ ਦਾ ਸਿਰਫ ਮੈਡੀਕਲ ਚੈੱਕਅਪ ਹੀ ਕੀਤਾ ਜਾ ਰਿਹਾ ਹੈ।


ਪਰਮਜੀਤ ਸਿੰਘ ਦੀ ਪੁਰਾਣੀ ਤਸਵੀਰ, ਅਤੇ ਆਪਣੀ ਪਤਨੀ ਨਾਲ ਪਰਮਜੀਤ ਸਿੰਘ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਪਰਮਜੀਤ ਸਿੰਘ ਨੂੰ 1999 ਦੇ ਇੱਕ ਕੇਸ ਵਿਚ ਹਿਰਾਸਤ ਵਿਚ ਲਿਆ ਗਿਆ ਹੈ, ਜਦਕਿ ਉਹ ਕੇਸ ਕਾਫੀ ਸਮਾਂ ਪਹਿਲਾਂ ਖਤਮ ਹੋ ਚੁੱਕਾ ਹੈ ਅਤੇ ਮੌਜੂਦਾ ਸਮੇਂ ਵਿਚ ਉਸ ਦੇ ਖਿਲਾਫ ਕੋਈ ਐਕਟਿਵ ਕੇਸ ਨਹੀਂ ਹੈ।

ਪਰਮਜੀਤ ਸਿੰਘ ਨੇ 1994 ਵਿਚ ਗਰੀਨ ਕਾਰਡ ਹਾਸਲ ਕੀਤਾ ਸੀ ਅਤੇ ਉਹ ਇੰਡੀਆਨਾ ਵਿਖੇ ਆਪਣੇ ਪਰਿਵਾਰ ਨਾਲ ਰਹਿ ਕੇ ਬਹੁਤ ਸਾਰੇ ਗੈਸ ਸਟੇਸ਼ਨ ਚਲਾ ਰਿਹਾ ਸੀ। ਉਹ ਆਪਣੀ ਪਤਨੀ ਅਤੇ 2 ਬੱਚਿਆਂ ਨਾਲ ਰਹਿੰਦਾ ਸੀ, ਜਿਹੜੇ ਕਿ ਅਮਰੀਕਾ ਦੇ ਸਿਟੀਜ਼ਨ ਹਨ।

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ 'ਚ ਸਰਕਾਰੀ ਸ਼ਟਡਾਊਨ ਕਾਰਨ ਹਾਲਾਤ ਬਣੇ ਚਿੰਤਾਜਨਕ

■ **ਅਮਰੀਕੀ ਇਤਿਹਾਸ ਦਾ ਸਭ ਤੋਂ ਲੰਬਾ ਸ਼ਟਡਾਊਨ ਹੋਣ ਦੀ ਚੇਤਾਵਨੀ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਹੇ ਸਰਕਾਰੀ ਸ਼ਟਡਾਊਨ ਦੇ ਮੱਦੇਨਜ਼ਰ ਦੇਸ਼ ਦੇ ਹਾਲਾਤ ਚਿੰਤਾਜਨਕ ਬਣੇ ਹੋਏ ਹਨ। ਇਸੇ ਦੌਰਾਨ ਰਿਪਬਲਿਕਨ ਪਾਰਟੀ ਦੇ ਸਪੀਕਰ ਮਾਈਕ ਜੌਨਸਨ ਨੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਇਹ ਸ਼ਟਡਾਊਨ ਅਮਰੀਕੀ ਇਤਿਹਾਸ ਦਾ ਸਭ ਤੋਂ ਲੰਬਾ ਸ਼ਟਡਾਊਨ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ 'ਚ ਫੰਡ ਨੂੰ ਪ੍ਰਵਾਨਗੀ ਨਾ ਮਿਲਣ ਕਾਰਨ ਦੇਸ਼ 'ਚ 1 ਅਕਤੂਬਰ ਨੂੰ ਸ਼ਟਡਾਊਨ ਸ਼ੁਰੂ ਹੋ ਗਿਆ ਸੀ।

ਸਪੀਕਰ ਜੌਨਸਨ ਨੇ ਕਿਹਾ ਹੈ ਕਿ ਉਹ ਉਦੋਂ ਤੱਕ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰਾਂ ਨਾਲ ਗੱਲਬਾਤ ਨਹੀਂ ਕਰਨਗੇ, ਜਦੋਂ ਤੱਕ ਉਹ 'ਅਫੋਰਡੇਬਲ ਕੇਅਰ ਐਕਟ' ਤਹਿਤ ਸਿਹਤ ਬੀਮੇ ਲਈ ਫੈਡਰਲ ਰਿਆਇਤ ਦੇ ਵਿਸਥਾਰ ਦੀਆਂ ਆਪਣੀਆਂ ਮੰਗਾਂ ਨੂੰ ਨਹੀਂ ਛੱਡਦੇ।

ਇਸ ਸ਼ਟਡਾਊਨ ਕਾਰਨ ਹਜ਼ਾਰਾਂ ਫੈਡਰਲ ਕਰਮਚਾਰੀਆਂ ਨੂੰ ਛੁੱਟੀ 'ਤੇ ਭੇਜਿਆ ਜਾ ਰਿਹਾ ਹੈ ਤੇ ਕਈਆਂ ਨੂੰ ਬਰਖ਼ਾਸਤ ਕੀਤਾ ਜਾ ਰਿਹਾ ਹੈ, ਜਿਸ ਨੂੰ ਸਰਕਾਰ ਦੇ ਦਾਇਰੇ ਨੂੰ ਸੀਮਤ ਕਰਨ ਲਈ ਸ਼ਟਡਾਊਨ ਦਾ ਫਾਇਦਾ ਚੁੱਕਣ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

ਇਸ ਸ਼ਟਡਾਊਨ ਕਾਰਨ ਨਿਯਮਿਤ ਸਰਕਾਰੀ ਕੰਮਕਾਜ ਠੱਪ ਹੋ ਗਿਆ ਹੈ ਤੇ ਕਈ ਅਜਾਇਬ ਘਰ ਅਤੇ ਇਤਿਹਾਸਕ ਸੱਭਿਆਚਾਰਕ ਸੰਸਥਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਹਵਾਈ ਅੱਡਿਆਂ 'ਤੇ ਉਡਾਣਾਂ 'ਤੇ ਵੀ ਅਸਰ ਪਿਆ ਹੈ, ਜਿਸ ਕਾਰਨ ਲੋਕਾਂ 'ਚ ਅਫਰਾ-ਤਫਰੀ ਮਚ ਗਈ ਹੈ ਤੇ ਸਰਕਾਰੀ ਫੰਡਿੰਗ ਰੁਕਣ ਕਾਰਨ ਅਰਥਵਿਵਸਥਾ ਵਿਚ ਹੋਰ ਅਨਿਸ਼ਚਿਤਤਾ ਪੈਦਾ ਹੋ ਗਈ ਹੈ ਤੇ ਜੇਕਰ ਇਹੀ ਹਾਲ ਰਿਹਾ, ਤਾਂ ਦੇਸ਼ ਦੇ ਹਾਲਾਤ ਹੋਰ ਖ਼ਰਾਬ ਹੋ ਸਕਦੇ ਹਨ।

ਮਾਈਕ ਜੌਹਨਸਨ ਨੇ ਇਸ ਹਫ਼ਤੇ ਫੌਜੀ ਕਰਮਚਾਰੀਆਂ (ਮਿਲਟਰੀ ਪਰਸੋਨਲ) ਅਤੇ ਤੱਟ ਰੱਖਿਅਕ ਬਲ (ਕੋਸਟ ਗਾਰਡ) ਨੂੰ ਤਨਖਾਹ ਯਕੀਨੀ ਬਣਾਉਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਧੰਨਵਾਦ ਕੀਤਾ।

## ਬੀ.ਬੀ.ਐੱਮ.ਬੀ. 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਨੂੰ ਪੱਕੀ ਪ੍ਰਤੀਨਿਧਤਾ ਦੇਣ ਦੀ ਤਿਆਰੀ

■ **ਪੰਜਾਬ ਦੀ ਘਟੇਗੀ ਵੁੱਕਤ**
■ **ਕੇਂਦਰੀ ਬਿਜਲੀ ਮੰਤਰਾਲੇ ਨੇ ਸੂਬਾ ਸਰਕਾਰਾਂ ਨੂੰ ਪੱਤਰ ਭੇਜ ਕੇ ਨਵੀਂ ਪ੍ਰਕਿਰਿਆ ਤੋਂ ਕਰਵਾਇਆ ਜਾਣੂ**



**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਹੁਣ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਨੂੰ ਵੀ ਪੱਕੀ ਪ੍ਰਤੀਨਿਧਤਾ ਦੇਣ ਦੀ ਪ੍ਰਕਿਰਿਆ ਵਿੱਢ ਦਿੱਤੀ ਹੈ। ਪਹਿਲੇ ਪੜਾਅ 'ਚ ਕੇਂਦਰ ਸਰਕਾਰ ਨੇ ਪੰਜਾਬ ਤੇ ਹਰਿਆਣਾ ਦੀ ਬੀ.ਬੀ.ਐੱਮ.ਬੀ. 'ਚੋਂ ਸਥਾਈ ਮੈਂਬਰੀ ਨੂੰ ਖੁੰਢਾ ਕੀਤਾ ਅਤੇ ਹੁਣ ਦੂਸਰੇ ਸੂਬਿਆਂ ਨੂੰ ਵੀ ਪੰਜਾਬ ਦੇ ਬਰਾਬਰ ਪੱਕੀ ਹਿੱਸੇਦਾਰੀ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ; ਹਾਲਾਂਕਿ ਪੰਜਾਬ ਬੀ.ਬੀ.ਐੱਮ.ਬੀ. ਦਾ ਸਭ ਤੋਂ ਵੱਧ ਖਰਚਾ ਝੱਲਦਾ ਹੈ।

ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਬੀ.ਬੀ.ਐੱਮ.ਬੀ. ਦਾ ਮਾਮੂਲੀ ਖਰਚਾ ਚੁੱਕਦੇ ਹਨ; ਇਨ੍ਹਾਂ ਦੋਵੇਂ ਸੂਬਿਆਂ ਨੂੰ ਅਧਿਕਾਰ ਹੁਣ ਪੰਜਾਬ ਦੇ ਬਰਾਬਰ ਦੇਣ ਦੀ ਤਿਆਰੀ ਹੈ। ਉੱਤਰੀ ਜ਼ੋਨਲ ਕੌਂਸਲ ਦੀਆਂ ਮੀਟਿੰਗਾਂ 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਬੀ.ਬੀ.ਐੱਮ.ਬੀ. 'ਚ ਪੱਕੀ ਪ੍ਰਤੀਨਿਧਤਾ ਲੈਣ ਦੀ ਕਈ ਵਾਰ ਮੰਗ ਉਠਾ ਚੁੱਕੇ ਹਨ ਪਰ ਪੰਜਾਬ ਦੇ ਸਖ਼ਤ ਵਿਰੋਧ ਕਾਰਨ ਕੇਂਦਰ ਦੀ ਕੋਈ ਵਾਹ ਨਹੀਂ ਚੱਲ ਸਕੀ ਸੀ। ਆਖ਼ਰ ਹੁਣ ਕੇਂਦਰ ਨੇ ਪੰਜਾਬ ਦੇ ਬਰਾਬਰ ਦੂਸਰੇ ਸੂਬਿਆਂ ਨੂੰ ਖੜ੍ਹਾ ਕਰ ਦਿੱਤਾ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ 10 ਅਕਤੂਬਰ ਨੂੰ ਪੰਜਾਬ ਸਮੇਤ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਸਰਕਾਰ ਨੂੰ ਪੱਤਰ ਭੇਜ ਕੇ ਨਵੀਂ ਪ੍ਰਕਿਰਿਆ ਤੋਂ ਜਾਣੂ ਕਰਾਇਆ ਹੈ। ਪੱਤਰ ਅਨੁਸਾਰ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 79 (2)(ਏ) 'ਚ ਸੋਧ ਕਰਨ ਦੀ ਤਜਵੀਜ਼ ਤਿਆਰ ਕੀਤੀ ਗਈ ਹੈ, ਜਿਸ ਤਹਿਤ ਬੀ.ਬੀ.ਐੱਮ.ਬੀ. 'ਚ ਮੈਂਬਰਾਂ ਦੀ ਗਿਣਤੀ ਚਾਰ ਹੋ ਜਾਵੇਗੀ; ਪਹਿਲਾਂ ਪੰਜਾਬ ਤੇ ਹਰਿਆਣਾ ਹੀ ਪੱਕੇ ਮੈਂਬਰ ਸਨ। ਪੰਜਾਬ 'ਚੋਂ ਮੈਂਬਰ (ਪਾਵਰ) ਅਤੇ ਹਰਿਆਣਾ 'ਚੋਂ ਮੈਂਬਰ (ਸਿੰਜਾਈ) ਪੱਕੇ ਤੌਰ 'ਤੇ ਤਾਇਨਾਤ ਹੁੰਦੇ ਰਹੇ ਹਨ।

ਪੱਤਰ 'ਚ ਕਿਹਾ ਗਿਆ ਹੈ ਕਿ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵੱਲੋਂ ਕਈ ਵਾਰ ਉਠਾਈ ਗਈ ਮੰਗ ਦੇ ਮੱਦੇਨਜ਼ਰ ਇਨ੍ਹਾਂ ਦੋਵੇਂ ਸੂਬਿਆਂ ਨੂੰ ਸਥਾਈ ਪ੍ਰਤੀਨਿਧਤਾ ਦੇਣ ਦੀ ਤਜਵੀਜ਼ ਹੈ। ਹੁਣ ਚਾਰੋਂ ਸੂਬਿਆਂ ਤੋਂ ਇਸ ਐਕਟ 'ਚ ਸੋਧ ਨੂੰ ਲੈ ਕੇ ਤਿਆਰ ਤਜਵੀਜ਼ 'ਤੇ ਟਿੱਪਣੀਆਂ ਮੰਗੀਆਂ ਗਈਆਂ ਹਨ।

■ ਬਾਕੀ ਖਬਰ ਸਫਾ 15 'ਤੇ

## ਰਾਜਸਭਾ ਉਮੀਦਵਾਰ ਦੀ ਗ੍ਰਿਫ਼ਤਾਰੀ ਲਈ ਪੰਜਾਬ ਤੇ ਚੰਡੀਗੜ੍ਹ ਪੁਲਿਸ ਵਿਚਕਾਰ ਵਧਿਆ ਤਣਾਅ




■ **ਇਕ-ਦੂਜੇ 'ਤੇ ਤਾਣੇ ਪਿਸਤੌਲ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਖਾਲੀ ਰਾਜ ਸਭਾ ਸੀਟ ਲਈ 24 ਅਕਤੂਬਰ ਨੂੰ ਹੋਣ ਵਾਲੀ ਚੋਣ ਲਈ ਨਾਮਜ਼ਦਗੀ ਪੱਤਰਾਂ ਦੀ ਜਾਂਚ ਤੋਂ ਬਾਅ ਆਜ਼ਾਦ ਉਮੀਦਵਾਰ ਨਵਨੀਤ ਚੁਤਰਵੇਦੀ ਨੂੰ ਗ੍ਰਿਫ਼ਤਾਰ ਕਰਨ ਲਈ ਤਣਾਅ ਏਨਾ ਵਧ ਗਿਆ ਕਿ ਰੋਪੜ ਤੋਂ ਆਈ ਪੰਜਾਬ ਪੁਲਿਸ ਦੀ ਟੀਮ ਤੇ ਚੰਡੀਗੜ੍ਹ ਪੁਲਿਸ 'ਚ ਤਣਾਅ ਏਨਾ ਵਧ ਗਿਆ ਕਿ ਦੋਵਾਂ ਨੇ ਇਕ ਦੂਜੇ ਖ਼ਿਲਾਫ਼ ਪਿਸਤੌਲਾਂ ਤਾਣ ਦਿੱਤੀਆਂ। ਨਵਨੀਤ ਚਤੁਰਵੇਦੀ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 6 ਤੇ 13 ਅਕਤੂਬਰ ਨੂੰ ਦੋ ਵਾਰ ਦਾਖ਼ਲ ਨਾਮਜ਼ਦਗੀ ਪੱਤਰਾਂ 'ਚ ਪੰਜਾਬ ਆਮ ਆਦਮੀ ਪਾਰਟੀ ਦੇ ਵੀਹ ਵਿਧਾਇਕਾਂ ਨੂੰ 'ਪ੍ਰਸਤਾਵਕ' ਦਿਖਾ ਕੇ ਉਨ੍ਹਾਂ ਦੇ ਹਸਤਾਖਰ ਫ਼ਰਜ਼ੀ ਢੰਗ ਨਾਲ ਕੀਤੇ ਸਨ। ਸਾਰੇ 20 ਵਿਧਾਇਕਾਂ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਨੇ ਨਵਨੀਤ ਨੂੰ ਕੋਈ ਸਮਰਥਨ ਨਹੀਂ ਦਿੱਤਾ, ਇਹ ਵੱਡਾ ਫ਼ਰਜ਼ੀਵਾੜਾ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਸੂਬੇ ਦੇ ਕਈ ਸ਼ਹਿਰਾਂ 'ਚ ਨਵਨੀਤ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਗਈ।

■ ਬਾਕੀ ਖਬਰ ਸਫਾ 15 'ਤੇ

## ਐਲਕ ਗਰੋਵ ਸਿਟੀ ਵਿਖੇ ਮਨਾਇਆ ਗਿਆ ਦੀਵਾਲੀ ਮੇਲਾ





**ਸੈਕਰਾਮੈਂਟੋ, (ਪੰਜਾਬ ਮੇਲ)-** ਭਾਰਤ ਵਿਚ ਦੀਵਾਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਬਾਜ਼ਾਰਾਂ ਵਿਚ ਕਾਫੀ ਰੌਣਕਾਂ ਹੁੰਦੀਆਂ ਹਨ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਦੀਵਾਲੀ ਬੜੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਵਿਦੇਸ਼ਾਂ ਵਿਚ ਰਹਿ ਕੇ ਭਾਰਤੀ ਇਸ ਤਿਉਹਾਰ ਤੋਂ ਤਕਰੀਬਨ ਟੁੱਟ ਜਿਹੇ ਜਾਂਦੇ ਹਨ। ਪਰ ਫਿਰ ਵੀ ਕੈਲੀਫੋਰਨੀਆ ਦੇ ਸ਼ਹਿਰ ਐਲਕ ਗਰੋਵ ਵਿਖੇ ਹਰ ਸਾਲ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ, ਜਿੱਥੇ ਹਰ ਵਰਗ ਦੇ ਲੋਕ ਪਹੁੰਚ ਕੇ ਖੁਸ਼ੀਆਂ ਮਨਾਉਂਦੇ ਹਨ। ਇਸ ਵਾਰ ਵੀ ਇਹ ਤਿਉਹਾਰ ਐਲਕ ਗਰੋਵ ਦੇ ਇਕ ਹਾਲ ਵਿਚ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਪ੍ਰਬੰਧਕ ਭਾਵਿਨ ਪਾਰਿਖ ਨੇ ਸਮੂਹ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਦੀਵਾਲੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਪਰੰਤ ਪੇਸ਼ ਹੋਇਆ ਰੰਗਾਰੰਗ ਪ੍ਰੋਗਰਾਮ, ਜਿਸ ਵਿਚ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸੈਂਬਲੀ ਮੈਂਬਰ ਸਟੈਫਨੀ ਵਿਨ, ਮੇਅਰ ਬੌਬੀ ਸਿੰਘ ਐਲਨ, ਕਾਉਂਟੀ ਸੁਪਰਵਾਈਜ਼ਰ ਪੈਟ ਹਿਊਮ, ਕੌਂਸਲ ਮੈਂਬਰ ਰਾਡ ਬਰਿਊਅਰ ਅਤੇ ਕੌਂਸਲ ਮੈਂਬਰ ਸਰਜੀਓ ਰੋਬਲਸ, ਸੈਕਰਾਮੈਂਟੋ ਸਿਟੀ ਕੌਂਸਲ ਮੈਂਬਰ ਲੀਸਾ ਕੈਪਲਿਨ ਅਤੇ ਇੰਟਰਫੇਥ ਕੌਂਸਲ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਵੀ ਹਾਜ਼ਰ ਸਨ।



# ਟਰੰਪ ਵੱਲੋਂ ਮੁੜ ਪ੍ਰਧਾਨ ਮੰਤਰੀ ਮੋਦੀ ਦੀ ਸ਼ਲਾਘਾ

**ਸ਼ਰਮ ਅਲ ਸ਼ੇਖ਼, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕੀਤੀ ਹੈ। ਅਮਰੀਕੀ ਸਦਰ ਨੇ ਮੋਦੀ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ 'ਭਾਰਤ ਇੱਕ ਮਹਾਨ ਦੇਸ਼ ਹੈ, ਜਿਸ ਦੇ ਸਿਖਰ 'ਤੇ ਮੇਰਾ ਇੱਕ ਚੰਗਾ ਦੋਸਤ ਹੈ।'

ਗਾਜ਼ਾ ਵਿਚ ਇਜ਼ਰਾਈਲ-ਹਮਾਸ ਜੰਗ ਖ਼ਤਮ ਹੋਣ ਤੋਂ ਬਾਅਦ ਮਿਸਰ ਦੇ ਸ਼ਹਿਰ ਸ਼ਰਮ ਅਲ ਸ਼ੇਖ ਵਿਚ ਆਲਮੀ ਆਗੂਆਂ ਦੀ ਸਿਖਰ ਵਾਰਤਾ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਉਹ ਸੋਚਦੇ ਹਨ 'ਭਾਰਤ ਅਤੇ ਪਾਕਿਸਤਾਨ ਬਹੁਤ ਖ਼ੂਬਸੂਰਤੀ ਨਾਲ ਇਕੱਠੇ ਰਹਿਣਗੇ।'



**ਰਾਸ਼ਟਰਪਤੀ ਡੋਨਲਡ ਟਰੰਪ ਮਿਸਰ ਦੇ ਸ਼ਰਮ ਅਲ ਸ਼ੇਖ ਵਿਚ ਸੰਮੇਲਨ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਭਾਸ਼ਣ ਨੂੰ ਸੁਣਦੇ ਹੋਏ।**

ਟਰੰਪ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼, ਜੋ ਉਨ੍ਹਾਂ ਦੇ ਪਿੱਛੇ ਖੜ੍ਹੇ ਸਨ, ਵੱਲ ਦੇਖਦਿਆਂ ਕਿਹਾ, "ਭਾਰਤ ਇੱਕ ਮਹਾਨ ਦੇਸ਼ ਹੈ, ਜਿਸ ਦੇ ਸਿਖਰ 'ਤੇ

**■ ਕਿਹਾ 'ਭਾਰਤ ਮਹਾਨ ਦੇਸ਼ ਤੇ ਮੋਦੀ ਮੇਰਾ ਚੰਗਾ ਦੋਸਤ'**

ਮੇਰਾ ਬਹੁਤ ਚੰਗਾ ਦੋਸਤ ਹੈ ਅਤੇ ਉਸ ਨੇ ਸ਼ਾਨਦਾਰ ਕੰਮ ਕੀਤਾ ਹੈ। ਮੈਨੂੰ ਲੱਗਦਾ ਹੈ ਕਿ ਪਾਕਿਸਤਾਨ ਅਤੇ ਭਾਰਤ ਬਹੁਤ ਖ਼ੂਬਸੂਰਤੀ ਨਾਲ ਇਕੱਠੇ ਰਹਿਣਗੇ।"

ਇਸ ਤੋਂ ਪਹਿਲਾਂ ਟਰੰਪ ਨੇ ਸ਼ਰੀਫ਼ ਅਤੇ ਆਪਣੇ 'ਪਸੰਦੀਦਾ ਫ਼ੀਲਡ ਮਾਰਸ਼ਲ' ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਸ਼ਾਹਬਾਜ਼ ਸ਼ਰੀਫ਼ ਨੂੰ ਸਭਾ ਨੂੰ ਸੰਬੋਧਨ ਕਰਨ ਦਾ ਸੱਦਾ ਦਿੱਤਾ। ਸ਼ਰੀਫ਼ ਨੇ ਕਿਹਾ ਕਿ ਮੱਧ-ਪੂਰਬ ਵਿਚ ਸ਼ਾਂਤੀ ਰਾਸ਼ਟਰਪਤੀ ਟਰੰਪ ਦੀ 'ਨਿਰੰਤਰ ਕੋਸ਼ਿਸ਼ਾਂ' ਦਾ ਨਤੀਜਾ ਹੈ।

# ਭਾਰਤ-ਪਾਕਿ ਟਕਰਾਅ ਨੂੰ ਖਤਮ ਕਰਨ ਲਈ ਦਿੱਤੀ ਸੀ 200 ਫੀਸਦੀ ਤੱਕ ਟੈਕਸ ਦੀ ਧਮਕੀ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ-ਪਾਕਿ ਟਕਰਾਅ ਨੂੰ



ਖਤਮ ਕਰਵਾਉਣ ਸਬੰਧੀ ਇੱਕ ਹੋਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਸਮੇਤ ਕਈ ਕੌਮਾਂਤਰੀ ਟਕਰਾਵਾਂ ਨੂੰ ਹੱਲ ਕਰਨ ਲਈ ਟੈਕਸ ਨੂੰ ਇੱਕ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਏਅਰ ਫੋਰਸ ਵਨ 'ਤੇ ਪੱਤਰਕਾਰਾਂ ਦੇ ਇੱਕ ਸਮੂਹ ਨਾਲ ਗੱਲਬਾਤ ਕਰਦਿਆਂ ਇਹ ਟਿੱਪਣੀਆਂ ਕੀਤੀਆਂ।

ਟਰੰਪ ਨੇ ਕਿਹਾ, "ਮੈਂ ਕੁਝ ਜੰਗਾਂ

**■ ਟਰੰਪ ਨੇ ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤੀਆਂ ਟਿੱਪਣੀਆਂ**

ਨੂੰ ਸਿਰਫ਼ ਟੈਕਸ ਦੇ ਆਧਾਰ 'ਤੇ ਹੱਲ ਕੀਤਾ। ਉਦਾਹਰਨ ਲਈ ਭਾਰਤ ਅਤੇ ਪਾਕਿਸਤਾਨ ਵਿਚਕਾਰ, ਮੈਂ ਕਿਹਾ, ਜੇ ਤੁਸੀਂ ਲੋਕ ਜੰਗ ਲੜਨਾ ਚਾਹੁੰਦੇ ਹੋ ਅਤੇ ਤੁਹਾਡੇ ਕੋਲ ਪ੍ਰਮਾਣੂ ਹਥਿਆਰ ਹਨ, ਤਾਂ ਮੈਂ ਤੁਹਾਡੇ ਦੋਵਾਂ 'ਤੇ ਵੱਡੇ ਟੈਰਿਫ ਲਗਾਵਾਂਗਾ, ਜਿਵੇਂ ਕਿ 100 ਫੀਸਦੀ, 150 ਫੀਸਦੀ, ਅਤੇ 200 ਫੀਸਦੀ।"

ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੀ ਦੋਵਾਂ ਦੇਸ਼ਾਂ 'ਤੇ ਵੱਡੇ ਟੈਕਸ ਲਗਾਉਣ ਦੀ ਧਮਕੀ ਨੇ ਸਥਿਤੀ ਨੂੰ ਤੇਜ਼ੀ ਨਾਲ ਕਾਬੂ ਹੇਠ ਕਰ ਲਿਆ।

ਉਨ੍ਹਾਂ ਅੱਗੇ ਕਿਹਾ, "ਮੈਂ ਕਿਹਾ ਕਿ ਮੈਂ ਟੈਕਸ ਲਗਾ ਰਿਹਾ ਹਾਂ। ਮੈਂ ਉਹ ਚੀਜ਼ 24 ਘੰਟਿਆਂ ਵਿਚ ਹੱਲ ਕਰ ਦਿੱਤੀ ਸੀ। ਜੇ ਮੇਰੇ ਕੋਲ ਟੈਕਸ ਨਾ ਹੁੰਦੇ, ਤਾਂ ਤੁਸੀਂ ਉਹ ਜੰਗ ਕਦੇ ਵੀ ਹੱਲ ਨਹੀਂ ਕਰ ਸਕਦੇ ਸੀ।"

ਟਰੰਪ ਨੇ ਇੱਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਦਰਮਿਆਨ ਸ਼ਾਂਤੀ ਕਰਵਾਉਣ ਦੇ ਆਪਣੇ ਦਾਅਵਿਆਂ ਨੂੰ ਦੁਹਰਾਇਆ, ਜਿਸ ਬਾਰੇ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਦਖਲ ਨਾਲ ਹੱਲ ਹੋਇਆ ਸੀ। ਟਰੰਪ ਨੇ 9 ਅਕਤੂਬਰ ਨੂੰ ਇੱਕ ਇੰਟਰਵਿਊ ਦੌਰਾਨ ਵੀ ਅਜਿਹੀਆਂ ਟਿੱਪਣੀਆਂ ਕੀਤੀਆਂ ਸਨ।

# ਬ੍ਰਿਟਿਸ਼ ਵੀਜ਼ੇ ਲਈ ਅੰਗਰੇਜ਼ੀ ਭਾਸ਼ਾ ਦਾ ਟੈਸਟ ਹੋਵੇਗਾ ਹੋਰ ਵੀ ਮੁਸ਼ਕਿਲ

**ਲੰਡਨ, (ਪੰਜਾਬ ਮੇਲ)-** ਬ੍ਰਿਟਿਸ਼ ਸਰਕਾਰ ਨੇ ਮੰਗਲਵਾਰ ਨੂੰ ਭਾਰਤ ਅਤੇ ਹੋਰ ਦੇਸ਼ਾਂ ਦੇ ਵੀਜ਼ਾ ਬਿਨੈਕਾਰਾਂ ਲਈ ਲਾਜ਼ਮੀ ਅੰਗਰੇਜ਼ੀ ਭਾਸ਼ਾ ਟੈਸਟ ਨੂੰ ਹੋਰ ਵੀ ਮੁਸ਼ਕਿਲ ਬਣਾਉਣ ਲਈ ਸ਼ਰਤਾਂ ਪੇਸ਼ ਕੀਤੀਆਂ। ਇਹ ਪ੍ਰਸਤਾਵ ਸੰਸਦ ਵਿਚ ਬ੍ਰਿਟੇਨ 'ਚ ਵਧ ਰਹੇ ਇਮੀਗ੍ਰੇਸ਼ਨ 'ਤੇ ਇਕ ਵਿਆਪਕ ਕਾਰਵਾਈ ਦੇ ਹਿੱਸੇ ਵਜੋਂ ਪੇਸ਼ ਕੀਤਾ ਗਿਆ। ਨਵਾਂ ਅੰਗਰੇਜ਼ੀ ਭਾਸ਼ਾ ਟੈਸਟ ਯੂ.ਕੇ. ਦੇ ਗ੍ਰਹਿ ਦਫ਼ਤਰ ਦੁਆਰਾ ਕਰਵਾਇਆ ਜਾਵੇਗਾ। 8 ਜਨਵਰੀ 2026 ਤੋਂ ਸਾਰੇ ਹੁਨਰਮੰਦ ਕਾਮਿਆਂ ਲਈ ਆਉਣ ਵਾਲੀ ਵੀਜ਼ਾ ਅਰਜ਼ੀ ਪ੍ਰਕਿਰਿਆ ਦੇ ਹਿੱਸੇ ਵਜੋਂ ਨਤੀਜਿਆਂ ਦੀ ਪੁਸ਼ਟੀ ਕੀਤੀ ਜਾਵੇਗੀ। ਵੀਜ਼ਾ ਬਿਨੈਕਾਰਾਂ ਕੋਲ ਏ-ਲੈਵਲ ਜਾਂ ਗ੍ਰੇਡ 12 ਦੇ ਬਰਾਬਰ ਅੰਗਰੇਜ਼ੀ ਬੋਲਣ, ਸੁਣਨ, ਪੜ੍ਹਨ ਅਤੇ ਲਿਖਣ ਦਾ ਪੱਧਰ ਹੋਣਾ ਚਾਹੀਦਾ ਹੈ, ਜਿਸ ਨੂੰ ਲੈਵਲ ਬੀ2 ਵਜੋਂ ਜਾਣਿਆ ਜਾਂਦਾ ਹੈ।

# ਟਰੰਪ ਵੱਲੋਂ ਅਮਰੀਕੀ ਫੌਜੀਆਂ ਨੂੰ ਭੁਗਤਾਨ ਕਰਨ ਲਈ ਨਿਰਦੇਸ਼ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਨੀਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਰੱਖਿਆ ਵਿਭਾਗ ਨੂੰ ਅਮਰੀਕੀ ਫੌਜੀਆਂ ਨੂੰ ਭੁਗਤਾਨ ਕਰਨ ਲਈ "ਸਾਰੇ ਉਪਲਬਧ ਫੰਡਾਂ" ਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ ਹਨ, ਭਾਵੇਂ ਕਿ ਸਰਕਾਰੀ ਫੰਡਿੰਗ ਫ੍ਰੀਜ਼ ਹੋਈ ਹੈ।

ਟਰੰਪ ਨੇ ਕਿਹਾ ਕਿ ਇਹ ਇੱਕ ਥੋੜ੍ਹੇ ਸਮੇਂ ਦਾ ਉਪਾਅ ਹੈ, ਜੋ ਲੱਖਾਂ ਸੰਘੀ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

**■ ਕਿਹਾ: ਸਰਕਾਰੀ ਫੰਡਿੰਗ ਫ੍ਰੀਜ਼ ਦੇ ਬਾਵਜੂਦ "ਸਾਰੇ ਉਪਲਬਧ ਫੰਡਾਂ" ਦੀ ਕਰੋ ਵਰਤੋਂ**

ਇੱਕ ਸੋਸ਼ਲ ਮੀਡੀਆ ਪੋਸਟ ਵਿਚ, ਰਾਸ਼ਟਰਪਤੀ ਨੇ ਕਿਹਾ ਕਿ ਉਹ ਕਾਰਵਾਈ ਕਰ ਰਹੇ ਹਨ ਕਿਉਂਕਿ ਨਹੀਂ ਤਾਂ "ਸਾਡੇ ਬਹਾਦਰ ਫੌਜੀਆਂ ਨੂੰ 15 ਅਕਤੂਬਰ ਨੂੰ ਆਪਣੀ ਤਨਖਾਹ ਨਹੀਂ ਮਿਲੇਗੀ, ਜਿਵੇਂ ਕਿ ਨਿਰਧਾਰਤ ਕੀਤਾ ਗਿਆ ਹੈ।" ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ, ਟਰੰਪ ਨੇ ਕਿਹਾ ਕਿ ਉਹ ਕਮਾਂਡਰ-ਇਨ-ਚੀਫ਼ ਵਜੋਂ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਰੱਖਿਆ ਸਕੱਤਰ ਪੀਟ ਹੇਗਸੇਥ ਨੂੰ "ਸਾਰੇ ਉਪਲਬਧ ਫੰਡਾਂ ਦੀ ਵਰਤੋਂ ਰਾਹੀਂ ਫੌਜੀਆਂ ਨੂੰ 15 ਅਕਤੂਬਰ ਨੂੰ ਭੁਗਤਾਨ ਕਰਨਾ ਯਕੀਨੀ ਬਣਾਉਣ" ਦੇ ਨਿਰਦੇਸ਼ ਦੇ ਰਹੇ ਹਨ। ਸਰਕਾਰੀ ਬੰਦ ਕਾਰਨ ਸਰਕਾਰੀ ਕੰਮਕਾਜ ਠੱਪ ਹੋਣ ਤੋਂ ਬਾਅਦ, 1 ਅਕਤੂਬਰ ਨੂੰ ਸੰਘੀ ਬਜਟ ਚੱਕਰ ਦੀ ਸ਼ੁਰੂਆਤ 'ਤੇ ਸਰਕਾਰੀ ਫੰਡਿੰਗ ਨੂੰ ਰੋਕਣ ਤੋਂ ਬਾਅਦ, ਅਮਰੀਕੀ ਫੌਜੀ ਕਰਮਚਾਰੀਆਂ ਨੂੰ ਆਪਣੀ ਅਗਲੀ ਤਨਖਾਹ ਨਾ ਮਿਲਣ ਦਾ ਖ਼ਤਰਾ ਸੀ। ਅਮਰੀਕਾ ਵਿਚ ਲਗਭਗ 1.3 ਮਿਲੀਅਨ ਸਰਗਰਮ-ਡਿਊਟੀ ਫੌਜੀ ਕਰਮਚਾਰੀ ਹਨ ਅਤੇ ਤਨਖਾਹਾਂ ਗੁਆਉਣ ਦੀ ਸੰਭਾਵਨਾ ਕੈਪੀਟਲ ਹਿੱਲ 'ਤੇ ਕਾਨੂੰਨ ਨਿਰਮਾਤਾਵਾਂ ਵਿਚ ਚਰਚਾ ਦਾ ਇੱਕ ਮੁੱਖ ਵਿਸ਼ਾ ਰਹੀ ਹੈ ਕਿਉਂਕਿ ਉਹ ਬੰਦ ਦੇ ਨਕਾਰਾਤਮਕ ਪ੍ਰਭਾਵ 'ਤੇ ਬਹਿਸ ਕਰ ਰਹੇ ਸਨ।




# ਆਮਦਨ ਤੋਂ ਵੱਧ ਜਾਇਦਾਦ ਮਾਮਲਾ: ਮਜੀਠੀਆ ਨੂੰ ਨਹੀਂ ਮਿਲੀ ਜ਼ਮਾਨਤ

**ਚੰਡੀਗੜ੍ਹ, (ਪੰਜਾਬ ਮੇਲ)-** ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ



ਜਾਇਦਾਦ ਮਾਮਲੇ ਵਿਚ ਰੈਗੂਲਰ ਜ਼ਮਾਨਤ ਨਹੀਂ ਮਿਲ ਸਕੀ। ਸੁਣਵਾਈ ਦੌਰਾਨ ਵਿਜੀਲੈਂਸ ਬਿਊਰੋ ਵੱਲੋਂ ਇਸ ਮਾਮਲੇ ਵਿਚ ਜਵਾਬ ਦੇਣ ਲਈ ਸਮੇਂ ਦੀ ਮੰਗ ਕੀਤੀ ਗਈ। ਇਸ 'ਤੇ ਹਾਈ ਕੋਰਟ ਨੇ ਸਰਕਾਰ ਨੂੰ ਕਿਹਾ, ਤੁਹਾਨੂੰ ਕਿਹਾ ਸੀ ਕਿ ਸੁਣਵਾਈ ਤੋਂ ਪਹਿਲਾਂ ਜਵਾਬ ਦਾਖ਼ਲ ਕੀਤਾ ਜਾਵੇ ਤਾਂ ਕਿਉਂ ਹੁਣ ਤੱਕ ਜਵਾਬ ਦਾਖ਼ਲ ਨਹੀਂ ਕੀਤਾ। ਹਾਈ ਕੋਰਟ ਨੇ ਕਿਹਾ, ਤੁਸੀਂ ਚਾਲਾਨ ਪੇਸ਼ ਕਰ ਚੁੱਕੇ ਹੋ, ਹੁਣ ਤੁਹਾਡੇ ਜਵਾਬ ਦੀ ਕੋਈ ਲੋੜ ਵੀ ਨਹੀਂ ਹੈ। ਕੋਰਟ ਨੇ ਸਾਫ਼ ਕਰ ਦਿੱਤਾ ਕਿ 29 ਅਕਤੂਬਰ ਨੂੰ ਮਾਮਲੇ ਵਿਚ ਮੈਰਿਟ

**■ ਵਿਜੀਲੈਂਸ ਨੇ ਜਵਾਬ ਦੇਣ ਲਈ ਮੰਗਿਆ ਸਮਾਂ**

ਦੇ ਆਧਾਰ 'ਤੇ ਸੁਣਵਾਈ ਸ਼ੁਰੂ ਕਰ ਦਿੱਤੀ ਜਾਵੇਗੀ। 6 ਜੁਲਾਈ ਤੋਂ ਨਵੀਂ ਨਾਭਾ ਜੇਲ੍ਹ ਵਿਚ ਬੰਦ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਕਥਿਤ ਤੌਰ 'ਤੇ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਜੀਠੀਆ ਨੇ ਗ੍ਰਿਫ਼ਤਾਰੀ ਨੂੰ ਨਾਜਾਇਜ਼ ਦੱਸਦੇ ਹੋਏ ਹਾਈ ਕੋਰਟ ਵਿਚ ਰਾਹਤ ਦੀ ਅਪੀਲ ਕੀਤੀ ਸੀ। ਪਟੀਸ਼ਨ ਵਿਚ ਮਜੀਠੀਆ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਖ਼ਿਲਾਫ਼ ਦਰਜ ਐੱਫ.ਆਈ.ਆਰ. ਸਿਆਸੀ ਬਦਲਾਖ਼ੋਰੀ ਦਾ ਨਤੀਜਾ ਹੈ। ਉਨ੍ਹਾਂ ਨੇ ਇਸ ਨੂੰ ਸਰਕਾਰ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੱਸਿਆ। ਮਜੀਠੀਆ ਦੇ ਮੁਤਾਬਕ, ਉਹ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਦੇ ਕੱਟੜ ਆਲੋਚਕ ਰਹੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਬਣਾਇਆ ਗਿਆ। ਮਜੀਠੀਆ ਨੇ ਆਪਣੀ ਪਟੀਸ਼ਨ ਵਿਚ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਵੇਰੇ 9 ਵਜੇ ਉਨ੍ਹਾਂ ਦੇ ਘਰ ਤੋਂ ਹਿਰਾਸਤ ਵਿਚ ਲਿਆ ਗਿਆ ਸੀ, ਜਦਕਿ ਉਨ੍ਹਾਂ ਦੀ ਰਸਮੀ ਗ੍ਰਿਫ਼ਤਾਰੀ 11.20 ਵਜੇ ਦਿਖਾਈ ਗਈ। ਇਸ ਅੰਤਰ ਨੂੰ ਉਨ੍ਹਾਂ ਨੇ ਗ਼ੈਰ-ਕਾਨੂੰਨੀ ਹਿਰਾਸਤ ਦੱਸਿਆ ਅਤੇ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 22(2) ਅਤੇ ਭਾਰਤੀ ਨਾਗਰਿਕ ਸੁਰੱਖਿਆ ਕੋਡ (ਪਹਿਲਾਂ ਸੀ.ਆਰ.ਪੀ.ਸੀ. ਦੀ ਧਾਰਾ 167) ਦੀ ਉਲੰਘਣਾ ਹੈ, ਜਿਸ ਤਹਿਤ ਕਿਸੇ ਵੀ ਗ੍ਰਿਫ਼ਤਾਰ ਵਿਅਕਤੀ ਨੂੰ 24 ਘੰਟੇ ਦੇ ਅੰਦਰ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨਾ ਲਾਜ਼ਮੀ ਹੈ।

# ਡਬਲਯੂ.ਐੱਚ.ਓ. ਵੱਲੋਂ 3 ਕਫ ਸਿਰਪ ਨੂੰ ਲੈ ਕੇ ਚਿਤਾਵਨੀ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਸੋਮਵਾਰ ਨੂੰ ਜ਼ਹਿਰੀਲੇ ਖੰਘ ਦੇ ਸਿਰਪਾਂ ਬਾਰੇ ਸਲਾਹ ਜਾਰੀ ਕੀਤੀ। ਇਸ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੇਸ਼ਾਂ ਵਿਚ ਇਨ੍ਹਾਂ ਦਵਾਈਆਂ ਦੀ ਸੂਚਨਾ ਸਿਹਤ ਏਜੰਸੀ ਨੂੰ ਦੇਣ।

ਦਰਅਸਲ, ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਵਿਚ ਕੋਲਡਰਿਫ ਸਿਰਪ ਦਾ ਸੇਵਨ ਕਰਨ ਤੋਂ ਬਾਅਦ 23

**■ ਡਬਲਯੂ.ਐੱਚ.ਓ. ਨੇ ਛਿੰਦਵਾੜਾ 'ਚ ਬੱਚਿਆਂ ਦੀ ਮੌਤ 'ਤੇ ਲਿਆ ਸਖ਼ਤ ਨੋਟਿਸ**

ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਭਾਰਤ ਦੀਆਂ ਕਈ ਰਾਜ ਸਰਕਾਰਾਂ ਨੇ ਕਫ ਸਿਰਪ 'ਤੇ ਪਾਬੰਦੀ ਲਗਾ ਦਿੱਤੀ ਹੈ। ਡਬਲਯੂ.ਐੱਚ.ਓ. ਨੇ ਵੀ ਕਫ ਸਿਰਫ ਨੂੰ ਲੈ ਕੇ ਨੋਟਿਸ ਲਿਆ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਪ੍ਰਭਾਵਿਤ ਦਵਾਈਆਂ ਸ਼੍ਰੀਸਨ ਫਾਰਮਾਸਿਊਟੀਕਲਜ਼ ਤੋਂ ਕੋਲਡਰਿਫ, ਰੈੱਡਨੇਕਸ ਫਾਰਮਾਸਿਊਟੀਕਲਜ਼ ਤੋਂ ਰੈਸਪੀਫ੍ਰੈਸ਼ ਟੀਆਰ ਅਤੇ ਸ਼ੇਪ ਫਾਰਮਾ ਤੋਂ ਰੀਲਾਈਫ ਦੇ ਖਾਸ ਬੈਚ ਹਨ।

# ਪੰਜਾਬ ਕੈਬਨਿਟ ਵੱਲੋਂ ਫ਼ਸਲਾਂ ਲਈ 20 ਹਜ਼ਾਰ ਅਤੇ ਘਰਾਂ ਲਈ 40 ਹਜ਼ਾਰ ਰੁਪਏ ਮੁਆਵਜ਼ੇ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਕਿਸਾਨਾਂ ਅਤੇ ਆਮ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਕਈ ਮਹੱਤਵਪੂਰਨ ਫੈਸਲੇ ਲਏ। ਮੀਟਿੰਗ ਵਿਚ ਹੜ੍ਹਾਂ ਕਾਰਨ ਹੋਏ ਫਸਲਾਂ ਦੇ ਨੁਕਸਾਨ ਲਈ ਮੁਆਵਜ਼ਾ ਵਧਾ ਕੇ 20,000 ਰੁਪਏ ਪ੍ਰਤੀ ਏਕੜ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਹੜ੍ਹਾਂ ਨਾਲ ਨੁਕਸਾਨੇ ਗਏ ਘਰਾਂ ਲਈ ਪ੍ਰਤੀ ਘਰ 40,000 ਰੁਪਏ ਦੇਣ ਦਾ ਫੈਸਲਾ ਕੀਤਾ ਗਿਆ।

ਸਹਿਕਾਰੀ ਸਭਾਵਾਂ, ਰਿਹਾਇਸ਼ੀ ਪ੍ਰੋਜੈਕਟਾਂ, ਜੇਲ੍ਹ ਸੁਰੱਖਿਆ ਅਤੇ ਓ.ਐੱਸ.ਡੀ. (ਮੁਕੱਦਮੇਬਾਜ਼ੀ) ਨਾਲ ਸਬੰਧਤ ਕਈ ਹੋਰ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਸ ਸਾਲ ਰਾਜ ਵਿਚ ਭਾਰੀ ਬਾਰਸ਼ਾਂ ਅਤੇ ਹੜ੍ਹਾਂ ਕਾਰਨ ਫਸਲਾਂ ਦਾ ਕਾਫ਼ੀ ਨੁਕਸਾਨ ਹੋਇਆ।

ਨਵੀਂ ਨੀਤੀ ਦੇ ਤਹਿਤ, 26 ਤੋਂ 75 ਪ੍ਰਤੀਸ਼ਤ ਫਸਲਾਂ ਦੇ ਨੁਕਸਾਨ ਲਈ 10,000 ਰੁਪਏ ਪ੍ਰਤੀ ਏਕੜ ਅਤੇ 76 ਤੋਂ 100 ਪ੍ਰਤੀਸ਼ਤ ਫਸਲਾਂ ਦੇ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਵੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ।

ਪਹਿਲਾਂ, ਇਹ ਰਕਮ ਸਿਰਫ 6,500 ਰੁਪਏ ਪ੍ਰਤੀ ਏਕੜ ਸੀ। ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਐੱਸ.ਡੀ.ਆਰ.ਐੱਫ. ਰਕਮ ਵਿਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਵਾਧੂ ਰਕਮ ਸੂਬਾ ਸਰਕਾਰ ਆਪਣੇ ਬਜਟ ਵਿਚੋਂ ਸਹਿਣ ਕਰੇਗੀ।

ਇਸ ਤੋਂ ਇਲਾਵਾ ਮੀਟਿੰਗ ਵਿਚ ਪੰਜਾਬ ਮਾਈਨਰ ਮਿਨਰਲਜ਼ ਰੂਲਜ਼, 2013 ਵਿਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ। ਹੁਣ ਪ੍ਰੋਸੈਸਡ ਜਾਂ ਅਣਪ੍ਰੋਸੈਸਡ ਮਾਈਨਰ ਮਿਨਰਲਜ਼ ਲੈ ਕੇ ਜਾਣ ਵਾਲੇ ਸੂਬੇ ਵਿਚ ਦਾਖਲ ਹੋਣ ਵਾਲੇ ਵਾਹਨਾਂ 'ਤੇ ਇੱਕ ਫੀਸ ਲਗਾਈ ਜਾਵੇਗੀ।

ਜੇਲ੍ਹ ਸੁਰੱਖਿਆ ਵਧਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ, ਜੇਲ੍ਹ ਵਿਭਾਗ ਨੂੰ ਜਲਦੀ ਹੀ ਬੀ.ਐੱਸ.ਐੱਫ. ਅਤੇ ਸੀ.ਆਰ.ਪੀ.ਐੱਫ. ਤੋਂ ਛੇ ਸਿਖਲਾਈ ਪ੍ਰਾਪਤ ਕੁੱਤੇ ਮਿਲਣਗੇ। ਇਨ੍ਹਾਂ ਦੀ ਵਰਤੋਂ ਮੁਲਾਕਾਤੀਆਂ ਦੀ ਭਾਲ ਕਰਨ, ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਅਤੇ ਜੇਲ੍ਹਾਂ ਵਿਚ ਅਪਰਾਧ ਨੂੰ ਕੰਟਰੋਲ ਕਰਨ ਲਈ ਕੀਤੀ ਜਾਵੇਗੀ।

ਕੈਬਨਿਟ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਦਾ ਹਰ ਫੈਸਲਾ ਜਨਤਕ ਹਿੱਤ ਅਤੇ ਕਿਸਾਨਾਂ ਦੇ ਹਿੱਤ ਵਿਚ ਹੈ। ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਹਰ ਪਰਿਵਾਰ ਨੂੰ ਤੁਰੰਤ ਰਾਹਤ ਪ੍ਰਦਾਨ ਕਰਨਾ ਉਨ੍ਹਾਂ ਦੀ ਤਰਜੀਹ ਹੈ। ਇਹ ਯਕੀਨੀ ਬਣਾਉਣਾ ਸਾਡੀ ਤਰਜੀਹ ਹੈ ਕਿ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਬਿਨਾਂ ਦੇਰੀ ਸਹਾਇਤਾ ਮਿਲੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**


Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸਰਕਾਰੀ ਸ਼ਟਡਾਊਨ : ਟਰੰਪ ਪ੍ਰਸ਼ਾਸਨ ਵੱਲੋਂ ਸੰਘੀ ਕਰਮਚਾਰੀਆਂ ਦੀ ਸਮੂਹਿਕ ਛਾਂਟੀ ਦਾ ਐਲਾਨ

**ਵਾਸ਼ਿੰਗਟਨ, ਡੀ.ਸੀ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸ਼ਨ ਵੱਲੋਂ ਲਏ ਗਏ ਇਕ ਸਖ਼ਤ ਫ਼ੈਸਲੇ ਮਗਰੋਂ ਅਮਰੀਕਾ ਦੇ ਫੈਡਰਲ (ਸੰਘੀ) ਕਰਮਚਾਰੀਆਂ ਦੀ ਵੱਡੀ ਛਾਂਟੀ ਸ਼ੁਰੂ ਹੋ ਗਈ ਹੈ। ਇਸ ਕਦਮ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸ਼ਾਸਨਿਕ ਟੀਮ ਨੇ ਡੈਮੋਕ੍ਰੈਟਿਕ ਪਾਰਟੀ 'ਤੇ ਦਬਾਅ ਹੋਰ ਵਧਾ ਦਿੱਤਾ ਹੈ।



ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਜਾਰੀ ਬਿਆਨ ਵਿਚ ਕਿਹਾ, "ਇਹ ਕਦਮ ਮੁਸ਼ਕਲ ਜ਼ਰੂਰ ਹੈ ਪਰ ਦੇਸ਼ ਨੂੰ ਫਜ਼ੂਲ ਰਾਜਨੀਤਿਕ ਖ਼ਰਚਿਆਂ ਅਤੇ ਬੇਕਾਰ ਪ੍ਰਸ਼ਾਸਨਿਕ ਢਾਂਚੇ ਤੋਂ ਮੁਕਤ ਕਰਨਾ ਲਾਜ਼ਮੀ ਹੈ। ਸਾਨੂੰ ਉਹੀ ਸਰਕਾਰ ਚਾਹੀਦੀ ਹੈ, ਜੋ ਦੇਸ਼ ਦੇ ਲੋਕਾਂ ਦੀ ਸੇਵਾ ਕਰੇ, ਨਾ ਕਿ ਆਪਣੇ ਆਪ ਨੂੰ ਸੰਭਾਲਣ ਲਈ ਟੈਕਸ ਦਾਤਾ ਦੇ ਪੈਸੇ ਉਜਾੜੇ।"

ਇਸ ਛਾਂਟੀ ਦੀ ਲਹਿਰ ਨਾਲ ਸਿੱਖਿਆ, ਹੋਮਲੈਂਡ ਸਿਕਿਉਰਟੀ, ਟ੍ਰਾਂਸਪੋਰਟੇਸ਼ਨ, ਖੇਤੀਬਾੜੀ, ਸਿਹਤ, ਨਿਆਂ ਅਤੇ ਐਨਰਜੀ ਵਿਭਾਗ ਸਮੇਤ ਕਈ ਅਹਿਮ ਫੈਡਰਲ ਏਜੰਸੀਆਂ ਪ੍ਰਭਾਵਿਤ ਹੋਈਆਂ ਹਨ। ਹਜ਼ਾਰਾਂ ਕਰਮਚਾਰੀਆਂ ਨੂੰ ਫਰਲੋ ਨੋਟਿਸ ਮਿਲ ਚੁੱਕੇ ਹਨ, ਜਦਕਿ ਕਈਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਨ੍ਹਾਂ ਦੀਆਂ ਨੌਕਰੀਆਂ ਸ਼ਟਡਾਊਨ ਖ਼ਤਮ ਹੋਣ ਤੋਂ ਬਾਅਦ ਵੀ ਮੁੜ ਨਹੀਂ ਮਿਲਣਗੀਆਂ।

ਵ੍ਹਾਈਟ ਹਾਊਸ ਅਧਿਕਾਰੀਆਂ ਦੇ ਅਨੁਸਾਰ, ਲਗਭਗ ਦੋ ਮਿਲੀਅਨ ਫੈਡਰਲ ਕਰਮਚਾਰੀਆਂ ਦੀ ਤਨਖਾਹ ਅਗਲੇ ਨੋਟਿਸ ਤੱਕ ਰੁਕ ਜਾਵੇਗੀ, ਜਿਸ ਨਾਲ ਦੇਸ਼-ਪੱਧਰੀ ਵਿੱਤੀ ਤਣਾਅ ਵੱਧਣ ਦੀ ਸੰਭਾਵਨਾ ਹੈ। ਕਈ ਪਰਿਵਾਰ, ਖ਼ਾਸਕਰ ਮੱਧ ਵਰਗ ਅਤੇ ਰਿਟਾਇਰਮੈਂਟ ਉਮਰ ਦੇ ਕਰਮਚਾਰੀ, ਆਪਣੀ ਆਰਥਿਕ ਸੁਰੱਖਿਆ ਲਈ ਚਿੰਤਤ ਹਨ।

ਯੂਨੀਅਨ ਆਗੂਆਂ ਨੇ ਇਸ ਕਦਮ ਨੂੰ "ਅਣਸੁਣੀ ਤੇ ਖਤਰਨਾਕ ਰਾਜਨੀਤਿਕ ਜੰਗ" ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਲੋਕਾਂ ਦੀ ਜ਼ਿੰਦਗੀ ਨੂੰ ਦਬਾਅ ਦੇ ਹਥਿਆਰ ਵਜੋਂ ਵਰਤ ਰਹੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਛਾਂਟੀ ਦੀ ਲਹਿਰ ਜਾਰੀ ਰਹੀ, ਤਾਂ ਸਰਕਾਰੀ ਢਾਂਚੇ ਦੀ ਕਾਰਗੁਜ਼ਾਰੀ ਠੱਪ ਹੋ ਸਕਦੀ ਹੈ।

ਸਰਕਾਰੀ ਸੇਵਾਵਾਂ ਦਾ ਪ੍ਰਭਾਵ ਹੁਣ ਦੇਸ਼ ਭਰ ਵਿਚ ਸਾਫ਼ ਨਜ਼ਰ ਆ ਰਿਹਾ ਹੈ — ਹਵਾਈ ਅੱਡਿਆਂ 'ਤੇ ਸੁਰੱਖਿਆ ਕਰਮਚਾਰੀਆਂ ਦੀ ਘਾਟ ਕਾਰਨ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ, ਪੋਸਟਲ ਸੇਵਾ ਦੇਰੀ ਨਾਲ ਚੱਲ ਰਹੀ ਹੈ, ਸਿੱਖਿਆ ਵਿਭਾਗ ਦੇ ਕਈ ਪ੍ਰੋਗਰਾਮ ਰੁੱਕ ਗਏ ਹਨ, ਤੇ ਖੇਤੀਬਾੜੀ ਸਹਾਇਤਾ ਯੋਜਨਾਵਾਂ ਮੁਅੱਤਲ ਹੋ ਗਈਆਂ ਹਨ।

ਟਰੰਪ ਨੇ ਆਪਣੇ ਬਿਆਨ ਵਿਚ ਕਿਹਾ ਕਿ "ਅਸੀਂ ਪਿੱਛੇ ਨਹੀਂ ਹਟਾਂਗੇ। ਜੇ ਡੈਮੋਕ੍ਰੈਟਸ ਵਾਸਤਵ ਵਿਚ ਦੇਸ਼ ਦੀ ਚਿੰਤਾ ਕਰਦੇ ਹਨ, ਤਾਂ ਉਹ ਰੁਕਾਵਟਾਂ ਦੂਰ ਕਰਨ ਲਈ ਅੱਗੇ ਆਉਣ। ਸਰਕਾਰ ਚਲਾਉਣਾ ਰਾਜਨੀਤਿਕ ਖੇਡ ਨਹੀਂ, ਲੋਕਾਂ ਦੀ ਜ਼ਿੰਮੇਵਾਰੀ ਹੈ।"

ਡੈਮੋਕ੍ਰੈਟਿਕ ਨੇਤਾਵਾਂ ਨੇ ਇਸ ਕਦਮ ਨੂੰ "ਰਾਜਨੀਤਿਕ ਬਦਲੇ ਦੀ ਕਾਰਵਾਈ" ਦੱਸਦੇ ਹੋਏ ਕਿਹਾ ਹੈ ਕਿ ਟਰੰਪ ਨੇ ਹਜ਼ਾਰਾਂ ਪਰਿਵਾਰਾਂ ਨੂੰ ਅਨਿਸ਼ਚਿਤਤਾ 'ਚ ਧੱਕ ਦਿੱਤਾ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਤੁਰੰਤ ਸ਼ਟਡਾਊਨ ਖ਼ਤਮ ਕਰਕੇ ਵਾਰਤਾਵਾਂ ਮੁੜ ਸ਼ੁਰੂ ਕਰੇ।

ਵਾਸ਼ਿੰਗਟਨ ਦਾ ਮਾਹੌਲ ਇਸ ਸਮੇਂ ਤਣਾਅ ਨਾਲ ਭਰਪੂਰ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਇਹ ਸੰਕਟ ਹੋਰ ਲੰਮਾ ਚੱਲਦਾ ਹੈ, ਤਾਂ ਅਮਰੀਕੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਲੋਕਾਂ ਦਾ ਭਰੋਸਾ ਸਰਕਾਰੀ ਪ੍ਰਣਾਲੀ 'ਤੇ ਘੱਟ ਸਕਦਾ ਹੈ। ਹੁਣ ਸਿਰਫ਼ ਸਰਕਾਰ ਹੀ ਨਹੀਂ, ਸਗੋਂ ਲੱਖਾਂ ਪਰਿਵਾਰਾਂ ਦੀ ਜ਼ਿੰਦਗੀ ਵੀ ਠੱਪ ਹੋ ਚੁੱਕੀ ਹੈ।

## ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਪ੍ਰੋਸਟੇਟ ਕੈਂਸਰ ਤੋਂ ਪੀੜਤ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਪ੍ਰੋਸਟੇਟ ਕੈਂਸਰ ਤੋਂ ਪੀੜਤ ਹਨ। ਉਹ ਇਸ ਬਿਮਾਰੀ ਦੇ ਇਲਾਜ ਲਈ ਰੇਡੀਏਸ਼ਨ ਅਤੇ ਹਾਰਮੋਨ ਥੈਰੇਪੀ ਕਰਵਾ ਰਹੇ ਹਨ, ਇੱਕ ਬੁਲਾਰੇ ਨੇ ਸ਼ਨੀਵਾਰ ਨੂੰ ਐਲਾਨ ਕੀਤਾ। ਰਾਸ਼ਟਰਪਤੀ ਅਹੁਦੇ ਤੋਂ ਹਟਣ ਤੋਂ ਬਾਅਦ ਬਾਇਡਨ ਨੂੰ ਇਸ ਬਿਮਾਰੀ ਦਾ ਪਤਾ ਲੱਗਿਆ।



ਬਾਇਡਨ ਦੇ ਸਹਾਇਕ, ਕੈਲੀ ਸਕਲੀ ਨੇ ਕਿਹਾ, "ਰਾਸ਼ਟਰਪਤੀ ਬਾਇਡਨ ਇਸ ਸਮੇਂ ਆਪਣੀ ਪ੍ਰੋਸਟੇਟ ਕੈਂਸਰ ਇਲਾਜ ਯੋਜਨਾ ਦੇ ਹਿੱਸੇ ਵਜੋਂ ਰੇਡੀਏਸ਼ਨ ਅਤੇ ਹਾਰਮੋਨ ਥੈਰੇਪੀ ਲੈ ਰਹੇ ਹਨ।" ਬਾਇਡਨ 82 ਸਾਲ ਦੇ ਹਨ ਅਤੇ ਜਨਵਰੀ ਵਿਚ ਰਾਸ਼ਟਰਪਤੀ ਅਹੁਦੇ ਤੋਂ ਹਟ ਗਏ ਸਨ। ਬਾਇਡਨ ਨੇ ਆਪਣੀ ਸਿਹਤ ਸਮੱਸਿਆਵਾਂ ਕਾਰਨ ਡੋਨਾਲਡ ਟਰੰਪ ਵਿਰੁੱਧ ਆਪਣੀ ਮੁੜ ਚੋਣ ਬੋਲੀ ਵਾਪਸ ਲੈ ਲਈ ਸੀ। ਟਰੰਪ ਨੇ ਉਸ ਚੋਣ ਵਿਚ ਡੈਮੋਕ੍ਰੇਟ ਕਮਲਾ ਹੈਰਿਸ ਨੂੰ ਹਰਾਇਆ। ਮਈ ਵਿਚ, ਬਾਇਡਨ ਦੇ ਰਾਸ਼ਟਰਪਤੀ ਅਹੁਦੇ ਤੋਂ ਹਟਣ ਤੋਂ ਬਾਅਦ, ਉਨ੍ਹਾਂ ਦੇ ਦਫਤਰ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਿਆ ਹੈ, ਜੋ ਉਨ੍ਹਾਂ ਦੀਆਂ ਹੱਡੀਆਂ ਵਿਚ ਫੈਲ ਗਿਆ ਸੀ। ਇਹ ਨਿਦਾਨ ਉਨ੍ਹਾਂ ਦੇ ਪਿਸ਼ਾਬ ਦੇ ਲੱਛਣਾਂ ਦੀ ਰਿਪੋਰਟ ਕਰਨ ਤੋਂ ਬਾਅਦ ਹੋਇਆ।

## ਟਰੰਪ ਵੱਲੋਂ ਰੂਸ ਨੂੰ ਯੂਕਰੇਨ ਨਾਲ ਜੰਗ ਖਤਮ ਨਾ ਕਰਨ 'ਤੇ ਚਿਤਾਵਨੀ

**ਕਿਹਾ: ਯੂਕਰੇਨ ਨੂੰ ਭੇਜ ਸਕਦੇ ਹਾਂ ਟੌਮਹੌਕ ਮਿਜ਼ਾਈਲਾਂ!**

**ਵਾਸ਼ਿੰਗਟਨ, (ਪੰਜਾਬ ਮੇਲ)-** ਇਕ ਪਾਸੇ ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗ ਰੁਕਣ ਦੇ ਆਸਾਰ ਦਿਖਣ ਲੱਗੇ ਹਨ, ਉੱਥੇ ਹੀ ਰੂਸ ਤੇ ਯੂਕਰੇਨ ਦੀ ਜੰਗ ਹਾਲੇ ਮੱਠੀ ਹੋਣ ਦਾ ਨਾਂ ਨਹੀਂ ਲੈ ਰਹੀ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਯੂਕਰੇਨ ਨਾਲ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਨੂੰ ਖ਼ਤਮ ਨਹੀਂ ਕਰਦਾ, ਤਾਂ ਅਮਰੀਕਾ ਯੂਕਰੇਨ ਨੂੰ ਲੰਬੀ ਦੂਰੀ ਦੀਆਂ ਟੌਮਹੌਕ ਮਿਜ਼ਾਈਲਾਂ ਭੇਜ ਸਕਦਾ ਹੈ।

ਟਰੰਪ ਨੇ ਇਹ ਟਿੱਪਣੀਆਂ ਇਜ਼ਰਾਈਲ ਜਾਂਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤੀਆਂ। ਉਨ੍ਹਾਂ ਕਿਹਾ, "ਮੈਂ ਕਹਾਂਗਾ ਕਿ ਜੇਕਰ ਇਹ ਜੰਗ ਖ਼ਤਮ ਨਹੀਂ ਹੁੰਦੀ, ਤਾਂ ਮੈਂ ਉਨ੍ਹਾਂ ਨੂੰ ਟੌਮਹੌਕ ਭੇਜਾਂਗਾ। ਟੌਮਹੌਕ ਇੱਕ ਸ਼ਾਨਦਾਰ ਹਥਿਆਰ ਹੈ, ਬਹੁਤ ਹੀ ਹਮਲਾਵਰ ਹਥਿਆਰ...। ਮੈਂ ਉਨ੍ਹਾਂ ਨੂੰ ਦੱਸਾਂਗਾ ਕਿ ਜੇਕਰ ਜੰਗ ਖਤਮ ਨਹੀਂ ਹੁੰਦੀ, ਤਾਂ ਅਸੀਂ ਅਜਿਹਾ ਕਰ ਸਕਦੇ ਹਾਂ।"

ਹਾਲਾਂਕਿ, ਟਰੰਪ ਨੇ ਅੱਗੇ ਕਿਹਾ, "ਇਹ ਸੰਭਵ ਹੈ ਕਿ ਅਸੀਂ ਇਹ ਨਹੀਂ ਕਰਾਂਗੇ ਅਤੇ ਇਹ ਵੀ ਸੰਭਵ ਹੈ ਕਿ ਅਸੀਂ ਕਰਾਂਗੇ। ਮੈਨੂੰ ਲੱਗਦਾ ਹੈ ਕਿ ਅਜਿਹਾ ਕੀਤਾ ਜਾਣਾ ਚਾਹੀਦਾ ਹੈ।" ਟਰੰਪ ਦੀਆਂ ਟਿੱਪਣੀਆਂ ਐਤਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਫ਼ੋਨ 'ਤੇ ਗੱਲਬਾਤ ਤੋਂ ਬਾਅਦ ਆਈਆਂ।

ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਉਸ ਗੱਲਬਾਤ ਵਿਚ ਟੌਮਹੌਕ ਮਿਜ਼ਾਈਲਾਂ ਭੇਜਣ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ, "ਟੌਮਹੌਕ ਬਹੁਤ ਹੀ ਹਮਲਾਵਰ ਮਿਜ਼ਾਈਲਾਂ ਹਨ।" ਟਰੰਪ ਦੀਆਂ ਟਿੱਪਣੀਆਂ ਰੂਸ ਵੱਲੋਂ ਰਾਤੋ-ਰਾਤ ਯੂਕਰੇਨੀ ਪਾਵਰ ਪਲਾਂਟਾਂ 'ਤੇ ਹਮਲਾ ਕਰਨ ਤੋਂ ਬਾਅਦ ਆਈਆਂ, ਜੋ ਕਿ ਸਰਦੀਆਂ ਤੋਂ ਪਹਿਲਾਂ ਯੂਕਰੇਨ ਦੇ ਊਰਜਾ ਬੁਨਿਆਦੀ ਢਾਂਚੇ ਨੂੰ ਵਿਗਾੜਨ ਦੀ ਆਪਣੀ ਮੁਹਿੰਮ ਦਾ ਹਿੱਸਾ ਹੈ।

ਇਸ ਮਗਰੋਂ ਰੂਸ ਨੇ ਅਮਰੀਕਾ ਵੱਲੋਂ ਯੂਕਰੇਨ ਨੂੰ ਟੌਮਹੌਕ ਕਰੂਜ਼ ਮਿਜ਼ਾਈਲਾਂ ਦੀ ਸਪਲਾਈ ਕਰਨ ਦੀ ਸੰਭਾਵਨਾ 'ਤੇ ਚਿੰਤਾ ਪ੍ਰਗਟ ਕੀਤੀ ਹੈ।




# ਸੰਘੀ ਅਦਾਲਤ ਵੱਲੋਂ ਨਿਖਿਲ ਗੁਪਤਾ ਦੀ ਪਟੀਸ਼ਨ ਖਾਰਜ

## ■ ਅਮਰੀਕੀ ਸਿੱਖ ਆਗੂ ਕਤਲ ਸਾਜ਼ਿਸ਼ ਮਾਮਲਾ

ਨਿਊਯਾਰਕ, (ਪੰਜਾਬ ਮੇਲ)- ਨਿਊਯਾਰਕ ਦੀ ਇੱਕ ਸੰਘੀ ਅਦਾਲਤ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਉਸ ਵਿਰੁੱਧ ਸਬੂਤਾਂ ਅਤੇ ਬਿਆਨਾਂ ਨੂੰ ਖਾਰਜ ਕਰਨ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਨੂੰ ਖਾਰਜ ਕਰਨ ਦੀ ਮੰਗ ਕੀਤੀ ਗਈ ਸੀ। ਹੁਣ ਇਹ ਮਾਮਲਾ ਮੁਕੱਦਮੇ ਵੱਲ ਵਧੇਗਾ।

ਜੱਜ ਵਿਕਟਰ ਮਾਰੇਰੋ ਨੇ 51 ਪੰਨਿਆਂ ਦੇ ਹੁਕਮ ਵਿੱਚ ਕਿਹਾ ਕਿ "ਚੈੱਕ ਗਣਰਾਜ ਅਤੇ ਸੰਯੁਕਤ ਰਾਜ ਅਮਰੀਕਾ ਦੇ ਅਧਿਕਾਰੀਆਂ ਵਿਚਕਾਰ ਕੋਈ ਸਾਂਝੀ ਕਾਰਵਾਈ ਨਹੀਂ ਹੋਈ ਸੀ" ਅਤੇ ਗੁਪਤਾ ਦੁਆਰਾ ਦਿੱਤੇ ਗਏ ਬਿਆਨ "ਸਵੈ-ਇੱਛਾ ਨਾਲ" ਦਿੱਤੇ ਗਏ ਸਨ। ਜੱਜ ਵਿਕਟਰ ਮਾਰੇਰੋ ਨੇ 51 ਪੰਨਿਆਂ ਦੇ ਹੁਕਮ ਵਿਚ ਕਿਹਾ ਕਿ "ਚੈੱਕ ਗਣਰਾਜ ਅਤੇ ਸੰਯੁਕਤ ਰਾਜ ਅਮਰੀਕਾ ਦੇ ਅਧਿਕਾਰੀਆਂ ਵਿਚਕਾਰ ਕੋਈ ਸਾਂਝੀ ਕਾਰਵਾਈ ਨਹੀਂ ਹੋਈ ਸੀ" ਅਤੇ ਗੁਪਤਾ ਦੁਆਰਾ ਦਿੱਤੇ ਗਏ ਬਿਆਨ "ਆਪਣੀ ਮਰਜ਼ੀ ਨਾਲ" ਦਿੱਤੇ ਗਏ ਸਨ।

ਜੱਜ ਵਿਕਟਰ ਮਾਰੇਰੋ ਨੇ 51 ਪੰਨਿਆਂ ਦੇ ਹੁਕਮ ਵਿਚ ਕਿਹਾ ਕਿ "ਚੈੱਕ ਗਣਰਾਜ ਅਤੇ ਸੰਯੁਕਤ ਰਾਜ ਅਮਰੀਕਾ ਦੇ ਅਧਿਕਾਰੀਆਂ ਵਿਚਕਾਰ ਕੋਈ ਸਾਂਝੀ ਕਾਰਵਾਈ ਨਹੀਂ ਹੋਈ ਸੀ" ਅਤੇ ਗੁਪਤਾ



ਦੁਆਰਾ ਦਿੱਤੇ ਗਏ ਬਿਆਨ ""ਆਪਣੀ ਮਰਜ਼ੀ ਨਾਲ" ਦਿੱਤੇ ਗਏ ਸਨ। ਗੁਪਤਾ ਨੇ ਇੱਕ ਗੁਪਤ ਸਰੋਤ ਰਾਹੀਂ ਇੱਕ ਅੰਡਰਕਵਰ ਏਜੰਟ ਨਾਲ ਸੰਪਰਕ ਕੀਤਾ, ਜੋ ਕਿ ਭਾੜੇ ਦੇ ਕਾਤਲ ਵਜੋਂ ਪੇਸ਼ ਆਇਆ ਸੀ। ਜਾਂਚ ਦੇ ਅਨੁਸਾਰ, ਨਿਊਯਾਰਕ ਵਿਚ 15,000 ਡਾਲਰ ਦਾ ਐਡਵਾਂਸ ਭੁਗਤਾਨ ਕੀਤਾ ਗਿਆ ਸੀ, ਅਤੇ ਕੁੱਲ ਸੌਦਾ 100,000 ਡਾਲਰ ਦਾ ਸੀ।

ਗੁਪਤਾ ਨੂੰ 30 ਜੂਨ, 2023 ਨੂੰ ਪ੍ਰਾਗ (ਚੈੱਕ ਗਣਰਾਜ) ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿਚ ਉਸਨੂੰ ਸੰਯੁਕਤ ਰਾਜ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਹੁਣ ਉਸ ਉੱਤੇ ਤਿੰਨ ਦੋਸ਼ ਹਨ: ਕਤਲ ਦੀ ਸਾਜ਼ਿਸ਼, ਕਤਲ ਦੇ ਲਈ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼। ਅਦਾਲਤ ਹੁਣ ਇਹ ਫੈਸਲਾ ਕਰ ਰਹੀ ਹੈ ਕਿ ਮੁਕੱਦਮੇ ਦੌਰਾਨ ਕਿਹੜੇ ਸਬੂਤ ਅਤੇ ਵੀਡੀਓ ਦਿਖਾਏ ਜਾ ਸਕਦੇ ਹਨ। ਇਸਤਗਾਸਾ ਪੱਖ ਇੱਕ ਛੋਟਾ ਵੀਡੀਓ ਪੇਸ਼ ਕਰਨਾ ਚਾਹੁੰਦਾ ਹੈ, ਜਿਸਨੂੰ "ਨਿੱਜਰ ਕਤਲ ਵੀਡੀਓ" ਕਿਹਾ ਜਾਂਦਾ ਹੈ, ਜਦੋਂ ਕਿ ਬਚਾਅ ਪੱਖ ਦਾ ਤਰਕ ਹੈ ਕਿ ਇਹ ਵੀਡੀਓ ਜਿਊਰੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਰਕਾਰ ਇਸ ਮਾਮਲੇ ਵਿਚ ਮਾਹਿਰ ਪ੍ਰੋਫੈਸਰ ਨਿਤਾਸ਼ਾ ਕੌਲ ਨੂੰ ਗਵਾਹ ਵਜੋਂ ਬੁਲਾਉਣਾ ਚਾਹੁੰਦੀ ਹੈ, ਜੋ ਇਹ ਦੱਸੇਗੀ ਕਿ ਭਾਰਤ ਸਰਕਾਰ ਸਿੱਖ ਵੱਖਵਾਦੀ ਸੰਗਠਨਾਂ ਨੂੰ ਕਿਵੇਂ ਦੇਖਦੀ ਹੈ। ਬਚਾਅ ਪੱਖ ਦਾ ਤਰਕ ਹੈ ਕਿ ਇਹ ਗਵਾਹੀ "ਰਾਜਨੀਤਿਕ ਅਤੇ ਪੱਖਪਾਤੀ" ਹੋ ਸਕਦੀ ਹੈ।

ਇਸ ਵੇਲੇ, ਅਦਾਲਤ ਦੇ ਇਸ ਫੈਸਲੇ ਨਾਲ ਅਮਰੀਕੀ ਮੁਕੱਦਮੇਬਾਜ਼ੀ ਨੂੰ ਫਾਇਦਾ ਹੋਇਆ ਹੈ, ਅਤੇ ਹੁਣ ਇਹ ਮਾਮਲਾ ਮੁਕੱਦਮੇ ਵੱਲ ਵਧ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕਾ ਵੱਲੋਂ ਈਰਾਨੀ ਤੇਲ-ਗੈਸ ਨਿਰਯਾਤ ਕਰਨ ਵਾਲੀਆਂ 50 ਕੰਪਨੀਆਂ 'ਤੇ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਈਰਾਨੀ ਊਰਜਾ ਵਿਕਰੀ ਨੂੰ ਉਤਸ਼ਾਹ ਦੇਣ ਦੇ ਦੋਸ਼ 'ਚ 50 ਤੋਂ ਵੱਧ ਸੰਸਥਾਵਾਂ, ਵਿਅਕਤੀਆਂ ਅਤੇ ਜਹਾਜ਼ਾਂ 'ਤੇ ਪਾਬੰਦੀਆਂ ਲਗਾਈਆਂ ਹਨ, ਜਿਨ੍ਹਾਂ 'ਚ 2 ਭਾਰਤੀ ਨਾਗਰਿਕ ਵੀ ਸ਼ਾਮਲ ਹਨ। ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ ਗਈ। ਇਹ ਕਦਮ ਤੇਹਰਾਨ ਦੀ 'ਊਰਜਾ ਨਿਰਯਾਤ ਪ੍ਰਣਾਲੀ ਦੇ ਪ੍ਰਮੁੱਖ ਤੱਤਾਂ ਨੂੰ ਖ਼ਤਮ' ਕਰਨ ਦੇ ਮਕਸਦ ਨਾਲ ਚੁੱਕਿਆ ਗਿਆ ਹੈ। ਅਮਰੀਕੀ ਵਿੱਤ ਮੰਤਰਾਲਾ ਦੇ ਵਿਦੇਸ਼ੀ ਸੰਪਤੀ ਕੰਟਰੋਲ ਦਫ਼ਤਰ (ਓ.ਐੱਫ.ਏ.ਸੀ.) ਨੇ ਵੀਰਵਾਰ ਨੂੰ ਇਨ੍ਹਾਂ ਪਾਬੰਦੀਆਂ ਦਾ ਐਲਾਨ ਕੀਤਾ। ਇਕ ਪ੍ਰੈੱਸ ਰਿਲੀਜ਼ 'ਚ ਕਿਹਾ ਗਿਆ ਹੈ, "ਇਨ੍ਹਾਂ ਲੋਕਾਂ ਨੇ ਸਮੂਹਿਕ ਰੂਪ ਨਾਲ ਅਰਬਾਂ ਡਾਲਰ ਮੁੱਲ ਦੇ ਪੈਟਰੋਲੀਅਮ ਅਤੇ ਉਸ ਦੇ ਉਤਪਾਦਾਂ ਦੇ ਨਿਰਯਾਤ ਨੂੰ ਸਮਰੱਥ ਬਣਾਇਆ, ਜਿਸ ਨਾਲ ਇਰਾਨੀ ਸ਼ਾਸਨ ਨੂੰ ਉਨ੍ਹਾਂ ਨੇ ਅੱਤਵਾਦੀ ਸਮੂਹਾਂ ਲਈ ਵੱਡਾ ਮਾਲੀਆ ਮਿਲਿਆ, ਜੋ ਅਮਰੀਕਾ ਲਈ ਖ਼ਤਰਾ ਹੈ।" ਇਹ ਪਾਬੰਦੀ ਈਰਾਨ ਦੇ ਪੈਟਰੋਲੀਅਮ ਅਤੇ ਪੈਟਰੋਕੈਮੀਕਲ ਨਿਰਯਾਤ ਨੂੰ ਸੀਮਿਤ ਕਰਨ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਵਿੱਤ ਮੰਤਰੀ ਸਕਾਮ ਬੇਸੇਂਟ ਨੇ ਕਿਹਾ, "ਵਿੱਤ ਮੰਤਰਾਲਾ ਈਰਾਨ ਦੀ ਊਰਜਾ ਨਿਰਯਾਤ ਪ੍ਰਣਾਲੀ ਦੇ ਮੁੱਖ ਤੱਤਾਂ ਨੂੰ ਨਸ਼ਟ ਕਰ ਕੇ ਉਸ ਦੀ ਨਕਦੀ ਪ੍ਰਵਾਹ ਪ੍ਰਣਾਲੀ ਨੂੰ ਕਮਜ਼ੋਰ ਕਰ ਰਿਹਾ ਹੈ।"

# ਟਰੰਪ ਨੇ ਨੋਬੇਲ ਸ਼ਾਂਤੀ ਪੁਰਸਕਾਰ 'ਤੇ ਮੁੜ ਦਾਅਵੇਦਾਰੀ ਜਤਾਈ



ਨਿਉਯਾਰਕ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨੋਬੇਲ ਸ਼ਾਂਤੀ ਪੁਰਸਕਾਰ 'ਤੇ ਮੁੜ ਦਾਅਵੇਦਾਰੀ ਜਤਾਈ ਹੈ। ਪੁਰਸਕਾਰ ਤੋਂ ਖੁੰਝੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਨੋਬੇਲ ਕਮੇਟੀ ਵੱਲੋਂ ਐਲਾਨਿਆ ਸ਼ਾਂਤੀ ਪੁਰਸਕਾਰ 2024 ਲਈ ਸੀ, ਜਦੋਂਕਿ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦਰਮਿਆਨ ਫੌਜੀ ਟਕਰਾਅ ਸਣੇ ਕੁੱਲ ਅੱਠ ਜੰਗਾਂ ਨੂੰ 2025 ਵਿਚ ਸੁਲਝਾਇਆ। ਟਰੰਪ ਨੇ ਕਿਹਾ, "ਨੋਬੇਲ ਕਮੇਟੀ ਬਾਰੇ ਪੂਰੀ ਇਮਾਨਦਾਰੀ ਨਾਲ ਕਹਾਂ ਤਾਂ ਇਹ 2024 ਲਈ ਸੀ। ਇਸੇ 2024 ਲਈ ਚੁਣਿਆ ਗਿਆ ਸੀ।" ਨੋਬੇਲ ਕਮੇਟੀ ਨੇ ਪਿਛਲੇ ਦਿਨੀਂ ਵੈਨੇਜ਼ੁਏਲਾ ਦੀ ਆਗੂ ਮਾਰੀਆ ਕੋਰੀਨਾ ਮਸ਼ਾਡੋ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਸੀ।

ਅਮਰੀਕੀ ਰਾਸ਼ਟਰਪਤੀ ਨੇ ਇਜ਼ਰਾਈਲ ਜਾਂਦੇ ਹੋਏ ਏਅਰ ਫੋਰਸ ਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਇਹ ਨੋਬੇਲ ਪੁਰਸਕਾਰ ਲਈ ਨਹੀਂ, ਬਲਕਿ ਜ਼ਿੰਦਗੀਆਂ ਬਚਾਉਣ ਲਈ ਕੀਤਾ।" ਟਰੰਪ ਨੇ ਹੁਣ ਤੱਕ ਸੱਤ ਜੰਗਾਂ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ, ਜਿਸ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਵੀ ਸ਼ਾਮਲ ਹੈ। ਹਾਲਾਂਕਿ, ਉਨ੍ਹਾਂ ਨੇ ਹੁਣ ਇਜ਼ਰਾਈਲ-ਗਾਜ਼ਾ ਟਕਰਾਅ ਨੂੰ ਜੋੜ ਕੇ ਇਹ ਗਿਣਤੀ ਅੱਠ ਕਰ ਦਿੱਤੀ ਹੈ। ਟਰੰਪ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਟਕਰਾਅ ਨੂੰ ਹੱਲ ਕਰਨ ਦੀ ਯੋਜਨਾ ਦਾ ਵੀ ਸੰਕੇਤ ਦਿੱਤਾ। ਅਮਰੀਕੀ ਸਦਰ ਨੇ ਕਿਹਾ, "ਇਹ ਮੇਰੀ ਅੱਠਵੀਂ ਜੰਗ ਹੋਵੇਗੀ, ਜਿਸ ਨੂੰ ਮੈਂ ਹੱਲ ਕਰ ਲਿਆ ਹੈ, ਅਤੇ ਮੈਂ ਸੁਣਿਆ ਹੈ ਕਿ ਹੁਣ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਜੰਗ ਜਾਰੀ ਹੈ। ਮੈਂ ਕਿਹਾ ਇਸ ਲਈ ਮੇਰੇ ਵਾਪਸ ਆਉਣ ਤੱਕ ਇੰਤਜ਼ਾਰ ਕਰਨਾ ਪਵੇਗਾ। ਮੈਂ ਇੱਕ ਹੋਰ ਜੰਗ ਨੂੰ ਰੋਕ ਰਿਹਾ ਹਾਂ। ਕਿਉਂਕਿ ਮੈਂ ਜੰਗਾਂ ਨੂੰ ਹੱਲ ਕਰਨ ਵਿਚ ਮਾਹਰ ਹਾਂ। ਮੈਂ ਸ਼ਾਂਤੀ ਸਥਾਪਤ ਕਰਨ ਵਿਚ ਮਾਹਰ ਹਾਂ।"




# EXPO
## Furniture Gallery





**We offer 0% interest financing and carry all major brands.**

**ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ**

In business for over 30 years

*SPECIAL SALE*

***Best price guaranteed.***



**7310 HOME LEISURE PLAZA, SACRAMENTO, CA 95823**

**(916) 392-3233**

www.expofurnituregallery.com

Designed By Punjab Mail USA

# ਭਾਰਤ ਵੱਲੋਂ ਅਮਰੀਕਾ ਲਈ ਡਾਕ ਸੇਵਾਵਾਂ ਮੁੜ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਦੇ ਡਾਕ ਵਿਭਾਗ ਨੇ ਸੰਯੁਕਤ ਰਾਜ ਅਮਰੀਕਾ ਲਈ ਸਾਰੀਆਂ ਸ਼੍ਰੇਣੀਆਂ ਦੀਆਂ ਅੰਤਰਰਾਸ਼ਟਰੀ ਡਾਕ ਸੇਵਾਵਾਂ ਨੂੰ ਮੁੜ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਸੇਵਾਵਾਂ 15 ਅਕਤੂਬਰ 2025 ਤੋਂ ਪ੍ਰਭਾਵੀ ਹੋਣਗੀਆਂ।



ਇਸ ਤੋਂ ਪਹਿਲਾਂ, 22 ਅਗਸਤ 2025 ਨੂੰ ਜਾਰੀ ਕੀਤੇ ਗਏ ਇੱਕ ਮੈਮੋਰੰਡਮ ਰਾਹੀਂ ਅਮਰੀਕਾ ਲਈ ਡਾਕ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਇਹ ਕਦਮ ਅਮਰੀਕੀ ਪ੍ਰਸ਼ਾਸਨ ਦੇ ਕਾਰਜਕਾਰੀ ਆਦੇਸ਼ 14324 ਕਾਰਨ ਚੁੱਕਿਆ ਗਿਆ ਸੀ, ਜਿਸ ਨੇ ਸਾਰੀਆਂ ਡਾਕ ਸ਼ਿਪਮੈਂਟਾਂ ਲਈ *de **minimis*** ਨੂੰ ਮੁਅੱਤਲ ਕਰ ਦਿੱਤਾ ਸੀ। ਮੁਅੱਤਲੀ ਦਾ ਕਾਰਨ ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੁਆਰਾ ਆਯਾਤ ਡਿਊਟੀਆਂ ਦੀ ਉਗਰਾਹੀ ਅਤੇ ਭੁਗਤਾਨ ਲਈ ਨਵੀਆਂ ਰੈਗੂਲੇਟਰੀ ਜ਼ਰੂਰਤਾਂ ਦੀ ਸ਼ੁਰੂਆਤ ਸੀ।

ਵਿਆਪਕ ਸਿਸਟਮ ਵਿਕਾਸ ਅਤੇ ਦਿੱਲੀ ਤੇ ਮਹਾਰਾਸ਼ਟਰ ਸਰਕਲਾਂ ਵਿਚ ਸਫਲ ਅਜ਼ਮਾਇਸ਼ਾਂ ਤੋਂ ਬਾਅਦ, ਇੰਡੀਆ ਪੋਸਟ ਨੇ ਹੁਣ ਡਿਲੀਵਰੀ ਡਿਊਟੀ ਪੇਡ (ਡੀ.ਡੀ.ਪੀ.) ਪ੍ਰੋਸੈਸਿੰਗ ਲਈ ਇੱਕ ਪਾਲਣਾ-ਅਨੁਕੂਲ ਪ੍ਰਣਾਲੀ ਸਥਾਪਤ ਕੀਤੀ ਹੈ। ਇਸ ਨਵੇਂ ਪ੍ਰਬੰਧ ਤਹਿਤ, ਅਮਰੀਕਾ ਨੂੰ ਭੇਜੀਆਂ ਜਾਣ ਵਾਲੀਆਂ ਸ਼ਿਪਮੈਂਟਾਂ 'ਤੇ ਲਾਗੂ ਹੋਣ ਵਾਲੀ ਸਾਰੀ ਕਸਟਮ ਡਿਊਟੀ ਬੁਕਿੰਗ ਦੇ ਸਮੇਂ ਹੀ ਭਾਰਤ ਵਿਚ ਅਗਾਊਂ ਇਕੱਠੀ ਕੀਤੀ ਜਾਵੇਗੀ। ਇਹ ਰਾਸ਼ੀ ਮਨਜ਼ੂਰਸ਼ੁਦਾ ਯੋਗ ਧਿਰਾਂ ਰਾਹੀਂ ਸਿੱਧੇ ਸੀ.ਬੀ.ਪੀ. ਨੂੰ ਭੇਜੀ ਜਾਵੇਗੀ। ਇਹ ਪ੍ਰਣਾਲੀ ਪੂਰੀ ਰੈਗੂਲੇਟਰੀ ਪਾਲਣਾ ਨੂੰ ਯਕੀਨੀ ਬਣਾਉਂਦੀ ਹੈ, ਜਿਸ ਨਾਲ ਅਮਰੀਕਾ ਵਿਚ ਪ੍ਰਾਪਤਕਰਤਾਵਾਂ ਨੂੰ ਬਿਨਾਂ ਕਿਸੇ ਵਾਧੂ ਡਿਊਟੀ ਜਾਂ ਦੇਰੀ ਦੇ ਤੇਜ਼ ਕਸਟਮ ਕਲੀਅਰੈਂਸ ਅਤੇ ਸਹਿਜ ਡਿਲੀਵਰੀ ਮਿਲੇਗੀ। ਸੀ.ਬੀ.ਪੀ. ਦਿਸ਼ਾ-ਨਿਰਦੇਸ਼ਾਂ ਅਨੁਸਾਰ, ਭਾਰਤ ਤੋਂ ਅਮਰੀਕਾ ਜਾਣ ਵਾਲੀਆਂ ਡਾਕ ਸ਼ਿਪਮੈਂਟਾਂ 'ਤੇ ਕਸਟਮ ਡਿਊਟੀ ਐਲਾਨ ਕੀਤੇ ਐੱਫ.ਓ.ਬੀ. ਮੁੱਲ ਦਾ 50 ਫੀਸਦੀ ਦੀ ਫਲੈਟ ਦਰ 'ਤੇ ਲਾਗੂ ਹੁੰਦੀ ਹੈ। ਇਹ ਡਿਊਟੀ ਇੰਟਰਨੈਸ਼ਨਲ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (ਆਈ.ਈ.ਈ.ਪੀ.ਏ.) ਟੈਰਿਫ ਦੇ ਤਹਿਤ ਹੈ।

# ਤਰਨ ਤਾਰਨ ਜ਼ਿਮਨੀ ਚੋਣ: ਸਾਰੀਆਂ ਸਿਆਸੀ ਪਾਰਟੀਆਂ ਲਾ ਰਹੀਆਂ ਨੇ ਅੱਡੀ-ਚੋਟੀ ਦਾ ਜ਼ੋਰ

**ਤਰਨ ਤਾਰਨ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ ਤਰਨ ਤਾਰਨ ਜ਼ਿਮਨੀ ਚੋਣ 11 ਨਵੰਬਰ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਐਲਾਨ ਮਗਰੋਂ ਹੀ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਪ੍ਰਮੁੱਖ ਸਿਆਸੀ ਧਿਰਾਂ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਤਰਨ ਤਾਰਨ ਦੀ ਸੀਟ ਡਾ. ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਮਗਰੋਂ ਖ਼ਾਲੀ ਹੋਈ ਹੈ।

ਅਗਾਮੀ ਚੋਣਾਂ ਤੋਂ ਪਹਿਲਾਂ ਤਰਨ ਤਾਰਨ ਦੀ ਜ਼ਿਮਨੀ ਚੋਣ ਨੂੰ ਜਿੱਤਣ ਲਈ ਸਾਰੀਆਂ ਸਿਆਸੀ ਪਾਰਟੀਆਂ ਅੱਡੀ ਚੋਟੀ ਦਾ ਜ਼ੋਰ ਲਾਉਣਗੀਆਂ। ਪੰਜਾਬ 'ਚ ਆਏ ਭਿਆਨਕ ਹੜ੍ਹਾਂ ਦਾ ਪਰਛਾਵਾਂ ਵੀ ਜ਼ਿਮਨੀ ਚੋਣ 'ਤੇ ਪਵੇਗਾ। ਬੇਸ਼ੱਕ ਤਰਨ ਤਾਰਨ ਹਲਕਾ ਇਨ੍ਹਾਂ ਹੜ੍ਹਾਂ ਤੋਂ ਪ੍ਰਭਾਵਿਤ ਨਹੀਂ ਹੋਇਆ ਪਰ ਪੰਜਾਬ 'ਚ ਕੁਦਰਤੀ ਆਫ਼ਤ ਵੱਲੋਂ ਮਚਾਈ ਤਬਾਹੀ ਦਾ ਸਿਆਸੀ ਅਸਰ ਜ਼ਿਮਨੀ ਚੋਣ 'ਤੇ ਪੈਣ ਦੀ ਸੰਭਾਵਨਾ ਹੈ।

ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਮਨਦੀਪ ਸਿੰਘ ਨੂੰ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਮਨਦੀਪ ਸਿੰਘ ਜੇਲ੍ਹ ਵਿਚ ਬੰਦ ਸੰਦੀਪ ਸਿੰਘ ਸੰਨੀ ਦਾ ਭਰਾ ਹੈ। ਸੰਨੀ ਖ਼ਿਲਾਫ਼ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਦਾ ਦੋਸ਼ ਹੈ।

ਤਰਸੇਮ ਸਿੰਘ ਅਤੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਸਮੁੱਚੀ ਕੌਮ ਦੀਆਂ ਭਾਵਨਾਵਾਂ ਅਤੇ ਸੰਦੀਪ ਸਿੰਘ ਸੰਨੀ ਦੀ ਕੁਰਬਾਨੀ ਨੂੰ ਧਿਆਨ ਵਿਚ ਰੱਖਦਿਆਂ ਉਸ ਦੇ ਪਰਿਵਾਰ ਵਿਚੋਂ ਇੱਕ ਮੈਂਬਰ ਨੂੰ ਉਮੀਦਵਾਰ ਐਲਾਨਿਆ ਹੈ। ਅਕਾਲੀ ਦਲ ਲਈ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਜ਼ਿਮਨੀ ਚੋਣ 'ਚ ਕਾਰਗੁਜ਼ਾਰੀ ਦਿਖਾਉਣਾ 'ਕਰੋ ਜਾਂ ਮਰੋ' ਵਾਂਗ ਹੈ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਹਮਲਾਵਰ ਮੁਹਿੰਮ ਚਲਾਉਣ ਦੇ ਰੌਂਅ ਹੈ ਅਤੇ ਪਾਰਟੀ ਵੱਲੋਂ ਪੂਰੀ ਤਾਕਤ ਝੋਕੀ ਜਾਣੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬੀਬੀ ਸੁਖਵਿੰਦਰ ਕੌਰ ਰੰਧਾਵਾ ਨੂੰ ਜੁਲਾਈ 'ਚ ਹੀ ਉਮੀਦਵਾਰ ਐਲਾਨ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਚੋਣ ਪ੍ਰਚਾਰ ਦੀ ਮੁਹਿੰਮ ਭਖਾਉਣ 'ਚ ਕਾਫ਼ੀ ਸਰਗਰਮ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਪੀੜਤਾਂ ਨੂੰ ਤੇਲ ਅਤੇ ਨਕਦੀ ਵੰਡ ਕੇ ਆਪਣੀ ਸਿਆਸੀ ਭੱਲ ਬਣਾਉਣ ਲਈ ਯਤਨ ਕੀਤੇ। ਆਮ ਆਦਮੀ ਪਾਰਟੀ ਨੇ ਤਿੰਨ ਵਾਰ ਦੇ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾਇਆ ਹੈ, ਜੋ ਸ਼੍ਰੋਮਣੀ ਅਕਾਲੀ ਦਲ ਚੋਂ 'ਆਪ' 'ਚ ਆਏ ਹਨ। ਸੰਧੂ ਨੇ ਸਾਲ 2007 ਅਤੇ 2012 ਦੀ ਚੋਣ ਵੀ ਬਤੌਰ ਅਕਾਲੀ ਉਮੀਦਵਾਰ ਜਿੱਤੀ ਸੀ। ਸਾਲ 2022 ਦੀ ਚੋਣ 'ਚ ਉਹ 'ਆਪ' ਉਮੀਦਵਾਰ ਤੋਂ ਹਾਰ ਗਏ ਸਨ। ਵਿਧਾਨ ਸਭਾ 'ਚ 'ਆਪ' ਦੇ ਇਸ ਵੇਲੇ 93 ਵਿਧਾਇਕ ਹਨ।

ਤਰਨ ਤਾਰਨ ਦੀ ਜ਼ਿਮਨੀ ਚੋਣ 'ਚ ਪੰਜਾਬ ਕਾਂਗਰਸ ਦੀ ਪਾਟੋਧਾੜ ਜਾਂ ਏਕਤਾ ਦਾ ਅਸਰ ਨਜ਼ਰ ਆਵੇਗਾ। ਕਾਂਗਰਸ ਪਾਰਟੀ ਨੇ ਇਸ ਜ਼ਿਮਨੀ ਚੋਣ 'ਚ ਕਰਨਬੀਰ ਸਿੰਘ ਬੁਰਜ ਨੂੰ ਉਮੀਦਵਾਰ ਬਣਾਇਆ ਹੈ, ਜੋ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਨੇੜਲੇ ਸਮਝੇ ਜਾਂਦੇ ਹਨ। ਕਰਨਬੀਰ ਸਿੰਘ ਬੁਰਜ ਸਿਆਸੀ ਤੌਰ 'ਤੇ ਹਲਕੇ 'ਚ ਬਹੁਤੇ ਪਛਾਣੇ ਚਿਹਰੇ ਨਹੀਂ ਹਨ।

ਭਾਜਪਾ ਨੇ ਹਰਜੀਤ ਸਿੰਘ ਸੰਧੂ 'ਤੇ ਟੇਕ ਲਾਈ ਹੈ। ਪਰ ਇਸ ਪੰਥਕ ਪ੍ਰਭਾਵ ਵਾਲੇ ਪੇਂਡੂ ਖੇਤਰ ਵਿਚ ਭਾਜਪਾ ਨੂੰ ਕਿੰਨਾ ਕੁ ਹੁੰਗਾਰਾ ਮਿਲੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਤਰਨ ਤਾਰਨ ਹਲਕਾ ਜ਼ਿਆਦਾ ਪੇਂਡੂ ਪ੍ਰਭਾਵ ਵਾਲਾ ਹੈ। ਹਲਕੇ 'ਚ ਕੁੱਲ 1.93 ਲੱਖ ਵੋਟਰ ਹਨ, ਜਿਨ੍ਹਾਂ 'ਚੋਂ 1.01 ਲੱਖ ਪੁਰਸ਼ ਵੋਟਰ ਅਤੇ 92,240 ਔਰਤ ਵੋਟਰ ਹਨ। ਹਲਕੇ 'ਚ ਕੁੱਲ 222 ਪੋਲਿੰਗ ਬੂਥ ਹਨ, ਜਿਨ੍ਹਾਂ 'ਚੋਂ 60 ਸ਼ਹਿਰੀ ਬੂਥ ਅਤੇ 122 ਦਿਹਾਤੀ ਬੂਥ ਹਨ। ਤਰਨ ਤਾਰਨ ਹਲਕੇ ਵਿਚ 96 ਪਿੰਡ ਪੈਂਦੇ ਹਨ, ਜਿਨ੍ਹਾਂ ਦੀ ਵੋਟ ਫ਼ੈਸਲਾਕੁੰਨ ਸਾਬਤ ਹੋਵੇਗੀ। ਤਰਨ ਤਾਰਨ ਹਲਕਾ ਪੰਥਕ ਸੋਚ ਵਾਲਾ ਮੰਨਿਆ ਜਾਂਦਾ ਹੈ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਤਰਨ ਤਾਰਨ ਦਾ ਇਲਾਕਾ ਸਰਹੱਦ ਨਾਲ ਲੱਗਦਾ ਹੋਣ ਕਰ ਕੇ ਵਧੇਰੇ ਚੌਕਸੀ ਵਧਾਉਣ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤਾ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਦਾ ਵੀ ਨਿਬੇੜਾ ਕੀਤਾ ਜਾਵੇ। ਪੋਲਿੰਗ ਬੂਥਾਂ, ਗਿਣਤੀ ਕਰਨ ਵਾਲੇ ਹਾਲ ਅਤੇ ਸਟਰਾਂਗ ਰੂਮ ਵਿਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਨਿਗਰਾਨੀ ਰੱਖਣ ਦੇ ਆਦੇਸ਼ ਦਿੱਤੇ।

# ਰਾਜ ਸਭਾ 'ਚ ਦੂਜੇ ਸਭ ਤੋਂ ਅਮੀਰ ਸੰਸਦ ਮੈਂਬਰ ਹੋਣਗੇ ਰਾਜਿੰਦਰ ਗੁਪਤਾ

**ਚੰਡੀਗੜ੍ਹ, (ਪੰਜਾਬ ਮੇਲ)-** ਰਾਜ ਸਭਾ ਦੇ ਦੂਜੇ ਸਭ ਤੋਂ ਵੱਧ ਅਮੀਰ ਸੰਸਦ ਮੈਂਬਰ ਬਣਨ ਦਾ ਸਿਹਰਾ ਰਾਜਿੰਦਰ ਗੁਪਤਾ ਦੇ ਸਿਰ ਸਜਣਾ ਤੈਅ ਹੈ, ਜੋ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਰਾਜਿੰਦਰ ਗੁਪਤਾ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰ ਚੁੱਕੇ ਹਨ। ਪੰਜਾਬ ਵਿਚ ਰਾਜ ਸਭਾ ਦੀ ਇੱਕ ਸੀਟ ਲਈ ਚੋਣ ਦਾ ਨਤੀਜਾ 24 ਅਕਤੂਬਰ ਨੂੰ ਆਵੇਗਾ।

ਉਦਯੋਗਪਤੀ ਸੰਜੀਵ ਅਰੋੜਾ ਵੱਲੋਂ 1 ਜੁਲਾਈ ਨੂੰ ਅਸਤੀਫ਼ਾ ਦੇਣ ਮਗਰੋਂ ਇਹ ਸੀਟ ਖਾਲੀ ਹੋਈ ਸੀ। ਹੁਣ ਰਾਜਿੰਦਰ ਗੁਪਤਾ ਦਾ ਰਾਜ ਸਭਾ ਮੈਂਬਰ ਬਣਨਾ ਤੈਅ ਹੈ। ਰਾਜ ਸਭਾ ਮੈਂਬਰ ਬਣਨ ਦੀ ਸੂਰਤ 'ਚ ਰਾਜਿੰਦਰ ਗੁਪਤਾ ਤੀਜੇ ਸਭ ਤੋਂ ਵੱਧ ਅਮੀਰ ਸੰਸਦ ਮੈਂਬਰ ਬਣ ਜਾਣਗੇ, ਜਦਕਿ ਅਮੀਰੀ ਦੇ ਮਾਮਲੇ 'ਚ ਰਾਜ ਸਭਾ 'ਚ ਉਨ੍ਹਾਂ ਦਾ ਦੂਜਾ ਨੰਬਰ ਹੋਵੇਗਾ। ਰਾਜਿੰਦਰ ਗੁਪਤਾ ਨੇ ਰਾਜ ਸਭਾ ਮੈਂਬਰ ਬਣਨ ਲਈ ਉਮੀਦਵਾਰ ਵਜੋਂ ਕਾਗਜ਼ ਦਾਖ਼ਲ ਕਰਨ ਮੌਕੇ ਆਪਣੀ ਜਾਇਦਾਦ ਦੇ ਵੇਰਵੇ ਵੀ ਦਾਖਲ ਕੀਤੇ ਹਨ। ਸੂਤਰਾਂ ਮੁਤਾਬਕ ਰਾਜਿੰਦਰ ਗੁਪਤਾ ਕਰੀਬ 4900 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਭਾਰਤੀ ਸੰਸਦ ਦੇ ਦੋਵੇਂ ਸਦਨਾਂ 'ਤੇ ਨਜ਼ਰ ਮਾਰੀਏ, ਤਾਂ ਲੋਕ ਸਭਾ 'ਚ ਸਭ ਤੋਂ ਵੱਧ ਅਮੀਰ ਆਂਧਰਾ ਪ੍ਰਦੇਸ਼ ਦੇ ਤੇਲਗੂ ਦੇਸ਼ਮ ਪਾਰਟੀ ਦੇ ਡਾ. ਚੰਦਰ ਸ਼ੇਖਰ 5705 ਕਰੋੜ ਦੀ ਜਾਇਦਾਦ ਨਾਲ ਪਹਿਲੇ ਨੰਬਰ 'ਤੇ ਹਨ, ਜਦਕਿ ਰਾਜ ਸਭਾ ਚ ਤਿਲੰਗਾਨਾ ਦੇ ਡਾ. ਬੀ. ਪਾਰਥਾਸਾਰਥੀ 5300 ਕਰੋੜ ਦੀ ਜਾਇਦਾਦ ਨਾਲ ਪਹਿਲੇ ਨੰਬਰ 'ਤੇ ਹਨ।

# ਤਰਨ ਤਾਰਨ ਚੋਣ : ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਕੋਲ ਮਸ਼ੀਨਰੀ ਦੀ ਦੁਰਵਰਤੋਂ ਸੰਬੰਧੀ ਸ਼ਿਕਾਇਤ ਦਰਜ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੀ ਕਾਨੂੰਨੀ ਟੀਮ ਨੇ ਤਰਨ ਤਾਰਨ ਦੀ ਉਪ ਚੋਣ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਲੈ ਕੇ ਮੁੱਖ ਚੋਣ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਾਈ ਹੈ। ਲਿਖਤੀ ਸ਼ਿਕਾਇਤ ਮਗਰੋਂ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਤਰਨ ਤਾਰਨ 'ਚ ਤਾਇਨਾਤ ਡੀ.ਐੱਸ.ਪੀ. ਜਗਜੀਤ ਸਿੰਘ ਅਤੇ ਡੀ.ਐੱਸ.ਪੀ. ਸੁਖਬੀਰ ਸਿੰਘ ਖ਼ਿਲਾਫ਼ ਸ਼ਿਕਾਇਤ ਕੀਤੀ ਹੈ ਕਿਉਂਕਿ ਇਹ ਪੁਲਿਸ ਅਧਿਕਾਰੀ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਖ਼ਾਸ ਹਨ ਅਤੇ ਇਹ ਡੀ.ਐੱਸ.ਪੀਜ਼ ਲੋਕਾਂ ਨੂੰ ਡਰਾ ਧਮਕਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਤਰਨ ਤਾਰਨ ਦੀ ਉਪ ਚੋਣ 'ਚ ਆਮ ਆਦਮੀ ਪਾਰਟੀ ਨੂੰ ਆਪਣੀ ਹਾਰ ਨਜ਼ਰ ਆਉਣ ਲੱਗੀ ਹੈ, ਜਿਸ ਕਰਕੇ 'ਆਪ' ਹੁਣ ਘਟੀਆ ਹੱਥਕੰਡੇ ਵਰਤਣ ਲੱਗੀ ਹੈ। ਉਨ੍ਹਾਂ ਕਿਹਾ ਕਿ ਮੁੱਢਲੇ ਪੜਾਅ 'ਤੇ ਹੀ ਉਪ ਚੋਣ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਪਿੱਛੇ 'ਆਪ' ਦਾ ਡਰ ਸਾਫ਼ ਨਜ਼ਰ ਆ ਰਿਹਾ ਹੈ।




ਉਨ੍ਹਾਂ ਕਿਹਾ ਕਿ ਸੱਤਾ ਦੀ ਦੁਰਵਰਤੋਂ ਕਰਕੇ ਚੋਣ ਜਿੱਤਣ ਦੇ ਸੁਪਨੇ ਸਾਕਾਰ ਨਹੀਂ ਹੋਣਗੇ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਸੱਤਾ ਦਾ ਹੰਕਾਰ ਛੱਡਣ ਕਿਉਂਕਿ ਪੰਜਾਬ ਦੇ ਲੋਕਾਂ ਨੇ ਹੁਣ 'ਆਪ' ਨੂੰ ਚੱਲਦਾ ਕਰਨ ਦਾ ਮਨ ਬਣਾ ਲਿਆ ਹੈ। ਕਲੇਰ ਨੇ ਕਿਹਾ ਕਿ ਹੁਣ ਅਫ਼ਸਰਾਂ ਦੇ ਧੱਕੇ ਨਾਲ ਚੋਣ ਨਹੀਂ ਜਿੱਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਦੋਵੇਂ ਅਧਿਕਾਰੀ ਪਹਿਲਾਂ ਹੀ ਤਰਨ ਤਾਰਨ ਵਿਚ ਤਾਇਨਾਤ ਰਹੇ ਹਨ, ਜਦੋਂ ਕਿ ਚੋਣ ਕਮਿਸ਼ਨ ਦੀਆਂ ਗਾਈਡ ਲਾਈਨਜ਼ ਮੁਤਾਬਿਕ ਇਹ ਅਧਿਕਾਰੀ ਮੁੜ ਤਾਇਨਾਤ ਨਹੀਂ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਭਰੋਸਾ ਦਿੱਤਾ ਹੈ ਕਿ ਤਰਨ ਤਾਰਨ ਦੀ ਜ਼ਿਮਨੀ ਚੋਣ ਨਿਰਪੱਖ ਤੇ ਸੁਤੰਤਰ ਹੋਵੇਗੀ।

## ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਦਾ ਪੁੱਤਰ ਜਗਦੀਪ ਚੀਮਾ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ



ਦੇ ਤਿੰਨ ਵਾਰ ਕੈਬਨਿਟ ਮੰਤਰੀ ਰਹਿ ਚੁੱਕੇ ਰਣਧੀਰ ਸਿੰਘ ਚੀਮਾ ਦਾ ਪੁੱਤਰ ਜਗਦੀਪ ਸਿੰਘ ਚੀਮਾ ਭਾਜਪਾ ਵਿਚ ਸ਼ਾਮਲ ਹੋ ਗਿਆ। ਜਗਦੀਪ ਸਿੰਘ ਚੀਮਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਚੰਡੀਗੜ੍ਹ ਸਥਿਤ ਭਾਜਪਾ ਦੇ ਦਫਤਰ ਵਿਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਸ਼ਾਮਲ ਕਰਵਾਇਆ ਗਿਆ ਹੈ।

## 'ਆਪ' ਵੱਲੋਂ ਰਾਜ ਸਭਾ ਉਮੀਦਵਾਰ ਰਜਿੰਦਰ ਗੁਪਤਾ ਵੱਲੋਂ ਨਾਮਜ਼ਦਗੀ ਪੱਤਰ ਦਾਖਲ

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਰਾਜ ਸਭਾ ਉਮੀਦਵਾਰ ਰਜਿੰਦਰ ਗੁਪਤਾ ਨੇ ਆਪਣੀ ਨਾਮਜ਼ਦਗੀ ਦਾਖਲ ਕੀਤੀ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵੀ ਮੌਜੂਦ ਸਨ। ਗੁਪਤਾ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਕੱਤਰ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਗਏ। ਜ਼ਿਕਰਯੋਗ ਹੈ ਕਿ ਰਾਜ ਸਭਾ ਚੋਣਾਂ ਲਈ ਹੁਣ ਤੱਕ ਚਾਰ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ।



**'ਆਪ' ਉਮੀਦਵਾਰ ਰਜਿੰਦਰ ਗੁਪਤਾ ਮੁੱਖ ਮੰਤਰੀ ਭਗਵੰਤ ਮਾਨ ਤੇ ਅਮਨ ਅਰੋੜਾ ਦੀ ਹਾਜ਼ਰੀ ਵਿਚ ਆਪਣੀ ਨਾਮਜ਼ਦਗੀ ਦਾਖ਼ਲ ਕਰਦੇ ਹੋਏ।**

ਰਾਜ ਸਭਾ ਉਮੀਦਵਾਰ ਦੀ ਚੋਣ ਲਈ ਵੋਟਿੰਗ 24 ਅਕਤੂਬਰ ਨੂੰ ਹੋਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰੀ ਬਰਸਾਤਾਂ ਕਾਰਨ ਪ੍ਰਭਾਵਿਤ ਹੋਏ ਪਰਿਵਾਰ ਦੀ ਡਾ. ਓਬਰਾਏ ਨੇ ਫੜੀ ਬਾਂਹ

- ਨਵਾਂ ਕਮਰਾ ਬਣਵਾਉਣ ਲਈ ਦਿੱਤੀ ਮਾਲੀ ਮਦਦ
- ਲੋੜਵੰਦਾਂ ਲਈ ਹੁਣ ਤੱਕ 1100 ਮਕਾਨ ਬਣਾਏ : ਡਾ ਓਬਰਾਏ




ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਆਵਾਸ ਯੋਜਨਾ (ਇਸ ਯੋਜਨਾ ਤਹਿਤ ਕੁਦਰਤੀ ਆਫ਼ਤਾਂ, ਹੜ੍ਹਾਂ ਵਿਚ ਡਿੱਗੇ ਮਕਾਨ, ਅਤਿ ਲੋੜਵੰਦਾਂ ਲਈ ਮਕਾਨ) ਤਹਿਤ ਵੱਡੀ ਗਿਣਤੀ ਵਿਚ ਲੋੜਵੰਦਾਂ ਲਈ ਨਵੇਂ ਮਕਾਨ ਬਣਾਏ ਜਾ ਰਹੇ ਹਨ, 480 ਨਵੇਂ ਮਕਾਨ ਬਣਾ ਕੇ ਦੇ ਚੁੱਕੇ ਹਾਂ ਅਤੇ ਪਿਛਲੇ ਸਾਲਾਂ ਦੌਰਾਨ ਹੜ੍ਹਾਂ ਨਾਲ ਪ੍ਰਭਾਵਿਤ 620 ਮਕਾਨ ਨਵ ਨਿਰਮਾਣ ਕਰਵਾ ਚੁੱਕੇ ਹਾਂ। ਪਿਛਲੇ ਦਿਨੀਂ ਆਈ ਜ਼ਿਆਦਾ ਬਾਰਸ਼ ਕਾਰਨ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਵੰਗਲ ਵਿਚ ਗਰੀਬ ਪਰਿਵਾਰ ਦਾ ਕੋਠਾ ਡਿੱਗ ਪਿਆ ਸੀ, ਤਾਂ ਪਰਿਵਾਰ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਟੀਮ ਰਾਹੀਂ ਡਾ. ਓਬਰਾਏ ਨੂੰ ਮਕਾਨ ਬਣਾ ਕੇ ਦੇਣ ਲਈ ਬੇਨਤੀ ਕੀਤੀ ਗਈ ਸੀ, ਤਾਂ ਡਾ. ਓਬਰਾਏ ਵਲੋਂ ਤੁਰੰਤ ਪੰਜਾਹ ਹਜ਼ਾਰ ਰੁਪਏ ਭੇਜੇ ਗਏ ਹਨ ਅਤੇ ਮਕਾਨ



ਡਾ. ਐੱਸ.ਪੀ. ਸਿੰਘ ਓਬਰਾਏ।

ਸ਼ੁਰੂ ਕਰਨ ਲਈ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਰਾਹੀਂ ਟੀਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿਛਲੇ ਮਹੀਨੇ ਵੀ ਪਿੰਡ ਬੂੜਾ ਗੁੱਜਰ ਵਿਚ ਪੁੱਤਰ ਵੀ ਗਵਾ ਚੁੱਕੀ ਵਿਧਵਾ ਨੂੰ ਡਾਕਟਰ ਓਬਰਾਏ ਵਲੋਂ ਮਕਾਨ ਨਵ ਨਿਰਮਾਣ ਕਰਵਾ ਕੇ ਦਿੱਤਾ ਗਿਆ ਹੈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਰਾਸ਼ੀ ਡਾ. ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤੀ ਜਾਂਦੀ ਹੈ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਸਮੂਹ ਟੀਮ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਧੰਨਵਾਦ ਵੀ ਕੀਤਾ ਗਿਆ।

# ਰਾਜਵੀਰ ਜਵੰਦਾ ਨਾਲ ਪਿੰਜੌਰ 'ਚ ਹੋਇਆ ਸੀ ਬਾਈਕ ਹਾਦਸਾ

- ਮੁੱਢਲੇ ਇਲਾਜ 'ਚ ਦੇਰੀ ਘਾਤਕ ਸਾਬਤ ਹੋਈ; ਨਿੱਜੀ ਹਸਪਤਾਲ ਨੇ ਜਵੰਦਾ ਨੂੰ ਮੁੱਢਲਾ ਇਲਾਜ ਦੇਣ ਤੋਂ ਕੀਤਾ ਇਨਕਾਰ

ਚੰਡੀਗੜ੍ਹ, (ਪੰਜਾਬ ਮੇਲ)- ਹਾਦਸੇ ਮਗਰੋਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਪੰਜਾਬੀ ਗਾਇਕ ਤੇ ਅਦਾਕਾਰ ਰਾਜਵੀਰ ਜਵੰਦਾ (35) ਨੂੰ 8 ਅਕਤੂਬਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ 'ਚ ਆਖਰੀ ਸਾਹ ਲਏ ਸਨ। ਸ਼ੁਰੂਆਤੀ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਜਵੰਦਾ ਦੀ ਮੌਤ ਹਿਮਾਚਲ ਪ੍ਰਦੇਸ਼ ਦੇ ਬੱਦੀ 'ਚ ਸੜਕ ਹਾਦਸੇ ਕਾਰਨ ਹੋਈ ਸੀ। ਹਾਲਾਂਕਿ ਇਕ ਨਵੀਂ ਜਾਂਚ ਰਿਪੋਰਟ 'ਚ ਇਸ ਦਾਅਵੇ ਨੂੰ ਗ਼ਲਤ ਦੱਸਿਆ ਗਿਆ ਹੈ। ਜਾਂਚ ਤੋਂ ਖੁਲਾਸਾ ਹੋਇਆ ਹੈ ਕਿ ਬਾਈਕ ਹਾਦਸਾ ਬੱਦੀ ਵਿਚ ਨਹੀਂ, ਬਲਕਿ ਪਿੰਜੌਰ ਵਿਚ ਹੋਇਆ ਸੀ।

ਇਕ ਮੀਡੀਆ ਰਿਪੋਰਟ ਮੁਤਾਬਕ ਇਹ ਹਾਦਸਾ 27 ਸਤੰਬਰ ਨੂੰ ਵਾਪਰਿਆ, ਜਦੋਂ ਜਵੰਦਾ ਸ਼ਿਮਲਾ ਜਾ ਰਿਹਾ ਸੀ। ਹਾਦਸੇ ਵਿਚ ਉਸ ਨੂੰ ਗੰਭੀਰ ਸੱਟਾਂ ਲੱਗੀਆਂ ਤੇ ਗਾਇਕ ਨੂੰ ਫੌਰੀ ਪਿੰਜੌਰ ਦੇ ਇੱਕ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ। ਇਸ ਨਿੱਜੀ ਹਸਪਤਾਲ ਨੇ ਗਾਇਕ ਦਾ ਮੁੱਢਲਾ ਇਲਾਜ ਕਰਨ ਤੋਂ ਕਥਿਤ ਨਾਂਹ ਕਰ ਦਿੱਤੀ। ਇਲਾਜ ਵਿਚ ਦੇਰੀ ਨਾਲ ਜਵੰਦਾ ਦੀ ਹਾਲਤ ਵਿਗੜ ਗਈ, ਜੋ ਮਗਰੋਂ ਗਾਇਕ ਦੀ ਜਾਨ ਲਈ ਘਾਤਕ ਸਾਬਕ ਹੋਈ।

ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ (ਐੱਲ.ਐੱਫ.ਐੱਚ.ਆਰ.ਆਈ.)



ਦੀ ਜਾਂਚ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਿੰਜੌਰ ਪੁਲਿਸ ਸਟੇਸ਼ਨ ਤੋਂ ਡੇਲੀ ਡਾਇਰੀ ਰਿਪੋਰਟ (ਡੀ.ਡੀ.ਆਰ.) ਅਤੇ ਸਥਾਨਕ ਜਾਂਚ ਦੇ ਆਧਾਰ 'ਤੇ, ਇਹ ਸਪੱਸ਼ਟ ਹੈ ਕਿ ਪਿੰਜੌਰ ਦੇ ਸ਼ੌਰੀ ਹਸਪਤਾਲ ਨੇ ਜ਼ਖਮੀ ਗਾਇਕ ਨੂੰ ਐਮਰਜੈਂਸੀ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਰਾਜਵੀਰ ਜਵੰਦਾ ਨੂੰ ਪਹਿਲਾਂ ਪੰਚਕੂਲਾ ਦੇ ਸਰਕਾਰੀ ਹਸਪਤਾਲ, ਫ਼ਿਰ ਪੰਚਕੂਲਾ ਦੇ ਹੀ ਇਕ ਨਿੱਜੀ ਹਸਪਤਾਲ ਤੇ ਅਖੀਰ ਵਿਚ ਮੁਹਾਲੀ ਸਥਿਤ ਫੋਰਟਿਸ ਹਸਪਤਾਲ ਲਿਜਾਇਆ ਗਿਆ। ਜਵੰਦਾ ਇਥੇ 11 ਦਿਨਾਂ ਤੱਕ ਵੈਂਟੀਲੇਟਰ ਸਪੋਰਟ 'ਤੇ ਰਿਹਾ, ਪਰ ਅਖੀਰ ਉਹ ਜ਼ਿੰਦਗੀ ਦੀ ਜੰਗ ਹਾਰ ਗਿਆ।

ਐਡਵੋਕੇਟ ਨਵਕਿਰਨ ਸਿੰਘ ਐੱਲ.ਐੱਫ.ਐੱਚ.ਆਰ.ਆਈ. ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਇੱਕ ਪੱਤਰਕਾਰ ਨਾਲ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਇੱਕ ਵਿਸਥਾਰਤ ਰਿਪੋਰਟ ਤਿਆਰ ਕੀਤੀ। ਸੰਗਠਨ ਹੁਣ ਡਾਕਟਰੀ ਲਾਪ੍ਰਵਾਹੀ ਦਾ ਮੁੱਦਾ ਉਠਾਉਂਦੇ ਹੋਏ ਹਾਈ ਕੋਰਟ ਤੱਕ ਪਹੁੰਚ ਕਰਨ ਦੀ ਤਿਆਰੀ ਵਿਚ ਹੈ। ਇਹ ਪਟੀਸ਼ਨ ਨਾ ਸਿਰਫ਼ ਜਵੰਦਾ ਦੇ ਮਾਮਲੇ ਵਿਚ ਇਨਸਾਫ਼ ਦੀ ਮੰਗ ਕਰੇਗੀ, ਸਗੋਂ ਐਮਰਜੈਂਸੀ ਵਿਚ ਹਸਪਤਾਲਾਂ ਅਤੇ ਡਾਕਟਰਾਂ ਦੀ ਜ਼ਿੰਮੇਵਾਰੀ, ਸੜਕਾਂ 'ਤੇ ਅਵਾਰਾ ਪਸ਼ੂਆਂ ਤੋਂ ਵਧਦੇ ਖ਼ਤਰੇ ਅਤੇ ਐਮਰਜੈਂਸੀ ਡਾਕਟਰੀ ਬੁਨਿਆਦੀ ਢਾਂਚੇ ਦੀ ਘਾਟ ਵਰਗੇ ਵਿਆਪਕ ਮੁੱਦਿਆਂ ਨੂੰ ਵੀ ਉਜਾਗਰ ਕਰੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸੁਪਰੀਮ ਕੋਰਟ ਵੱਲੋਂ ਦਿੱਲੀ 'ਚ ਦੀਵਾਲੀ ਮੌਕੇ ਪਟਾਕਿਆਂ 'ਤੇ ਪਾਬੰਦੀ ਹਟਾਉਣ ਦੇ ਸੰਕੇਤ

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਦੀ ਸਰਵਉੱਚ ਅਦਾਲਤ ਨੇ ਦੀਵਾਲੀ ਮੌਕੇ ਕੌਮੀ ਰਾਜਧਾਨੀ ਖੇਤਰ ਵਿਚ ਪਟਾਕੇ ਚਲਾਉਣ 'ਤੇ ਪਾਬੰਦੀਆਂ ਹਟਾਉਣ ਦੇ ਸੰਕੇਤ ਦਿੱਤੇ ਹਨ।

**■ ਸਰਵਉੱਚ ਅਦਾਲਤ ਨੇ ਫੈਸਲਾ ਰਾਖਵਾਂ ਰੱਖਿਆ**

ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖਦਿਆਂ ਕਿਹਾ ਕਿ ਉਹ ਦਿੱਲੀ-ਐਨ.ਸੀ.ਆਰ. ਵਿਚ ਪਟਾਕਿਆਂ 'ਤੇ ਪੂਰਨ ਪਾਬੰਦੀ ਵਿਚ ਢਿੱਲ ਦੇਣ ਬਾਰੇ ਫ਼ੈਸਲਾ ਕਰਨਗੇ। ਬੈਂਚ ਨੇ ਮੰਨਿਆ ਕਿ ਪਾਬੰਦੀਆਂ ਦੇ ਬਾਵਜੂਦ ਕੌਮੀ ਰਾਜਧਾਨੀ ਵਿਚ ਪਟਾਕੇ ਚੱਲਣੇ ਬੰਦ ਨਹੀਂ ਹੋਏ।

ਇਸ ਤੋਂ ਪਹਿਲਾਂ ਦਿੱਲੀ-ਐੱਨ.ਸੀ.ਆਰ. ਅਤੇ ਹਰਿਆਣਾ ਵੱਲੋਂ ਪੇਸ਼ ਹੋਏ ਸੌਲਿਸਿਟਰ ਜਨਰਲ ਆਫ ਇੰਡੀਆ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਪਟਾਕਿਆਂ 'ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੀਵਾਲੀ ਦੀ ਰਾਤ 8 ਵਜੇ ਤੋਂ 10 ਵਜੇ ਤੱਕ ਵਾਤਾਵਰਨ ਪੱਖੀ ਪਟਾਖੇ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਤੋਂ ਇਲਾਵਾ ਕ੍ਰਿਸਮਸ, ਨਵੇਂ ਸਾਲ ਦੀ ਪੂਰਵ ਸੰਧਿਆ ਤੇ ਗੁਰਪੁਰਬ ਮੌਕੇ ਵੀ ਇਹ ਛੋਟ ਦਿੱਤੀ ਜਾਵੇ। ਸੌਲਿਸਿਟਰ ਜਨਰਲ ਨੇ ਕਿਹਾ ਕਿ ਇਸ ਸਬੰਧੀ ਵਿਭਾਗ ਸਮੇਂ-ਸਮੇਂ 'ਤੇ ਜਾਂਚ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਮਾਰਕੀਟ ਵਿਚ ਸਿਰਫ ਮਨਜ਼ੂਰਸ਼ੁਦਾ ਵਾਤਾਵਰਨ ਪੱਖੀ ਪਟਾਕੇ ਹੀ ਵੇਚੇ ਜਾਣ। ਐੱਸ.ਜੀ. ਨੇ ਕਿਹਾ ਕਿ ਪ੍ਰਸ਼ਾਸਨ ਨੇ ਸਰਕਾਰ ਇਹ ਯਕੀਨੀ ਬਣਾਏਗੀ ਕਿ ਦੀਵਾਲੀ ਮੌਕੇ ਵਾਤਾਵਰਨ ਦੀ ਸੰਭਾਲ ਲਈ ਪੂਰੇ ਯਤਨ ਕੀਤੇ ਜਾਣ।

# ਪੀ.ਚਿਦੰਬਰਮ ਵੱਲੋਂ ਅਪਰੇਸ਼ਨ ਬਲੂਸਟਾਰ ਵਾਲੇ ਦਿੱਤੇ ਬਿਆਨ ਤੋਂ ਕਾਂਗਰਸ ਨਾਰਾਜ਼

**ਕਸੌਲੀ, (ਪੰਜਾਬ ਮੇਲ)-** ਕਾਂਗਰਸ ਲੀਡਰਸ਼ਿਪ ਸਾਬਕਾ ਗ੍ਰਹਿ ਮੰਤਰੀ ਪੀ.ਚਿਦੰਬਰਮ ਵੱਲੋਂ 'ਅਪਰੇਸ਼ਨ ਬਲੂਸਟਾਰ' 'ਤੇ ਦਿੱਤੇ ਗਏ ਬਿਆਨ ਤੋਂ 'ਬਹੁਤ ਨਾਰਾਜ਼' ਹੈ। ਪਾਰਟੀ ਸੂਤਰਾਂ ਅਨੁਸਾਰ ਸੀਨੀਅਰ ਆਗੂਆਂ ਨੂੰ ਜਨਤਕ ਬਿਆਨ ਦੇਣ ਤੋਂ ਪਹਿਲਾਂ ਸਾਵਧਾਨ ਰਹਿਣਾ ਚਾਹੀਦਾ ਹੈ, ਜੋ ਪਾਰਟੀ ਲਈ ਸ਼ਰਮਿੰਦਗੀ ਪੈਦਾ ਕਰਦੇ ਹਨ।

**■ ਪਾਰਟੀ ਨੇ ਸੀਨੀਅਰ ਆਗੂਆਂ ਨੂੰ ਅਜਿਹੇ ਬਿਆਨਾਂ ਤੋਂ ਗੁਰੇਜ਼ ਕਰਨ ਲਈ ਕਿਹਾ**

ਪਾਰਟੀ ਸੂਤਰਾਂ ਨੇ ਕਿਹਾ, "ਕਾਂਗਰਸ ਲੀਡਰਸ਼ਿਪ ਦਾ ਵਿਚਾਰ ਹੈ ਕਿ ਸੀਨੀਅਰ ਆਗੂਆਂ, ਜਿਨ੍ਹਾਂ ਨੂੰ ਕਾਂਗਰਸ ਪਾਰਟੀ ਤੋਂ ਸਭ ਕੁਝ ਮਿਲਿਆ ਹੈ, ਨੂੰ ਪਾਰਟੀ ਨੂੰ ਸ਼ਰਮਿੰਦਗੀ ਪਹੁੰਚਾਉਣ ਵਾਲੇ ਬਿਆਨ ਦੇਣ ਵਿਚ ਵਧੇਰੇ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਹ ਆਦਤ ਨਹੀਂ ਬਣਨੀ ਚਾਹੀਦੀ।" ਦੱਸ ਦਈਏ ਕਿ ਕਾਂਗਰਸ ਦੇ ਸੰਸਦ ਮੈਂਬਰ ਪੀ. ਚਿਦੰਬਰਮ ਨੇ ਕਿਹਾ ਕਿ 1984 ਵਿਚ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਚੋਂ ਚਲਾਇਆ ਗਿਆ ਅਪਰੇਸ਼ਨ ਬਲਿਊ ਸਟਾਰ ਗਲਤ ਤਰੀਕਾ ਸੀ ਤੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਸ ਗਲਤੀ ਕਾਰਨ ਆਪਣੀ ਜਾਨ ਗੁਆਉਣੀ ਪਈ ਸੀ, ਹਾਲਾਂਕਿ ਇਹ ਫੈਸਲਾ ਇਕੱਲਾ ਇੰਦਰਾ ਗਾਂਧੀ ਦਾ ਨਹੀਂ ਸੀ। ਉਨ੍ਹਾਂ ਖੁਸ਼ਵੰਤ ਸਿੰਘ ਸਾਹਿਤਕ ਸਮਾਗਮ 2025 ਵਿਚ ਸ਼ਿਰਕਤ ਕਰਦਿਆਂ ਕਿਹਾ ਕਿ ਉਹ ਕਿਸੇ ਫੌਜੀ ਅਧਿਕਾਰੀ ਦੀ ਬੇਇੱਜ਼ਤੀ ਕੀਤੇ ਬਿਨਾਂ ਕਹਿਣਾ ਚਾਹੁੰਦੇ ਹਨ ਕਿ ਗੋਲਡਨ ਟੈਂਪਲ ਵਿਚ ਅਪਰੇਸ਼ਨ ਬਲਿਊ ਸਟਾਰ ਇੱਕ ਗਲਤ ਤਰੀਕਾ ਸੀ ਪਰ ਜੂਨ 1984 ਦਾ ਅਪਰੇਸ਼ਨ ਬਲਿਊ ਸਟਾਰ ਫੌਜ, ਪੁਲਿਸ, ਖੁਫੀਆ ਅਤੇ ਸਿਵਲ ਸੇਵਾਵਾਂ ਦੇ ਅਧਿਕਾਰੀਆਂ ਦਾ ਸਾਂਝਾ ਫੈਸਲਾ ਸੀ।

## ਹਰ ਸਾਲ ਧੁੱਪ ਨਿਕਲਣ ਦਾ ਘਟਦਾ ਜਾ ਰਿਹੈ ਸਮਾਂ

**ਨਵੀਂ ਦਿੱਲੀ, (ਪੰਜਾਬ ਮੇਲ)-** ਹਰ ਸਾਲ ਧੁੱਪ ਨਿਕਲਣ ਦਾ ਸਮਾਂ ਘਟਦਾ ਜਾ ਰਿਹਾ ਹੈ। ਇਹ ਖੁਲਾਸਾ 30 ਸਾਲਾਂ ਦੀ ਖੋਜ 'ਤੇ ਆਧਾਰਿਤ ਰਿਪੋਰਟ ਵਿਚ ਕੀਤਾ ਗਿਆ ਹੈ। 1988 ਤੋਂ 2018 ਦੇ ਰੁਝਾਨਾਂ ਦੇ ਅਧਿਐਨ ਅਨੁਸਾਰ, ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਹਰ ਸਾਲ ਧੁੱਪ ਦੇ ਘੰਟੇ ਘੱਟ ਹੋ ਸਕਦੇ ਹਨ। ਧੁੱਪ ਘਟਣ ਦਾ ਸਭ ਤੋਂ ਵੱਧ ਅਸਰ ਹਿਮਾਲਿਆ ਖੇਤਰ ਤੇ ਪੱਛਮੀ ਤੱਟ 'ਤੇ ਦਿਖਾਈ ਦੇ ਰਿਹਾ ਹੈ। ਬਨਾਰਸ ਹਿੰਦੂ ਯੂਨੀਵਰਸਿਟੀ, ਇੰਡੀਅਨ ਇੰਸਟੀਚਿਊਟ ਆਫ ਟਰੌਪੀਕਲ ਮੈਟਰੋਲੋਜੀ ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐੱਮ.ਡੀ.) ਦੇ ਖੋਜੀਆਂ ਨੇ ਨਵੇਂ ਅਧਿਐਨ ਵਿਚ ਪਾਇਆ ਕਿ ਪਿਛਲੇ ਤਿੰਨ ਦਹਾਕਿਆਂ ਦੌਰਾਨ ਹਿਮਾਲਿਆ ਖੇਤਰ 'ਚ ਔਸਤ ਹਰ ਸਾਲ ਲਗਪਗ 9.5 ਘੰਟੇ ਧੁੱਪ ਘੱਟ ਗਈ, ਜਦਕਿ ਪੱਛਮੀ ਤੱਟ 'ਤੇ ਹਰ ਸਾਲ 8.5 ਘੰਟੇ ਤੋਂ ਵੱਧ ਧੁੱਪ ਘਟੀ ਹੈ। 'ਸਾਇੰਟਿਫਿਕ ਰਿਪੋਰਟਸ' ਜਰਨਲ ਵਿਚ ਪ੍ਰਕਾਸ਼ਤ ਇਸ ਅਧਿਐਨ ਵਿਚ 1988 ਤੋਂ 2018 ਦਰਮਿਆਨ ਨੌਂ ਖੇਤਰਾਂ ਦੇ 20 ਤੋਂ ਵੱਧ ਮੌਸਮ ਕੇਂਦਰਾਂ ਤੋਂ ਇਕੱਤਰ ਅੰਕੜਿਆਂ ਦੀ ਜਾਂਚ ਕੀਤੀ ਗਈ। ਇਸ ਵਿਚ ਸਾਹਮਣੇ ਆਇਆ ਕਿ ਪਿਛਲੇ 30 ਸਾਲਾਂ ਦੌਰਾਨ ਦੱਖਣੀ ਪਠਾਰ ਦੇ ਖੇਤਰਾਂ ਵਿਚ ਹਰ ਸਾਲ ਤਿੰਨ ਘੰਟੇ ਘੱਟ ਧੁੱਪ ਨਿਕਲੀ, ਜਦੋਂਕਿ ਉੱਤਰ-ਪੂਰਬੀ ਖੇਤਰ ਵਿਚ ਹਰ ਸਾਲ ਲਗਪਗ ਡੇਢ ਘੰਟੇ ਘੱਟ ਧੁੱਪ ਮਿਲੀ ਹੈ।

# ਅਮਰੀਕਾ-ਚੀਨ ਵਪਾਰਕ ਤਣਾਅ: ਚੀਨ ਨੇ ਅਮਰੀਕੀ ਜਹਾਜ਼ਾਂ 'ਤੇ ਲਾਈ ਵਿਸ਼ੇਸ਼ ਪੋਰਟ ਫੀਸ

**ਬੀਜਿੰਗ, (ਪੰਜਾਬ ਮੇਲ)-** ਅਮਰੀਕਾ ਅਤੇ ਚੀਨ ਵਿਚਕਾਰ ਵਪਾਰਕ ਤਣਾਅ ਹੁਣ ਸਮੁੰਦਰੀ ਵਪਾਰ ਤੱਕ ਫੈਲ ਗਿਆ ਹੈ। ਚੀਨ ਨੇ ਮੰਗਲਵਾਰ ਨੂੰ ਅਮਰੀਕੀ ਜਹਾਜ਼ਾਂ 'ਤੇ ਵਿਸ਼ੇਸ਼ ਪੋਰਟ ਫੀਸ ਲਗਾਈ ਅਤੇ ਦੱਖਣੀ ਕੋਰੀਆਈ ਜਹਾਜ਼ ਨਿਰਮਾਤਾ ਹਨਵਾ ਓਸ਼ੀਅਨ ਦੀਆਂ ਪੰਜ ਅਮਰੀਕਾ-ਆਧਾਰਿਤ ਇਕਾਈਆਂ ਨਾਲ ਕਿਸੇ ਵੀ ਵਪਾਰ 'ਤੇ ਪਾਬੰਦੀ ਲਗਾ ਦਿੱਤੀ। ਦੋਵੇਂ ਕਦਮ ਟਰੰਪ ਪ੍ਰਸ਼ਾਸਨ ਦੇ ਅਮਰੀਕੀ ਜਹਾਜ਼ ਨਿਰਮਾਣ ਉਦਯੋਗ ਨੂੰ ਮਜ਼ਬੂਤ ਕਰਨ ਦੇ ਯਤਨਾਂ ਦਾ ਸਖ਼ਤ ਜਵਾਬ ਹਨ। ਚੀਨ ਦੇ ਵਣਜ ਅਤੇ ਆਵਾਜਾਈ ਮੰਤਰਾਲੇ ਨੇ ਕਿਹਾ ਕਿ ਇਹ ਉਪਾਅ ਚੀਨ ਦੇ ਸ਼ਿਪਿੰਗ ਉਦਯੋਗ ਅਤੇ ਕੰਪਨੀਆਂ ਦੇ ਅਧਿਕਾਰਾਂ ਦੀ ਰੱਖਿਆ, ਅੰਤਰਰਾਸ਼ਟਰੀ ਸ਼ਿਪਿੰਗ ਵਿਚ ਬਰਾਬਰ ਮੁਕਾਬਲਾ ਯਕੀਨੀ ਬਣਾਉਣ ਅਤੇ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਸਨ। ਸ਼ੁਰੂਆਤੀ ਪੋਰਟ ਫੀਸ 400 ਯੂਆਨ ($56) ਪ੍ਰਤੀ ਸ਼ੁੱਧ ਟਨ ਹੋਵੇਗੀ ਤੇ ਅਗਲੇ ਤਿੰਨ ਸਾਲਾਂ 'ਚ ਸਾਲਾਨਾ ਵਧੇਗੀ।

**■ ਅਮਰੀਕਾ 'ਚ 5 ਹਨਵਾ ਯੂਨਿਟਾਂ ਬੈਨ**

ਹਨਵਾ ਓਸ਼ੀਅਨ ਦੀਆਂ ਪਾਬੰਦੀਸ਼ੁਦਾ ਅਮਰੀਕੀ ਇਕਾਈਆਂ 'ਚ ਹਨਵਾ ਸ਼ਿਪਿੰਗ ਐੱਲ.ਐੱਲ.ਸੀ., ਹਨਵਾ ਫਿਲੀ ਸ਼ਿਪਯਾਰਡ ਇੰਕ., ਹਨਵਾ ਓਸ਼ੀਅਨ ਯੂ.ਐੱਸ.ਏ. ਇੰਟਰਨੈਸ਼ਨਲ ਐੱਲ.ਐੱਲ.ਸੀ., ਹਨਵਾ ਸ਼ਿਪਿੰਗ ਹੋਲਡਿੰਗਜ਼ ਐੱਲ.ਐੱਲ.ਸੀ. ਅਤੇ ਐੱਚ.ਐੱਸ. ਯੂ.ਐੱਸ.ਏ. ਹੋਲਡਿੰਗਜ਼ ਕਾਰਪੋਰੇਸ਼ਨ ਸ਼ਾਮਲ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਨੇ ਹੁਣ ਜਹਾਜ਼ ਨਿਰਮਾਣ ਨੂੰ ਹਥਿਆਰਬੰਦ ਕਰ ਲਿਆ ਹੈ ਅਤੇ ਇਹ ਸੰਕੇਤ ਦੇ ਰਿਹਾ ਹੈ ਕਿ ਉਹ ਤੀਜੇ ਦੇਸ਼ ਦੀਆਂ ਕੰਪਨੀਆਂ 'ਤੇ ਵੀ ਕਾਰਵਾਈ ਕਰੇਗਾ, ਜੋ ਅਮਰੀਕਾ ਨੂੰ ਚੀਨ ਦੇ ਸਮੁੰਦਰੀ ਦਬਦਬੇ ਦਾ ਮੁਕਾਬਲਾ ਕਰਨ 'ਚ ਮਦਦ ਕਰ ਰਹੀਆਂ ਹਨ। ਦੱਖਣੀ ਕੋਰੀਆ 'ਚ ਹਨਵਾ ਓਸ਼ੀਅਨ ਦੇ ਸ਼ੇਅਰ 8 ਫੀਸਦੀ ਡਿੱਗ ਗਏ। ਚੀਨ ਦਾ ਇਹ ਕਦਮ 14 ਅਕਤੂਬਰ ਤੋਂ ਚੀਨੀ ਜਹਾਜ਼ਾਂ 'ਤੇ ਲਗਾਏ ਗਏ ਅਮਰੀਕੀ ਬੰਦਰਗਾਹ ਟੈਰਿਫ ਦੇ ਜਵਾਬ ਵਿਚ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਵਾਬ ਵਿਚ 100 ਫੀਸਦੀ ਵਾਧੂ ਟੈਰਿਫ ਅਤੇ ਹੋਰ ਪਾਬੰਦੀਆਂ ਲਗਾਉਣ ਦੀ ਧਮਕੀ ਦਿੱਤੀ ਹੈ। ਚੀਨੀ ਮੰਤਰਾਲੇ ਨੇ ਅਮਰੀਕਾ ਨੂੰ ਆਪਣੀਆਂ ਗਲਤੀਆਂ ਨੂੰ ਸੁਧਾਰਨ ਅਤੇ ਵਪਾਰਕ ਗੱਲਬਾਤ ਵਿਚ ਇਮਾਨਦਾਰੀ ਦਿਖਾਉਣ ਦੀ ਅਪੀਲ ਕੀਤੀ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

# ਐਡਮਿੰਟਨ 'ਚ 4 ਪੰਜਾਬੀ ਪੋਸਤ ਦੀ ਗ਼ੈਰਕਾਨੂੰਨੀ ਖੇਤੀ ਕਰਦੇ ਕਾਬੂ

## ■ ਪੋਸਤ ਦੇ 60 ਹਜ਼ਾਰ ਬੂਟੇ ਜ਼ਬਤ

**ਵੈਨਕੂਵਰ, (ਪੰਜਾਬ ਮੇਲ)-** ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ ਦੇ ਉੱਤਰੀ ਪਾਸੇ ਪੋਸਤ ਦੀ ਖੇਤੀ ਕਰਦੇ ਚਾਰ ਪੰਜਾਬੀਆਂ ਨੂੰ ਪੁਲਿਸ ਨੇ ਕਾਬੂ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਖੇਤਾਂ 'ਚੋਂ ਪੋਸਤ ਦੇ ਪਲੇ ਹੋਏ 60 ਹਜ਼ਾਰ ਬੂਟੇ ਵੀ ਜ਼ਬਤ ਕੀਤੇ ਹਨ।

ਇਹ ਪੂਰਾ ਮਾਮਲਾ ਉਦੋਂ ਪੁਲਿਸ ਦੇ ਧਿਆਨ ਵਿਚ ਆਇਆ, ਜਦੋਂ ਬੂਟਿਆਂ ਨੂੰ ਫੁੱਲ ਲੱਗਣ ਤੋਂ ਬਾਅਦ ਉਨ੍ਹਾਂ ਦੇ ਡੋਡੇ ਬਣਨ ਲੱਗੇ। ਪੁਲਿਸ ਨੇ ਫਾਰਮ ਹਾਊਸ ਦੀ ਤਲਾਸ਼ੀ ਲਈ, ਤਾਂ ਉਥੋਂ ਡੋਡੇ ਪੀਸ ਕੇ ਬਣਾਈ ਭੁੱਕੀ ਅਤੇ ਖਸਖਸ ਦੀਆਂ ਪੁੜੀਆਂ ਵੱਡੀ ਮਾਤਰਾ ਵਿਚ ਮਿਲੀਆਂ।

ਪੁਲਿਸ ਨੇ ਸੁਖਦੀਪ ਧਨੋਆ (42), ਸੰਦੀਪ ਦੰਦੀਵਾਲ (33), ਗੁਰਪ੍ਰੀਤ ਸਿੰਘ (30) ਅਤੇ ਕੁਲਵਿੰਦਰ ਸਿੰਘ (40) ਖਿਲਾਫ਼ ਨਸ਼ਾ ਵਿਰੋਧੀ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ ਹੈ।

ਐਡਮਿੰਟਨ ਪੁਲਿਸ ਦੇ ਡਰੱਗ ਐਂਡ ਗੈਂਗ ਐਨਫੋਰਸਮੈਂਟ ਟੀਮ ਦੇ ਬੁਲਾਰੇ ਸਾਰਜੈਂਟ ਮਾਰਕੋਂ ਐਂਟੋਨੀਓ ਨੇ ਦੱਸਿਆ ਕਿ ਸ਼ਹਿਰ ਦੇ ਉੱਤਰ ਪੂਰਬੀ ਖੇਤਰ 'ਚ 195 ਐਵੇਨਿਊ ਅਤੇ 34 ਸਟਰੀਟ ਸਥਿਤ ਫਾਰਮ ਹਾਊਸ ਵਿਚ ਨਸ਼ੇ ਵਾਲੇ ਪਾਬੰਦੀਸ਼ੁਦਾ ਬੂਟਿਆਂ ਦੀ ਖੇਤੀ ਬਾਰੇ ਪਤਾ ਲੱਗਾ ਤਾਂ ਉਸ 'ਤੇ ਨਿਗ੍ਹਾ ਰੱਖੀ ਗਈ।



ਐਡਮਿੰਟਨ ਪੁਲਿਸ ਵੱਲੋਂ ਜਾਰੀ ਕੀਤੀ ਗਈ ਪੋਸਤ ਦੀ ਗੈਰਕਨੂੰਨੀ ਖੇਤੀ ਦੀ ਫੋਟੋ।

ਇਹ ਸਬੂਤ ਵੀ ਇਕੱਤਰ ਕਰ ਲਏ ਗਏ ਕਿ ਉਤਪਾਦਕਾਂ ਵਲੋਂ ਫਾਰਮ ਹਾਊਸ ਦੇ ਪਿਛਵਾੜੇ ਖੁੱਲ੍ਹੇ ਖੇਤਰ ਵਿਚ ਉਗਾਏ ਗਏ ਬੂਟੇ ਉਹ ਨਸ਼ੇੜੀਆਂ ਦੀ ਵਰਤੋਂ ਲਈ ਉਗਾਉਂਦੇ ਹਨ। ਅਦਾਲਤ ਤੋਂ ਵਰੰਟ ਲੈ ਕੇ ਜਦੋਂ ਉਨ੍ਹਾਂ ਦੇ ਫਾਰਮ ਦੀ ਤਲਾਸ਼ੀ ਕੀਤੀ ਗਈ ਤਾਂ ਉੱਥੋਂ ਵੱਡੀ ਮਾਤਰਾ ਵਿਚ ਭੁੱਕੀ ਅਤੇ ਬੀਜ (ਖਸਖਸ) ਦੀਆਂ ਪੁੜੀਆਂ ਮਿਲੀਆਂ, ਜੋ ਉਤਪਾਦਕਾਂ ਨੇ ਡੋਡੇ ਪੀਸਣ ਤੋਂ ਬਾਅਦ ਨਸ਼ੇੜੀਆਂ ਨੂੰ ਵੇਚਣ ਲਈ ਬਣਾਈਆਂ ਹੋਈਆਂ ਸੀ।

ਬੁਲਾਰੇ ਨੇ ਦੱਸਿਆ ਕਿ ਉਤਪਾਦਕਾਂ ਦੇ ਪੋਸਤ ਉਤਪਾਦਨ ਦੀ ਬਾਜ਼ਾਰੀ ਕੀਮਤ ਡੇਢ ਤੋਂ 5 ਲੱਖ ਦੱਸੀ ਜਾਂਦੀ ਹੈ। ਉਸ ਨੇ ਦੱਸਿਆ ਕਿ ਪੋਸਤ ਦੇ ਡੋਡਿਆਂ ਦੇ ਰਸ ਤੋਂ ਅਫੀਮ ਤੇ ਹੈਰੋਇਨ ਬਣਾਈ ਜਾਂਦੀ ਹੈ ਤੇ ਇਸ ਨੂੰ ਗੈਰਕਾਨੂੰਨੀ ਢੰਗ ਨਾਲ ਵੇਚਿਆ ਜਾਂਦਾ ਹੈ। ਬੁਲਾਰੇ ਨੇ ਦੱਸਿਆ ਕਿ ਕੈਨੇਡਾ ਵਿਚ ਪੋਸਤ ਦੀ ਨਾਜਾਇਜ਼ ਖੇਤੀ ਦਾ ਇਹ ਦੂਜਾ ਮਾਮਲਾ ਹੈ। ਇਸ ਤੋਂ ਪਹਿਲਾਂ 2011 ਵਿਚ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਚਿਲਾਵੈਕ ਵਿਚ ਇੰਜ ਦੀ ਖੇਤੀ ਕਰਦੇ ਲੋਕ ਫੜੇ ਗਏ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਵੱਲੋਂ ਚੀਨ 'ਤੇ 1 ਨਵੰਬਰ ਤੋਂ 100 ਫ਼ੀਸਦੀ ਟੈਰਿਫ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਚੀਨੀ ਸਾਮਾਨ 'ਤੇ 'ਕਿਸੇ ਵੀ ਟੈਰਿਫ ਤੋਂ ਇਲਾਵਾ ਜੋ ਉਹ ਮੌਜੂਦਾ ਸਮੇਂ ਅਦਾ ਕਰ ਰਹੇ ਹਨ' 1 ਨਵੰਬਰ ਤੋਂ ਪ੍ਰਭਾਵੀ ਤੌਰ 'ਤੇ 100 ਫ਼ੀਸਦੀ ਟੈਰਿਫ ਲਗਾਵੇਗਾ।

ਉਨ੍ਹਾਂ ਕਿਹਾ ਕਿ ਉਸੇ ਦਿਨ ਤੋਂ ਸਾਰੇ ਮਹੱਤਵਪੂਰਨ ਸਾਫਟਵੇਅਰ 'ਤੇ ਨਿਰਯਾਤ ਨਿਯੰਤਰਣ ਲਗਾਏ ਜਾਣਗੇ।

ਸ਼ੁੱਕਰਵਾਰ (ਸਥਾਨਕ ਸਮੇਂ) ਨੂੰ ਟਰੁੱਥ ਸੋਸ਼ਲ 'ਤੇ ਇੱਕ ਪੋਸਟ ਵਿਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਇਸ ਤੱਥ ਦੇ ਆਧਾਰ 'ਤੇ ਕਿ ਚੀਨ ਨੇ ਇਹ ਬੇਮਿਸਾਲ ਰੁਖ਼ ਅਪਣਾਇਆ ਹੈ ਅਤੇ ਸਿਰਫ਼ ਅਮਰੀਕਾ ਲਈ ਬੋਲ ਰਿਹਾ ਹੈ, ਨਾ ਕਿ ਹੋਰ ਦੇਸ਼ਾਂ ਲਈ ਜਿਨ੍ਹਾਂ ਨੂੰ ਇਸੇ ਤਰ੍ਹਾਂ ਧਮਕੀ ਦਿੱਤੀ ਗਈ ਸੀ, 1 ਨਵੰਬਰ, 2025 ਤੋਂ (ਜਾਂ ਜਲਦੀ, ਚੀਨ ਦੁਆਰਾ ਕੀਤੇ ਗਏ ਕਿਸੇ ਵੀ ਹੋਰ ਕਦਮ ਜਾਂ ਬਦਲਾਅ 'ਤੇ ਨਿਰਭਰ ਕਰਦਿਆਂ), ਸੰਯੁਕਤ ਰਾਜ ਅਮਰੀਕਾ ਚੀਨ 'ਤੇ 100 ਫ਼ੀਸਦੀ ਟੈਰਿਫ ਲਗਾਵੇਗਾ, ਜੋ ਕਿ ਉਹ ਮੌਜੂਦਾ ਸਮੇਂ ਅਦਾ ਕਰ ਰਹੇ ਕਿਸੇ ਵੀ ਟੈਰਿਫ ਤੋਂ ਇਲਾਵਾ ਹੈ। ਨਾਲ ਹੀ 1 ਨਵੰਬਰ ਨੂੰ, ਅਸੀਂ ਕਿਸੇ ਵੀ ਅਤੇ ਸਾਰੇ ਮਹੱਤਵਪੂਰਨ ਸਾਫਟਵੇਅਰ 'ਤੇ ਨਿਰਯਾਤ ਨਿਯੰਤਰਣ ਲਗਾਵਾਂਗੇ।"

ਟਰੰਪ ਨੇ ਇਹ ਐਲਾਨ ਚੀਨ ਵੱਲੋਂ 'ਦੁਨੀਆਂ ਨੂੰ ਇੱਕ ਬਹੁਤ ਹੀ ਵਿਰੋਧੀ ਪੱਤਰ' ਭੇਜ ਕੇ 'ਵਪਾਰ 'ਤੇ ਇੱਕ ਅਸਾਧਾਰਨ ਹਮਲਾਵਰ ਰੁਖ਼' ਅਪਣਾਉਣ ਦੇ ਜਵਾਬ ਵਿਚ ਕੀਤਾ



ਹੈ। ਟਰੰਪ ਨੇ ਕਿਹਾ, "ਇਹ ਹੁਣੇ ਪਤਾ ਲੱਗਾ ਹੈ ਕਿ ਚੀਨ ਨੇ ਵਪਾਰ 'ਤੇ ਇੱਕ ਬਹੁਤ ਹੀ ਹਮਲਾਵਰ ਰੁਖ਼ ਅਪਣਾਇਆ ਹੈ, ਜਿਸ ਵਿਚ ਦੁਨੀਆਂ ਨੂੰ ਇੱਕ ਬਹੁਤ ਹੀ ਵਿਰੋਧੀ ਪੱਤਰ ਭੇਜਿਆ ਗਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਉਹ 1 ਨਵੰਬਰ, 2025 ਤੋਂ ਪ੍ਰਭਾਵੀ ਹੋ ਕੇ, ਉਨ੍ਹਾਂ ਦੁਆਰਾ ਬਣਾਏ ਗਏ ਲਗਭਗ ਹਰ ਉਤਪਾਦ 'ਤੇ ਵੱਡੇ ਪੱਧਰ 'ਤੇ ਨਿਰਯਾਤ ਨਿਯੰਤਰਣ ਲਗਾਉਣ ਜਾ ਰਹੇ ਹਨ ਅਤੇ ਕੁਝ ਤਾਂ ਉਨ੍ਹਾਂ ਦੁਆਰਾ ਬਣਾਏ ਵੀ ਨਹੀਂ ਗਏ ਹਨ। ਬਿਨਾਂ ਕਿਸੇ ਅਪਵਾਦ ਦੇ ਇਹ ਸਾਰੇ ਦੇਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਪੱਸ਼ਟ ਤੌਰ 'ਤੇ ਉਨ੍ਹਾਂ ਦੁਆਰਾ ਸਾਲ ਪਹਿਲਾਂ ਬਣਾਈ ਗਈ ਇੱਕ ਯੋਜਨਾ ਸੀ। ਇਹ ਕੌਮਾਂਤਰੀ ਵਪਾਰ ਵਿਚ ਬਿਲਕੁਲ ਅਣਸੁਣਿਆ ਹੈ ਅਤੇ ਦੂਜੇ ਦੇਸ਼ਾਂ ਨਾਲ ਨਜਿੱਠਣ ਵਿਚ ਇੱਕ ਨੈਤਿਕ ਅਪਮਾਨ ਹੈ।"

ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਇਹ ਵਿਸ਼ਵਾਸ ਕਰਨਾ ਅਸੰਭਵ ਹੈ ਕਿ ਚੀਨ ਨੇ ਅਜਿਹੀ ਕਾਰਵਾਈ ਕੀਤੀ ਹੋਵੇਗੀ, ਪਰ ਉਨ੍ਹਾਂ ਨੇ ਕੀਤੀ ਹੈ ਅਤੇ ਬਾਕੀ ਇਤਿਹਾਸ ਹੈ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।"

ਟਰੰਪ ਦਾ ਇਹ ਐਲਾਨ ਚੀਨ ਵੱਲੋਂ ਧਰਤੀ ਦੇ ਦੁਰਲੱਭ ਨਿਰਯਾਤ 'ਤੇ ਪਾਬੰਦੀਆਂ ਵਧਾਉਣ, ਆਪਣੀ ਨਿਯੰਤਰਣ ਸੂਚੀ ਦਾ ਵਿਸਤਾਰ ਕਰਨ ਅਤੇ ਉਤਪਾਦਨ ਤਕਨਾਲੋਜੀਆਂ ਅਤੇ ਵਿਦੇਸ਼ੀ ਐਪਲੀਕੇਸ਼ਨਾਂ ਨੂੰ ਕਵਰ ਕਰਨ ਲਈ ਪਾਬੰਦੀਆਂ ਵਧਾਉਣ ਦੇ ਜਵਾਬ 'ਚ ਆਇਆ ਹੈ, ਜਿਸ ਵਿੱਚ ਫ਼ੌਜੀ ਅਤੇ ਸੈਮੀਕੰਡਕਟਰ ਸੈਕਟਰ ਸ਼ਾਮਲ ਹਨ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਟਰੰਪ ਨੇ ਕਿਹਾ ਸੀ ਕਿ ਪੇਈਚਿੰਗ ਵੱਲੋਂ ਧਰਤੀ ਦੇ ਦੁਰਲੱਭ ਤੱਤਾਂ 'ਤੇ ਵਿਆਪਕ ਨਵੇਂ ਨਿਰਯਾਤ ਨਿਯੰਤਰਣ ਲਗਾ ਕੇ 'ਬਹੁਤ ਵਿਰੋਧੀ' ਕਦਮ ਚੁੱਕਣ ਤੋਂ ਬਾਅਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਮਿਲਣ ਦਾ ਕੋਈ ਕਾਰਨ ਨਹੀਂ' ਸੀ।


ਉਨ੍ਹਾਂ ਚਿਤਾਵਨੀ ਦਿੱਤੀ ਸੀ ਕਿ ਸੰਯੁਕਤ ਰਾਜ ਅਮਰੀਕਾ ਸਖ਼ਤ ਜਵਾਬੀ ਉਪਾਵਾਂ ਨਾਲ ਜਵਾਬ ਦੇਣ ਦੀ ਤਿਆਰੀ ਕਰ ਰਿਹਾ ਹੈ, ਜਿਸ ਵਿਚ ਚੀਨੀ ਸਾਮਾਨਾਂ 'ਤੇ 'ਟੈਰਿਫ ਵਿਚ ਭਾਰੀ ਵਾਧਾ' ਸ਼ਾਮਲ ਹੈ।

ਚੀਨ, ਜੋ ਸਮਾਰਟਫੋਨ ਤੋਂ ਲੈ ਕੇ ਲੜਾਕੂ ਜਹਾਜ਼ਾਂ ਤੱਕ ਹਰ ਚੀਜ਼ ਵਿਚ ਵਰਤੇ ਜਾਣ ਵਾਲੇ ਦੁਰਲੱਭ ਖਣਿਜਾਂ ਦੀ ਗਲੋਬਲ ਪ੍ਰੋਸੈਸਿੰਗ ਵਿਚ ਦਬਦਬਾ ਰੱਖਦਾ ਹੈ, ਨੇ ਪੰਜ ਨਵੇਂ ਤੱਤ- **holmium, erbium, thulium, europium** ਅਤੇ **ytterbium** ਨੂੰ ਆਪਣੀ ਮੌਜੂਦਾ ਪਾਬੰਦੀਸ਼ੁਦਾ ਖਣਿਜਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ, ਜਿਸ ਨਾਲ ਕੁੱਲ 17 ਕਿਸਮਾਂ ਵਿਚੋਂ 12 ਹੋ ਗਏ ਹਨ। ਨਿਰਯਾਤ ਲਾਇਸੈਂਸ ਹੁਣ ਨਾ ਸਿਰਫ਼ ਤੱਤਾਂ ਲਈ ਸਗੋਂ ਮਾਈਨਿੰਗ, ਪਿਘਲਾਉਣ ਅਤੇ ਚੁੰਬਕ ਉਤਪਾਦਨ ਨਾਲ ਸਬੰਧਤ ਤਕਨਾਲੋਜੀਆਂ ਲਈ ਵੀ ਲੋੜੀਂਦੇ ਹੋਣਗੇ।




# ਵੈਨੇਜ਼ੁਏਲਾ ਦੀ ਮਾਰੀਆ ਕੋਰੀਨਾ ਮਸ਼ਾਡੋ ਨੂੰ ਨੋਬੇਲ ਸ਼ਾਂਤੀ ਪੁਰਸਕਾਰ

**■ ਟਰੰਪ ਦੀਆਂ ਨੋਬਲ ਜਿੱਤਣ ਦੀਆਂ ਆਸਾਂ ਨੂੰ ਨਾ ਪਿਆ ਬੂਰ**



ਓਸਲੋ, (ਪੰਜਾਬ ਮੇਲ)- ਵੈਨੇਜ਼ੁਏਲਾ 'ਚ ਵਿਰੋਧੀ ਧਿਰ ਦੀ ਆਗੂ ਮਾਰੀਆ ਕੋਰੀਨਾ ਮਸ਼ਾਡੋ ਨੂੰ ਇਸ ਵਰ੍ਹੇ ਦੇ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਨੌਰਵੇ ਦੀ ਨੋਬੇਲ ਕਮੇਟੀ ਦੇ ਮੁਖੀ ਜੌਰਗੇਨ ਵਾਤਨੇ ਫ੍ਰਿਡਨੇਸ ਨੇ ਕਿਹਾ, "ਵੈਨੇਜ਼ੁਏਲਾ 'ਚ ਰਾਸ਼ਟਰਪਤੀ ਅਹੁਦੇ ਦੀ ਵਿਰੋਧੀ ਧਿਰ ਦੀ ਉਮੀਦਵਾਰ ਰਹੀ ਮਾਰੀਆ ਕੋਰੀਨਾ ਮਸ਼ਾਡੋ ਵੰਡੀ ਹੋਈ ਵਿਰੋਧੀ ਧਿਰ ਨੂੰ ਇਕਜੁੱਟ ਕਰਨ ਵਾਲੀ ਅਹਿਮ ਹਸਤੀ ਹੈ। ਇਕ ਅਜਿਹੀ ਵਿਰੋਧੀ ਧਿਰ ਜਿਸ ਨੇ ਨਿਰਪੱਖ ਚੋਣਾਂ ਅਤੇ ਚੁਣੀ ਹੋਈ ਸਰਕਾਰ ਦੀ ਮੰਗ ਕੀਤੀ।" 'ਆਇਰਨ ਲੇਡੀ' ਵਜੋਂ ਜਾਣੀ ਜਾਂਦੀ ਮਸ਼ਾਡੋ ਨੂੰ ਇਹ ਵੱਕਾਰੀ ਪੁਰਸਕਾਰ ਵੈਨੇਜ਼ੁਏਲਾ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਉਤਸ਼ਾਹਿਤ ਕਰਨ ਵਿਚ ਉਨ੍ਹਾਂ ਦੇ ਅਣਥੱਕ ਯਤਨ ਅਤੇ ਤਾਨਾਸ਼ਾਹੀ ਤੋਂ ਲੋਕਤੰਤਰ ਵਿਚ ਨਿਆਂਪੂਰਨ ਅਤੇ ਸ਼ਾਂਤੀਪੂਰਨ ਤਬਦੀਲੀ ਲਈ ਉਨ੍ਹਾਂ ਦੇ ਸੰਘਰਸ਼ ਲਈ ਦਿੱਤਾ ਗਿਆ ਹੈ। ਪਿਛਲੇ ਵਰ੍ਹੇ ਜਪਾਨ ਦੇ ਨਿਹੋਨ ਹਿਦਾਨਕਯੋ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ, ਜੋ ਐਟਮ ਬੰਬ ਦੇ ਪੀੜਤਾਂ ਨਾਲ ਮਿਲ ਕੇ ਅੰਦੋਲਨ ਕਰਕੇ ਪਰਮਾਣੂ ਹਥਿਆਰਾਂ ਦੀ ਵਰਤੋਂ 'ਤੇ ਪਾਬੰਦੀ ਲਗਾਏ ਰੱਖਣ ਲਈ ਕੰਮ ਕਰ ਰਹੇ ਹਨ। ਨੋਬੇਲ ਸ਼ਾਂਤੀ ਪੁਰਸਕਾਰ ਓਸਲੋ (ਨੌਰਵੇ) 'ਚ ਦਿੱਤਾ ਜਾਂਦਾ ਹੈ, ਜਦਕਿ ਬਾਕੀ ਦੇ ਚਾਰ ਪੁਰਸਕਾਰ ਸਵੀਡਨ ਦੀ ਰਾਜਧਾਨੀ ਸਟਾਕਹੋਮ ਤੋਂ ਐਲਾਨੇ ਗਏ ਸਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੋਬੇਲ ਸ਼ਾਂਤੀ ਪੁਰਸਕਾਰ ਜਿੱਤਣ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਉਂਝ ਉਨ੍ਹਾਂ ਦੇ ਸਾਥੀ ਰਿਪਬਲਿਕਨਾਂ, ਵੱਖ-ਵੱਖ ਆਲਮੀ ਆਗੂਆਂ ਅਤੇ ਟਰੰਪ ਵੱਲੋਂ ਖੁਦ ਨੋਬੇਲ ਸ਼ਾਂਤੀ ਪੁਰਸਕਾਰ 'ਤੇ ਵਾਰ-ਵਾਰ ਦਾਅਵਾ ਠੋਕਿਆ ਗਿਆ ਸੀ। ਉਨ੍ਹਾਂ ਸੱਤ ਜੰਗਾਂ ਰੁਕਵਾਉਣ ਦਾ ਦਾਅਵਾ ਕਰਕੇ ਨੋਬੇਲ ਪੁਰਸਕਾਰ ਦਾ ਦਾਅਵੇਦਾਰ ਬਣਨ ਦੀ ਕੋਸ਼ਿਸ਼ ਕੀਤੀ ਸੀ। ਟਰੰਪ ਨੂੰ ਨੋਬੇਲ ਪੁਰਸਕਾਰ ਦੇਣ ਲਈ ਕਈ ਆਗੂਆਂ ਨੇ ਪੱਖ ਪੂਰਿਆ ਸੀ ਪਰ ਬਹੁਤਿਆਂ ਨੇ ਪੁਰਸਕਾਰ ਲਈ ਪਹਿਲੀ ਫਰਵਰੀ ਨੂੰ ਸਮਾਂ-ਸੀਮਾ ਖ਼ਤਮ ਹੋਣ ਮਗਰੋਂ ਉਨ੍ਹਾਂ ਦੇ ਨਾਮ ਨੂੰ ਅੱਗੇ ਵਧਾਇਆ ਸੀ। ਰਿਪਬਲਿਕਨ ਆਗੂ ਕਲੌਡੀਆ ਟੈਨੀ ਨੇ ਅਬਰਾਹਮ ਸਮਝੌਤੇ ਲਈ ਦਸੰਬਰ 'ਚ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇਣ ਦੀ ਵਕਾਲਤ ਕੀਤੀ ਸੀ।


## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ।

871


# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ 'ਚ ਭਾਰੀ ਗਿਰਾਵਟ !

**■ ਕੋਵਿਡ ਮਹਾਮਾਰੀ (2020) ਤੋਂ ਬਾਅਦ ਸਭ ਤੋਂ ਘੱਟ ਦੱਸੀ ਜਾ ਰਹੀ ਹੈ ਇਹ ਗਿਣਤੀ**

ਨਵੀਂ ਦਿੱਲੀ (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵੀਜ਼ਾ ਨੀਤੀਆਂ ਕਾਰਨ ਅਮਰੀਕੀ ਯੂਨੀਵਰਸਿਟੀਆਂ 'ਚ ਸਰਦ ਸਮੈਸਟਰ ਦੀ ਸ਼ੁਰੂਆਤ ਤੋਂ ਪਹਿਲਾਂ ਅਗਸਤ 'ਚ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ ਵਿਚ ਭਾਰੀ ਗਿਰਾਵਟ ਆਈ ਹੈ। ਵਿਦਿਆਰਥੀਆਂ ਦੀ ਆਮਦ ਦੀ ਇਹ ਗਿਣਤੀ ਕੋਵਿਡ ਮਹਾਮਾਰੀ (2020) ਤੋਂ ਬਾਅਦ ਸਭ ਤੋਂ ਘੱਟ ਦੱਸੀ ਜਾ ਰਹੀ ਹੈ, ਜਦਕਿ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਇਹ ਗਿਰਾਵਟ 44 ਫੀਸਦੀ ਤੋਂ ਵੱਧ ਹੈ।

ਵਣਜ ਵਿਭਾਗ ਦੇ ਅਧੀਨ ਇਕ ਅਮਰੀਕੀ ਸਰਕਾਰੀ ਏਜੰਸੀ ਅੰਤਰਰਾਸ਼ਟਰੀ ਵਪਾਰ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ ਇਸ ਸਾਲ ਅਗਸਤ 'ਚ 41,540 ਭਾਰਤੀ ਵਿਦਿਆਰਥੀ ਵੀਜ਼ਾ (ਐੱਫ ਅਤੇ ਐੱਮ ਸ਼੍ਰੇਣੀਆਂ) 'ਤੇ ਅਮਰੀਕਾ ਪਹੁੰਚੇ। ਇਹ ਗਿਣਤੀ 2020 ਤੋਂ ਬਾਅਦ ਸਭ ਤੋਂ ਘੱਟ ਹੈ, ਜਦੋਂ ਮਹਾਮਾਰੀ ਕਾਰਨ ਯਾਤਰਾ ਪਾਬੰਦੀਆਂ ਲਾਗੂ ਸਨ। 2021 ਵਿਚ ਸਟੂਡੈਂਟ ਵੀਜ਼ਾ 'ਤੇ 56,000 ਤੋਂ ਵੱਧ ਭਾਰਤੀ ਆਏ, ਜੋ 2022 'ਚ ਵਧ ਕੇ 80,486 ਅਤੇ 2023 ਵਿਚ 93,833 ਹੋ ਗਏ। ਅਗਸਤ 2024 'ਚ ਇਹ ਗਿਣਤੀ ਘੱਟ ਕੇ 74,825 ਹੋ ਗਈ ਸੀ। ਮਹਾਮਾਰੀ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਭਾਵ ਪਹਿਲੇ ਸਾਲ ਅਗਸਤ 2017 ਵਿਚ ਭਾਰਤੀ ਵਿਦਿਆਰਥੀਆਂ ਦੀ ਆਮਦ ਘਟ ਕੇ 41,192 ਹੋ ਗਈ ਸੀ ਅਤੇ 2018 ਅਤੇ 2019 'ਚ ਇਹ ਲਗਭਗ 41,000 ਰਹੀ। ਮਹਾਮਾਰੀ ਤੋਂ ਪਹਿਲਾਂ ਓਬਾਮਾ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੇ ਆਖਰੀ ਦੋ ਸਾਲਾਂ 'ਚ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ ਇਸ ਅਗਸਤ ਦੇ ਮੁਕਾਬਲੇ ਵੱਧ ਸੀ। ਪਿਛਲੇ ਸਾਲਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਅਗਸਤ/ਸਤੰਬਰ 'ਚ ਸ਼ੁਰੂ ਹੋਣ ਵਾਲੇ ਸਮੈਸਟਰ ਦੇ ਨਾਲ ਸਟੂਡੈਂਟ ਵੀਜ਼ਾ 'ਤੇ ਆਮਦ ਆਮ ਤੌਰ 'ਤੇ ਅਗਸਤ 'ਚ ਸਿਖਰ 'ਤੇ ਹੁੰਦੀ ਹੈ।

# ਪਾਕਿਸਤਾਨ ਨਾਲ ਸੰਘਰਸ਼ ਦਾ ਸ਼ਾਂਤੀਪੂਰਨ ਹੱਲ ਚਾਹੁੰਦੈ ਅਫ਼ਗਾਨਿਸਤਾਨ

**■ ਕਿਹਾ: ਕੋਸ਼ਿਸ਼ਾਂ ਸਫ਼ਲ ਨਾ ਹੋਈਆਂ ਤਾਂ ਹੋਰ ਵੀ ਬਦਲ ਹਨ**

ਕਾਬੁਲ, (ਪੰਜਾਬ ਮੇਲ)- ਇਕ ਹਫ਼ਤੇ ਦੇ ਭਾਰਤ ਦੌਰੇ 'ਤੇ ਆਏ ਹੋਏ ਅਫ਼ਗਾਨਿਤਸਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁੱਤਾਕੀ ਨੇ ਐਤਵਾਰ ਨੂੰ ਕਿਹਾ ਕਿ ਪਾਕਿਸਤਾਨ ਨਾਲ ਸੰਘਰਸ਼ ਦਾ ਅਫਗਾਨਿਸਤਾਨ ਸ਼ਾਂਤੀਪੂਰਨ ਹੱਲ ਚਾਹੁੰਦਾ ਹੈ ਪਰ ਜੇਕਰ ਕੋਸ਼ਿਸ਼ਾਂ ਸਫਲ ਨਹੀਂ ਹੁੰਦੀਆਂ ਹਨ ਤਾਂ ਉਸ ਕੋਲ ਹੋਰ ਬਦਲ ਵੀ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਕਿਸੇ ਵੀ 'ਬਾਹਰੀ ਹਮਲੇ' ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਇਕਜੁਟ ਹੈ। ਵੀਰਵਾਰ ਨੂੰ ਕਾਬੁਲ 'ਚ ਪਾਕਿਸਤਾਨੀ ਹਵਾਈ ਹਮਲੇ ਤੋਂ ਬਾਅਦ ਦੋਵਾਂ ਪੱਖਾਂ ਵਿਚਾਲੇ ਫਿਰ ਤੋਂ ਸੰਘਰਸ਼ ਸ਼ੁਰੂ ਹੋ ਗਿਆ ਹੈ। ਮੁੱਤਾਕੀ ਨੇ ਕਿਹਾ ਕਿ ਕੁੱਲ ਮਿਲਾ ਕੇ ਸਥਿਤੀ ਕਾਬੂ 'ਚ ਹੈ ਅਤੇ ਉਨ੍ਹਾਂ ਦਾ ਦੇਸ਼ ਆਪਣੀ ਪ੍ਰਭੂਸੱਤਾ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕਰੇਗਾ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com





# ਕੈਨੇਡਾ 'ਚ ਡਾਕ ਚੋਰੀ ਦੇ ਦੋਸ਼ 'ਚ ਗ੍ਰਿਫ਼ਤਾਰ 8 ਭਾਰਤੀਆਂ ਨੂੰ ਕੀਤਾ ਜਾਵੇਗਾ ਡਿਪੋਰਟ

**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ 'ਚ ਡਾਕ ਰਾਹੀਂ ਚੋਰੀ ਦੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਵਿਚ 8 ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ 'ਤੇ ਨਾਗਰਿਕਾਂ ਦੇ ਮੇਲ ਬਾਕਸਾਂ 'ਚੋਂ ਕਰੀਬ 400,000 ਡਾਲਰ ਮੁੱਲ ਦੇ ਕ੍ਰੈਡਿਟ ਕਾਰਡ, ਪਛਾਣ ਪੱਤਰ (ਆਈ.ਡੀਜ਼) ਅਤੇ ਗਿਫਟ ਕਾਰਡ ਚੋਰੀ ਕਰਨ ਦੇ ਦੋਸ਼ ਹਨ।



ਦੋਸ਼ੀਆਂ ਵਲੋਂ ਡਾਕ ਚੋਰੀ ਕਰਨ ਲਈ ਤਾਲੇ ਤੋੜ ਕੇ ਖੋਲੇ ਗਏ ਕੈਨੇਡਾ ਪੋਸਟ ਦੇ ਬਕਸੇ।

ਮਿਸੀਸਾਗਾ ਅਤੇ ਬਰੈਂਪਟਨ ਦੇ 8 ਵਿਅਕਤੀਆਂ ਨੂੰ ਪੁਲਿਸ ਦੀ ਵੱਡੀ ਜਾਂਚ 'ਆਪ੍ਰੇਸ਼ਨ ਅਨਡਿਲਿਵਰੇਬਲ' ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਂਚ ਮੇਲ ਬਾਕਸਾਂ ਵਿਚੋਂ ਚੈੱਕ, ਸਰਕਾਰੀ ਪਛਾਣ ਪੱਤਰਾਂ ਅਤੇ ਗਿਫਟ ਕਾਰਡਾਂ ਸਮੇਤ ਡਾਕ ਸਾਮਾਨ ਦੇ ਗਾਇਬ ਹੋਣ ਦੀਆਂ ਰਿਪੋਰਟਾਂ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਇਸ ਤੋਂ ਬਾਅਦ ਖ਼ਬਰਾਂ ਸਾਹਮਣੇ ਆ ਰਹੀਆਂ ਹਨ ਕਿ ਅਦਾਲਤ ਦੇ ਫੈਸਲੇ ਮਗਰੋਂ ਇਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਵੇਗਾ।

ਗ੍ਰਿਫ਼ਤਾਰ ਕੀਤੇ ਗਏ ਭਾਰਤੀ ਮੂਲ ਦੇ ਵਿਅਕਤੀਆਂ 'ਚ ਸੁਮਨਪ੍ਰੀਤ ਸਿੰਘ (28) ਮਿਸੀਸਾਗਾ, ਗੁਰਦੀਪ ਚੱਠਾ (29) ਮਿਸੀਸਾਗਾ, ਜਸ਼ਨਦੀਪ ਜਟਾਣਾ (23) ਮਿਸੀਸਾਗਾ, ਹਰਮਨ ਸਿੰਘ (28) ਬਰੈਂਪਟਨ, ਜਸ਼ਨਪ੍ਰੀਤ ਸਿੰਘ (21) ਬਰੈਂਪਟਨ, ਮਨਰੂਪ ਸਿੰਘ (23) ਬਰੈਂਪਟਨ, ਰਾਜਬੀਰ ਸਿੰਘ (26) ਅਤੇ ਉਪਿੰਦਰਜੀਤ ਸਿੰਘ (28) ਸ਼ਾਮਲ ਹਨ।

ਇਨ੍ਹਾਂ 8 ਵਿਅਕਤੀਆਂ 'ਤੇ ਸਮੂਹਿਕ ਤੌਰ 'ਤੇ ਕੁੱਲ 344 ਦੋਸ਼ ਲਗਾਏ ਗਏ ਹਨ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਉਹ ਪੀਲ ਕਰਾਊਨ ਅਟਾਰਨੀ ਦਫ਼ਤਰ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨਾਲ ਗੱਲਬਾਤ ਕਰ ਰਹੇ ਹਨ, ਤਾਂ ਜੋ ਇਹ ਤੈਅ ਕੀਤਾ ਜਾ ਸਕੇ ਕਿ ਕੀ ਇਨ੍ਹਾਂ ਨੂੰ ਦੇਸ਼ 'ਚੋਂ ਡਿਪੋਰਟ ਕੀਤਾ ਜਾਵੇ ਜਾਂ ਨਹੀਂ।

ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ 400,000 ਡਾਲਰ ਤੋਂ ਵੱਧ ਕੀਮਤ ਦੇ 450 ਤੋਂ ਵੱਧ ਡਾਕ ਪੀਸ ਬਰਾਮਦ ਕੀਤੇ ਗਏ। ਚੋਰੀ ਹੋਈ ਡਾਕ ਵਿਚ 255 ਚੈੱਕ, 182 ਕ੍ਰੈਡਿਟ ਕਾਰਡ, 35 ਸਰਕਾਰੀ ਪਛਾਣ ਪੱਤਰ (ਆਈ.ਡੀਜ਼) ਅਤੇ 20 ਗਿਫਟ ਕਾਰਡ ਸ਼ਾਮਲ ਸਨ।

# ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਵੱਲੋਂ ਜਨਮ ਅਧਿਕਾਰ ਨਾਗਰਿਕਤਾ ਖ਼ਤਮ ਕਰਨ ਦੀ ਵਕਾਲਤ

**ਵਿਨੀਪੈਗ, (ਪੰਜਾਬ ਮੇਲ)-** ਕੰਜ਼ਰਵੇਟਿਵ ਪਾਰਟੀ ਨੇ ਕੱਚੇ ਪ੍ਰਵਾਸੀਆਂ ਦੇ ਘਰ ਜੰਮਣ ਵਾਲੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਤੋਂ ਵਾਂਝਾ ਰੱਖਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਵਿਰੋਧੀ ਧਿਰ ਵੱਲੋਂ ਇਮੀਗ੍ਰੇਸ਼ਨ ਮਾਮਲਿਆਂ ਦੀ ਆਲੋਚਕ ਮਿਸ਼ੇਲ ਰੈਂਪਲ ਗਾਰਨਰ ਨੇ ਕਿਹਾ ਕਿ ਕੈਨੇਡੀਅਨ ਨਾਗਰਿਕਤਾ ਸਿਰਫ਼ ਉਨ੍ਹਾਂ ਬੱਚਿਆ ਨੂੰ ਹੀ ਮਿਲੇ, ਜਿਨ੍ਹਾਂ ਦੇ ਮਾਪਿਆਂ ਵਿਚੋਂ ਘੱਟੋ-ਘੱਟ ਇਕ ਪਰਮਾਨੈਂਟ ਰੈਜ਼ੀਡੈਂਟ ਹੋਵੇ ਜਾਂ ਮੁਲਕ ਦਾ ਨਾਗਰਿਕ ਹੋਵੇ।

ਇੱਕ ਇੰਟਰਵਿਊ ਦੌਰਾਨ ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਇਮੀਗ੍ਰੇਸ਼ਨ ਸਿਸਟਮ ਦੀ ਦੁਰਵਰਤੋਂ ਕਰਨ ਵਾਲਿਆਂ ਨਾਲ ਸਖ਼ਤੀ ਵਰਤਣ ਵਿਚ ਅਸਫ਼ਲ ਰਹੀ।

ਉਨ੍ਹਾਂ ਨੇ ਕਿਹਾ ਕਿ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰਨਾ ਚਾਹੀਦਾ ਹੈ ਕਿਉਂਕਿ ਬਹੁਤ ਸਾਰੇ ਲੋਕ ਕੈਨੇਡਾ ਦੀ ਧਰਤੀ 'ਤੇ ਸਿਰਫ਼ ਇਸ ਲਈ ਆਉਂਦੇ ਹਨ, ਤਾਂ ਜੋ ਉਨ੍ਹਾਂ ਦੇ ਬੱਚੇ ਜਨਮ ਲੈ ਕੇ ਕੈਨੇਡੀਅਨ ਨਾਗਰਿਕ ਬਣ ਸਕਣ।

ਉਨ੍ਹਾਂ ਦਾ ਦਾਅਵਾ ਹੈ ਕਿ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿਚ ਬੱਚੇ ਨੂੰ ਜਨਮ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਨੂੰ ਜਨਮ ਮਗਰੋਂ ਹੀ ਉੱਥੋਂ ਦੀ ਨਾਗਰਿਕਤਾ ਮਿਲ ਸਕੇ। ਉਨ੍ਹਾਂ ਨੇ ਕੈਨੇਡਾ ਦੀ ਸੁਪਰੀਮ ਕੋਰਟ ਦੇ ਕੇਸ ਦਾ ਹਵਾਲਾ ਦਿੱਤਾ, ਜਿਸ ਵਿਚ ਇੱਕ ਔਰਤ ਸ਼ਾਮਲ ਸੀ, ਜੋ 11 ਸਾਲਾਂ ਤੋਂ ਕੈਨੇਡਾ ਵਿਚ ਗੈਰ-ਦਸਤਾਵੇਜ਼ੀ ਸੀ। ਉਸ ਸਮੇਂ ਦੌਰਾਨ, ਉਸ ਨੇ ਕੈਨੇਡਾ ਵਿਚ ਚਾਰ ਬੱਚਿਆਂ ਨੂੰ ਜਨਮ ਦਿੱਤਾ, ਜੋ ਇਸ ਸਮੇਂ ਕੈਨੇਡੀਅਨ ਨਾਗਰਿਕ ਹਨ।

ਹਾਲਾਂਕਿ ਕੈਨੇਡਾ ਦੀ ਲਿਬਰਲ ਸਰਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੈ। ਨਿਆਂ ਮੰਤਰੀ ਸ਼ੌਨ ਫਰੇਜ਼ਰ ਨੇ ਕਿਹਾ ਕਿ ਬਰਥ ਰਾਈਟ ਨਾਗਰਿਕਤਾ ਨਾਲ ਸਬੰਧਤ ਕਾਨੂੰਨ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦਾ ਸੰਵਿਧਾਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਮੁਲਕ ਵਿਚ ਜਨਮ ਲੈਣ ਵਾਲੇ ਬੱਚਿਆਂ ਦੀ ਨਾਗਰਿਕਤਾ ਨੂੰ ਖ਼ਤਮ ਕਰ ਦਿੱਤਾ ਜਾਵੇ।

## ਬੰਬੀਹਾ ਗੈਂਗ ਦੇ 2 ਗੁਰਗੇ 6 ਪਿਸਤੌਲ ਅਤੇ 19 ਕਾਰਤੂਸ ਸਮੇਤ ਗ੍ਰਿਫ਼ਤਾਰ

■ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਅਤੇ ਬਰਨਾਲਾ ਪੁਲਿਸ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ

**ਚੰਡੀਗੜ੍ਹ, (ਪੰਜਾਬ ਮੇਲ)-** ਮਾੜੇ ਅਨਸਰਾਂ ਖਿਲਾਫ਼ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਅਤੇ ਬਰਨਾਲਾ ਪੁਲਿਸ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ ਦੌਰਾਨ ਬੰਬੀਹਾ ਗੈਂਗ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਇਨ੍ਹਾਂ ਅਪਰਾਧੀਆਂ ਤੋਂ ਵੱਡੀ ਮਾਤਰਾ ਵਿਚ ਹਥਿਆਰ ਵੀ ਬਰਾਮਦ ਕੀਤੇ ਹਨ। ਦੋਸ਼ੀਆਂ ਦੀ ਪਛਾਣ ਸੰਦੀਪ ਸਿੰਘ ਅਤੇ ਸ਼ੇਖਰ ਵਜੋਂ ਹੋਈ ਹੈ। ਇਹ ਜਾਣਕਾਰੀ ਡੀ.ਜੀ.ਪੀ. ਪੰਜਾਬ ਨੇ ਦਿੱਤੀ ਹੈ।

ਪੁਲਿਸ ਨੇ ਮੁਲਜ਼ਮਾਂ ਤੋਂ ਕੁੱਲ 6 ਪਿਸਤੌਲ ਅਤੇ 19 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਸ਼ੁਰੂਆਤੀ ਪੁਲਿਸ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਵੇਂ ਅਪਰਾਧੀ, ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਹੇਠ, ਸੂਬੇ ਵਿਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਲਈ ਬੰਬੀਹਾ ਗੈਂਗ ਦੇ ਪੈਦਲ ਸਿਪਾਹੀਆਂ ਨੂੰ ਇਹ ਹਥਿਆਰ ਸਪਲਾਈ ਕਰਨ ਦੀ ਯੋਜਨਾ ਬਣਾ ਰਹੇ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਕੈਨੇਡਾ ਦੀ ਪੀ.ਆਰ. ਦਿਵਾਉਣ ਦੇ ਨਾਂ 'ਤੇ 29 ਲੱਖ ਦੀ ਠੱਗੀ

**ਫਿਰੋਜ਼ਪੁਰ, (ਪੰਜਾਬ ਮੇਲ)-** ਇਥੋਂ ਥੋੜ੍ਹੀ ਦੂਰ ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਨਵਾਂ ਪੁਰਬਾ ਦੇ ਇਕ ਨੌਜਵਾਨ ਨੂੰ ਕੈਨੇਡਾ ਦੀ ਪੀ.ਆਰ. ਦਿਵਾਉਣ ਦਾ ਝਾਂਸਾ ਦੇ ਕੇ ਉਸ ਨਾਲ 29 ਲੱਖ ਰੁਪਏ ਠੱਗੀ ਮਾਰਨ ਦੇ ਦੋਸ਼ ਵਿਚ ਦੋ ਮਹਿਲਾਵਾਂ ਸਣੇ ਤਿੰਨ ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਸੁਖਜੀਤ ਕੌਰ ਪਤਨੀ ਸਵਰਨ ਸਿੰਘ ਨੇ ਨਿਸ਼ਾਨ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਨਵਾਂ ਪੁਰਬਾ ਨੂੰ ਕੈਨੇਡਾ ਭੇਜ ਕੇ ਪੀ.ਆਰ. ਦਿਵਾਉਣ ਦਾ ਵਾਅਦਾ ਕੀਤਾ ਸੀ। ਨਿਸ਼ਾਨ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਤਕਰੀਬਨ 29 ਲੱਖ ਰੁਪਏ ਸਵਰਨ ਸਿੰਘ, ਸੁਖਜੀਤ ਕੌਰ ਅਤੇ ਤਾਨੀਆ ਸੰਧੂ ਵਾਸੀਆਨ ਨਵਾਂ ਪੁਰਬਾ ਨੂੰ ਖਾਤਿਆਂ ਰਾਹੀਂ ਦਿੱਤੇ ਹਨ।







# ਜੰਮੂ ਕਸ਼ਮੀਰ ਦੇ ਪਿੰਡ ਕੌਲਪੁਰ 'ਚ ਸਰੂਪਾਂ ਦੀ ਬੇਅਦਬੀ ਦੀ ਐਡਵੋਕੇਟ ਧਾਮੀ ਵੱਲੋਂ ਸਖ਼ਤ ਨਿੰਦਾ

**■ ਭਾਰਤ ਸਰਕਾਰ ਕਾਨੂੰਨ 'ਚ ਸੋਧ ਕਰਕੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਕਰੇ ਪ੍ਰਬੰਧ : ਐਡਵੋਕੇਟ ਧਾਮੀ**



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੰਮੂ ਕਸ਼ਮੀਰ ਅੰਦਰ ਸਾਂਬਾ ਜ਼ਿਲ੍ਹੇ ਦੇ ਪਿੰਡ ਕੌਲਪੁਰ 'ਚ ਇਕ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਕੀਤੀ ਬੇਅਦਬੀ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਿਆਂ ਦੋਸ਼ੀ ਵਿਰੁੱਧ ਕਰੜੀ ਕਾਰਵਾਈ ਕਰਨ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਇਹ ਬੇਹੱਦ ਦੁਖਦ ਮਾਮਲਾ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਮੁੱਚਾ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਤਾਂ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਗਹਿਰੀ ਸਾਜ਼ਿਸ਼ ਦਾ ਹਿੱਸਾ ਲਗਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਇਸ ਸਾਜ਼ਿਸ਼ ਦਾ ਪਤਾ ਲਗਾਏ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਿੱਥ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨਾ ਕੌਮ ਦੀਆਂ ਭਾਵਨਾਵਾਂ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਅਜਿਹੀਆਂ ਘਟਨਾਵਾਂ ਸਰਕਾਰਾਂ ਦੀ ਢਿੱਲ ਅਤੇ ਅਜਿਹੇ ਪੰਥ ਵਿਰੋਧੀਆਂ ਖਿਲਾਫ਼ ਢਿੱਲੀ ਕਾਰਵਾਈ ਦਾ ਨਤੀਜਾ ਹੈ। ਕਿਉਂਕਿ ਜਦੋਂ ਵੀ ਅਜਿਹੀ ਮੰਦਭਾਗੀ ਹਰਕਤ ਸਾਹਮਣੇ ਆਉਂਦੀ ਹੈ, ਤਾਂ ਦੋਸ਼ੀ ਸਹਿਜੇ ਹੀ ਬਚ ਨਿਕਲਦੇ ਹਨ। ਜੇਕਰ ਮਿਸਾਲੀ ਕਾਰਵਾਈ ਤੇ ਸਜ਼ਾ ਹੋਵੇ ਤਾਂ ਕੋਈ ਵੀ ਅਜਿਹੀ ਹਰਕਤ ਦਾ ਹੀਆ ਨਾ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਦੇਸ਼ ਦੇ ਕਾਨੂੰਨ ਵਿਚ ਸੋਧ ਕਰਕੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਪ੍ਰਬੰਧ ਕਰਨ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪਹਿਲਾਂ ਵੀ ਸਰਕਾਰਾਂ ਨੇ ਸਖ਼ਤ ਕਾਨੂੰਨ ਲਿਆਉਣ ਦੀ ਕਈ ਵਾਰ ਗੱਲਾਂ ਕੀਤੀਆਂ ਹਨ, ਪ੍ਰੰਤੂ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ।

# ਅੰਮ੍ਰਿਤਸਰ ਤੇ ਅਫ਼ਗਾਨਿਸਤਾਨ ਵਿਚਾਲੇ ਸਿੱਧੀਆਂ ਉਡਾਣਾਂ ਜਲਦੀ ਸ਼ੁਰੂ ਕਰਨ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤੱਕੀ ਨੇ ਅੰਮ੍ਰਿਤਸਰ ਅਤੇ ਅਫ਼ਗਾਨਿਸਤਾਨ ਵਿਚਾਲੇ ਸਿੱਧੀਆਂ ਉਡਾਣਾਂ ਜਲਦੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਦਾ ਮਕਸਦ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਅਤੇ ਸੰਪਰਕ ਵਧਾਉਣਾ ਹੈ। ਉਨ੍ਹਾਂ ਇਹ ਐਲਾਨ ਨਵੀਂ ਦਿੱਲੀ ਵਿਚ ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) 'ਚ ਭਾਰਤੀ ਸਨਅਤਕਾਰਾਂ ਨਾਲ ਮੀਟਿੰਗ ਦੌਰਾਨ ਕੀਤਾ। ਸਮਾਗਮ ਦੀ ਪ੍ਰਧਾਨਗੀ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੀਤੀ।




ਇਸ ਫੈਸਲੇ ਦਾ ਸਵਾਗਤ ਕਰਦਿਆਂ ਡਾ. ਸਾਹਨੀ ਨੇ ਇਸ ਨੂੰ 'ਇਤਿਹਾਸਕ ਕਦਮ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਵਪਾਰ ਅਤੇ ਉਦਯੋਗ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਅੰਮ੍ਰਿਤਸਰ ਦੀ ਰਣਨੀਤਕ ਸਥਿਤੀ ਕਾਰਨ ਇਹ ਉਡਾਣਾਂ ਭਾਰਤ ਅਤੇ ਅਫ਼ਗਾਨਿਸਤਾਨ ਵਿਚਾਲੇ ਤੇਜ਼ ਅਤੇ ਵਧੇਰੇ ਸੁਰੱਖਿਅਤ ਹਵਾਈ ਸੰਪਰਕ ਸਥਾਪਤ ਕਰਨਗੀਆਂ। ਇਸ ਨਾਲ ਦੋਵਾਂ ਦੇਸ਼ਾਂ ਦੇ ਕਿਸਾਨਾਂ ਅਤੇ ਵਪਾਰੀਆਂ ਨੂੰ ਫਾਇਦਾ ਹੋਵੇਗਾ। ਖਾਸ ਤੌਰ 'ਤੇ ਖੇਤੀਬਾੜੀ ਉਤਪਾਦਾਂ, ਸੁੱਕੇ ਮੇਵਿਆਂ, ਤਾਜ਼ੇ ਫਲਾਂ, ਦਸਤਕਾਰੀ ਵਸਤਾਂ ਅਤੇ ਦਵਾਈਆਂ ਦੇ ਆਯਾਤ-ਨਿਰਯਾਤ ਵਿਚ ਵੱਡੀ ਸਹੂਲਤ ਹੋਵੇਗੀ, ਜਿਸ ਨਾਲ ਦੁਵੱਲੇ ਵਪਾਰ ਨੂੰ ਮਜ਼ਬੂਤੀ ਮਿਲੇਗੀ।

ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁਤੱਕੀ ਨੇ ਕਿਹਾ ਕਿ ਭਾਰਤ ਨੂੰ ਚਾਬਹਾਰ ਬੰਦਰਗਾਹ ਤੋਂ ਪਾਬੰਦੀ ਹਟਾਉਣ ਲਈ ਅਮਰੀਕਾ ਨਾਲ ਗੱਲ ਕਰਨੀ ਚਾਹੀਦੀ ਹੈ। ਮੁਤੱਕੀ ਨੇ ਕਿਹਾ ਕਿ ਉਹ ਰਣਨੀਤਕ ਤੌਰ 'ਤੇ ਸਥਿਤ ਚਾਬਹਾਰ ਬੰਦਰਗਾਹ ਦੇ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਦੇ ਪੱਖ ਵਿਚ ਹਨ ਅਤੇ ਉਨ੍ਹਾਂ ਨੇ ਅਮਰੀਕਾ ਨਾਲ ਆਪਣੀਆਂ ਮੀਟਿੰਗਾਂ ਵਿਚ ਪਾਬੰਦੀਆਂ ਹਟਾਉਣ ਦਾ ਮੁੱਦਾ ਵੀ ਚੁੱਕਿਆ ਹੈ।

# ਪੰਜਾਬ ਸਰਕਾਰ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੇ ਰੌਂਅ 'ਚ

**■ ਸਰਕਾਰੀ ਸੰਪਤੀ ਦੀ ਸ਼ਨਾਖ਼ਤ ਸ਼ੁਰੂ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਸੂਬੇ ਨੂੰ ਦਰਪੇਸ਼ ਵਿੱਤੀ ਸੰਕਟ ਦੇ ਮੱਦੇਨਜ਼ਰ ਮੁੱਢਲੇ ਪੜਾਅ 'ਤੇ ਜ਼ਿਲ੍ਹਾ ਲੁਧਿਆਣਾ ਅਤੇ ਪਟਿਆਲਾ 'ਚ ਸਰਕਾਰੀ ਸੰਪਤੀਆਂ ਨੂੰ ਵੇਚਣ ਲਈ ਸ਼ਨਾਖ਼ਤੀ ਪ੍ਰਕਿਰਿਆ ਵਿੱਢ ਦਿੱਤੀ ਹੈ। ਇਸ ਸਬੰਧੀ ਪਹਿਲੀ ਅਕਤੂਬਰ ਨੂੰ ਮੀਟਿੰਗ ਵੀ ਹੋ ਚੁੱਕੀ ਹੈ, ਜਿਸ 'ਚ ਦੋਵੇਂ ਜ਼ਿਲ੍ਹਿਆਂ 'ਚ ਪਈਆਂ ਸਰਕਾਰੀ ਸੰਪਤੀਆਂ ਬਾਰੇ ਚਰਚਾ ਹੋਈ ਹੈ ਜੋ ਅੱਧੀ ਦਰਜਨ ਵਿਭਾਗਾਂ ਨਾਲ ਸਬੰਧਤ ਹਨ। ਇਨ੍ਹਾਂ ਦਾ ਸਰਵੇ ਵੀ 10 ਅਕਤੂਬਰ ਤੱਕ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

ਇਥੇ ਪੰਜਾਬ ਭਵਨ 'ਚ ਪਹਿਲੀ ਅਕਤੂਬਰ ਨੂੰ ਪਟਿਆਲਾ ਜ਼ਿਲ੍ਹੇ ਦੀ ਸੰਪਤੀ ਬਾਰੇ ਹੋਈ ਮੀਟਿੰਗ ਦੀ ਪ੍ਰਧਾਨਗੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤੀ ਜਦਕਿ ਲੁਧਿਆਣਾ ਜ਼ਿਲ੍ਹੇ ਵਿਚਲੀ ਮੀਟਿੰਗ ਦੀ ਅਗਵਾਈ ਉਦਯੋਗ ਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕੀਤੀ। ਮੁੱਖ ਫੋਕਸ ਇਨ੍ਹਾਂ ਮੀਟਿੰਗਾਂ 'ਚ ਇਹੋ ਰਿਹਾ ਕਿ ਖ਼ਾਲੀ ਪਈਆਂ ਸਰਕਾਰੀ ਸੰਪਤੀਆਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ ਅਤੇ ਸ਼ਹਿਰਾਂ ਦੀ ਦਿੱਖ ਸੁਧਾਰੀ ਜਾਵੇ ਪਰ ਨਾਲੋ-ਨਾਲ ਸੰਪਤੀਆਂ ਦਾ ਸਰਵੇ ਕਰਨ ਦੇ ਜ਼ੁਬਾਨੀ ਹੁਕਮ ਵੀ ਕੀਤੇ ਗਏ।

ਇਨ੍ਹਾਂ ਮੀਟਿੰਗਾਂ 'ਚ 'ਪੰਜਾਬ ਵਿਕਾਸ ਕਮਿਸ਼ਨ' ਦੇ ਅਧਿਕਾਰੀਆਂ ਤੋਂ ਇਲਾਵਾ ਦੋਵਾਂ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਵੀ ਸ਼ਾਮਲ ਹੋਏ। ਸੂਤਰਾਂ ਅਨੁਸਾਰ ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੀ ਜ਼ਮੀਨ ਦੀ ਵੀ ਚਰਚਾ ਹੋਈ ਹੈ। ਪਟਿਆਲਾ ਜ਼ਿਲ੍ਹੇ 'ਚ ਪਾਵਰਕੌਮ ਦੀ 23 ਨੰਬਰ ਫਾਟਕ ਵਾਲੀ ਸੰਪਤੀ 'ਤੇ ਵੀ ਸਰਕਾਰ ਦੀ ਅੱਖ ਹੈ ਅਤੇ ਕਰੀਬ 55 ਏਕੜ ਜ਼ਮੀਨ ਦਾ ਨਿਬੇੜਾ ਚਾਹੁੰਦੀ ਹੈ। ਪ੍ਰਾਈਵੇਟ ਕੰਪਨੀ ਹੁਣ ਇਸ ਦਾ ਸਰਵੇ ਕਰ ਰਹੀ ਹੈ। ਪਾਵਰਕੌਮ ਦਾ ਪਟਿਆਲਾ 'ਚ 12 ਏਕੜ ਵਿਚ ਸਪੋਰਟਸ ਸਟੇਡੀਅਮ ਹੈ ਜਿਸ ਦਾ ਖੇਤਰ ਛੋਟਾ ਕੀਤੇ ਜਾਣ ਦੀ ਵਿਉਂਤ ਹੈ ਅਤੇ ਪਾਵਰਕੌਮ ਦੇ ਫਲੈਟਾਂ ਅਤੇ ਹੋਰ 10 ਏਕੜ ਜ਼ਮੀਨ ਵੀ ਨਿਸ਼ਾਨੇ 'ਤੇ ਹੈ। ਲੁਧਿਆਣਾ ਜ਼ਿਲ੍ਹੇ 'ਚ ਪਾਵਰਕੌਮ ਦੀਆਂ ਕਰੀਬ 40 ਸੰਪਤੀਆਂ ਸ਼ਨਾਖ਼ਤ ਹੋਈਆਂ ਹਨ ਜਿਨ੍ਹਾਂ ਵਿਚੋਂ ਅੱਧੀ ਦਰਜਨ ਸੰਪਤੀਆਂ ਨੂੰ ਸਰਕਾਰ ਵੇਚਣ ਦੀ ਇੱਛਕ ਹੈ। ਜੀ.ਟੀ. ਲੁਧਿਆਣਾ 'ਤੇ ਪਾਵਰਕੌਮ ਦੀ 13 ਏਕੜ ਜ਼ਮੀਨ ਅਤੇ ਸਰਾਭਾ ਨਗਰ ਦੀ ਪਾਵਰ ਕਾਲੋਨੀ ਦੀ ਕਰੀਬ 11 ਏਕੜ ਜਗ੍ਹਾ ਵੀ ਇਸ 'ਚ ਸ਼ਾਮਲ ਹੈ। ਇਨ੍ਹਾਂ ਥਾਵਾਂ ਦਾ ਹੁਣ ਸਰਵੇ ਚੱਲ ਰਿਹਾ ਹੈ। ਲੁਧਿਆਣਾ ਦੇ ਵਿਵਾਦਿਤ ਸਿਟੀ ਸੈਂਟਰ 'ਤੇ ਵੀ ਚਰਚਾ ਹੋਈ ਹੈ ਕਿ ਉਸ ਨੂੰ ਵੀ ਕਿਸੇ ਤਣ-ਪੱਤਣ ਲਾਇਆ ਜਾਵੇ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਨੇ ਪੰਜਾਬ ਖੇਤੀ 'ਵਰਸਿਟੀ ਦੇ ਸੀਡ ਫਾਰਮ ਵਾਲੀ ਜ਼ਮੀਨ 'ਤੇ ਵੀ ਅੱਖ ਰੱਖੀ ਹੋਈ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੁਰਾਣੀ ਸੰਪਤੀ ਜੋ ਵਿਕ ਨਹੀਂ ਰਹੀ ਸੀ, ਉਸ ਦੇ ਮੁੜ ਰੇਟ ਘਟਾ ਕੇ ਵੇਚਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਸੂਤਰ ਆਖਦੇ ਹਨ ਕਿ ਸਿਰਫ਼ ਖੰਡਰ ਹੋ ਰਹੀ ਸੰਪਤੀ ਹੀ ਸ਼ਨਾਖ਼ਤ ਕੀਤੀ ਜਾ ਰਹੀ ਹੈ।

# ਆਈ.ਆਰ.ਸੀ.ਟੀ.ਸੀ. ਘੁਟਾਲਾ ਮਾਮਲਾ: ਲਾਲੂ, ਰਾਬੜੀ ਤੇ ਤੇਜਸਵੀ ਖਿਲਾਫ਼ ਦੋਸ਼ ਤੈਅ

**■ ਆਗੂਆਂ ਨੇ ਖੁਦ ਨੂੰ ਬੇਕਸੂਰ ਦੱਸਿਆ; ਹੁਕਮਾਂ ਨੂੰ ਹਾਈ ਕੋਰਟ 'ਚ ਚੁਣੌਤੀ ਦੇਣ ਦੀ ਤਿਆਰੀ**

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇੱਕ ਅਦਾਲਤ ਨੇ ਕਥਿਤ ਆਈ.ਆਰ.ਸੀ.ਟੀ.ਸੀ. ਘੁਟਾਲਾ ਮਾਮਲੇ 'ਚ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਮੁਖੀ ਲਾਲੂ ਪ੍ਰਸਾਦ ਯਾਦਵ, ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਇਸ ਦੇ ਨਾਲ ਹੀ ਬਿਹਾਰ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਖ਼ਿਲਾਫ਼ ਮੁਕੱਦਮੇ ਦੀ ਤਿਆਰੀ ਸ਼ੁਰੂ ਹੋ ਗਈ ਹੈ।

ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ 'ਮੁੱਢਲੀ ਨਜ਼ਰੇ' ਕੇਸ ਬਣਦਾ ਹੈ ਅਤੇ ਜ਼ਮੀਨ ਤਬਦੀਲ ਕਰਨ ਦੇ ਸਬੰਧ ਵਿਚ 'ਗੰਭੀਰ ਖਦਸ਼ੇ' ਹਨ। ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਤੇ ਰਾਬੜੀ ਦੇਵੀ ਅਤੇ ਸਾਬਕਾ ਉਪ ਮੁੱਖ ਮੰਤਰੀ ਤੇ ਬਿਹਾਰ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਨੇ ਜੱਜ ਵੱਲੋਂ ਦੋਸ਼ ਪੜ੍ਹੇ ਜਾਣ ਮਗਰੋਂ ਖੁਦ ਨੂੰ 'ਬੇਕਸੂਰ' ਦੱਸਿਆ ਅਤੇ ਮੁਕੱਦਮੇ ਦਾ ਸਾਹਮਣਾ ਕਰਨ ਦੀ ਗੱਲ ਕਹੀ। ਇਹ ਮੁਕੱਦਮਾ ਅਕਤੂਬਰ ਦੇ ਆਖਰੀ ਹਫ਼ਤੇ 'ਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਵਿਸ਼ੇਸ਼ ਜੱਜ ਨੇ ਮਾਮਲੇ 'ਚ ਰਾਬੜੀ ਦੇਵੀ ਤੇ ਤੇਜਸਵੀ ਯਾਦਵ ਖ਼ਿਲਾਫ਼ ਅਪਰਾਧਿਕ ਸਾਜ਼ਿਸ਼ ਤੇ ਧੋਖਾਧੜੀ ਦੇ ਸਾਂਝੇ ਦੋਸ਼ ਤੈਅ ਕੀਤੇ ਹਨ, ਜੋ ਭਾਰਤੀ ਰੇਲਵੇ ਖਾਣ-ਪੀਣ ਤੇ ਸੈਰ-ਸਪਾਟਾ ਨਿਗਮ (ਆਈ.ਆਰ.ਸੀ.ਟੀ.ਸੀ.) ਦੇ ਦੋ ਹੋਟਲਾਂ ਦੇ ਸੰਚਾਲਨ ਦੇ ਠੇਕੇ ਇੱਕ ਨਿੱਜੀ ਫਰਮ ਨੂੰ ਦੇਣ ਵਿਚ ਕਥਿਤ ਬੇਨੇਮੀਆਂ ਨਾਲ ਸਬੰਧਤ ਹਨ। ਅਦਾਲਤ ਨੇ ਲਾਲੂ ਪ੍ਰਸਾਦ ਯਾਦਵ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਵੀ ਦੋਸ਼ ਤੈਅ ਕੀਤੇ ਹਨ। ਆਗੂਆਂ ਵੱਲੋਂ ਪੇਸ਼ ਸੀਨੀਅਰ ਵਕੀਲ ਮਨਿੰਦਰ ਸਿੰਘ ਨੇ ਕਿਹਾ, 'ਜਿਵੇਂ ਹੀ ਸਾਨੂੰ ਹੁਕਮਾਂ ਦੀ ਕਾਪੀ ਮਿਲੇਗੀ, ਅਸੀਂ ਦੋਸ਼ ਤੈਅ ਕਰਨ ਨਾਲ ਸਬੰਧਤ ਹੁਕਮਾਂ ਨੂੰ ਹਾਈ ਕੋਰਟ 'ਚ ਚੁਣੌਤੀ ਦੇਵਾਂਗੇ।'

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**







# ਪ੍ਰਕਾਸ਼ ਪੁਰਬ ਮੌਕੇ ਪਹਿਲੀ ਵਾਰ ਪਾਕਿ ਆਉਣ ਵਾਲੇ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ ਨੂੰ ਦੇਵੇਗਾ ਤਰਜੀਹ

**ਅੰਮ੍ਰਿਤਸਰ, (ਪੰਜਾਬ ਮੇਲ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਇਸ ਵਾਰ ਜਥਿਆਂ 'ਚ ਲਗਾਤਾਰ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਦੀ ਬਜਾਏ ਪਹਿਲੀ ਵਾਰ ਉੱਥੇ ਜਾਣ ਵਾਲੇ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ 'ਚ ਤਰਜੀਹ ਦਿੱਤੀ ਜਾਵੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਇਸ ਵਾਰ ਸਾਲ 1974 ਦੇ ਭਾਰਤ-ਪਾਕਿ ਦੁਵੱਲੇ ਯਾਤਰਾ ਸਮਝੌਤੇ ਤਹਿਤ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ 3000 ਵੀਜ਼ੇ ਜਾਰੀ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਜਥਿਆਂ ਦੀ ਗਿਣਤੀ 'ਚ ਵਾਧਾ ਕਰਨਾ ਦੋਵਾਂ ਮੁਲਕਾਂ ਦੇ ਸੰਬੰਧਿਤ ਮੰਤਰਾਲਿਆਂ ਦੇ ਫ਼ੈਸਲੇ 'ਤੇ ਨਿਰਭਰ ਹੈ। ਉਨ੍ਹਾਂ ਨੇ ਨਾਲ ਹੀ ਇਹ ਉਮੀਦ ਵੀ ਜਤਾਈ ਕਿ ਭਾਰਤ-

**■ ਯਾਤਰੂਆਂ ਦੀ ਸੁਰੱਖਿਆ ਲਈ ਕੀਤੇ ਜਾਣਗੇ ਸਖ਼ਤ ਪ੍ਰਬੰਧ**

ਪਾਕਿ 'ਚ ਬਣੇ ਤਾਜ਼ਾ ਤਲਖ਼ੀ ਵਾਲੇ ਮਾਹੌਲ ਦੌਰਾਨ ਪ੍ਰਕਾਸ਼ ਪੁਰਬ ਮੌਕੇ ਭਾਰਤੀ ਸਿੱਖ ਜਥੇ ਦੇ ਪਾਕਿ ਆਉਣ ਨਾਲ ਦੋਵਾਂ ਮੁਲਕਾਂ ਦੇ ਸਬੰਧਾਂ 'ਚ ਸੁਧਾਰ ਹੋਵੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਵੀ ਅਪੀਲ ਕੀਤੀ, ਤਾਂ ਜੋ ਵੱਡੀ ਗਿਣਤੀ 'ਚ ਭਾਰਤੀ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚ ਸਕਣ। ਅਰੋੜਾ ਨੇ ਕਿਹਾ ਕਿ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਅਤੇ ਪਾਕਿ ਗੁਰਦੁਆਰਾ ਕਮੇਟੀ ਵਲੋਂ ਸਾਂਝੇ ਤੌਰ 'ਤੇ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਪਹੁੰਚ ਰਹੀ ਸੰਗਤ ਦੀ ਅਸਥਾਈ ਰਿਹਾਇਸ਼ ਅਤੇ ਹੋਰ ਪ੍ਰਬੰਧ ਜਲਦੀ ਮੁਕੰਮਲ ਕਰ ਲਏ ਜਾਣਗੇ। ਈ.ਟੀ.ਪੀ.ਬੀ. ਦੇ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ ਨੇ ਕਿਹਾ ਕਿ ਪ੍ਰਕਾਸ਼ ਪੁਰਬ ਸਮਾਰੋਹਾਂ ਦੌਰਾਨ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ, ਹਸਨ ਅਬਦਾਲ, ਸ੍ਰੀ ਕਰਤਾਰਪੁਰ ਸਾਹਿਬ ਆਦਿ ਵਿਖੇ ਸੁਰੱਖਿਆ, ਸਿਹਤ ਸੇਵਾਵਾਂ, ਲੰਗਰ, ਰਿਹਾਇਸ਼ ਆਦਿ ਹਰ ਤਰ੍ਹਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਯਾਤਰੂਆਂ ਦੀ ਸੁਰੱਖਿਆ ਲਈ ਪਹਿਲਾਂ ਦੇ ਮੁਕਾਬਲੇ ਸੁਰੱਖਿਆ ਤੇ ਖ਼ੁਫ਼ੀਆ ਏਜੰਸੀਆਂ ਸਮੇਤ ਸਪੈਸ਼ਲ ਫੋਰਸ ਦੀਆਂ ਵਧੇਰੇ ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਮੌਕੇ ਭਾਰਤ, ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਲੰਡਨ, ਆਸਟ੍ਰੇਲੀਆ, ਅਫ਼ਗਾਨਿਸਤਾਨ ਆਦਿ ਮੁਲਕਾਂ ਸਮੇਤ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ, ਸਿੰਧ, ਬਲੋਚਿਸਤਾਨ ਅਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ 60 ਹਜ਼ਾਰ ਤੋਂ ਵਧੇਰੇ ਹਿੰਦੂ ਸਿੱਖ ਸ਼ਰਧਾਲੂ ਸ੍ਰੀ ਨਨਕਾਣਾ ਸਾਹਿਬ ਪਹੁੰਚਣਗੇ।

# ਰਾਜਬੀਰ ਕੌਰ ਪਹਿਲੀ ਦਸਤਾਰਧਾਰੀ ਮਹਿਲਾ ਕੈਨੇਡੀਅਨ ਪੁਲਿਸ ਕੈਡਿਟ ਬਣੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਥਾਂਦੇਵਾਲਾ ਦੀ ਰਾਜਬੀਰ ਕੌਰ ਕੈਨੇਡਾ ਦੀ 'ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ' ਵਿਚ ਕੈਡਿਟ ਵਜੋਂ ਭਰਤੀ ਹੋਣ ਵਾਲੀ ਪਹਿਲੀ ਦਸਤਾਰਧਾਰੀ ਮਹਿਲਾ ਬਣ ਗਈ ਹੈ। ਉਸ ਦੀ ਇਸ ਪ੍ਰਾਪਤੀ 'ਤੇ ਪਿੰਡ ਥਾਂਦੇਵਾਲਾ ਵਿਚ ਉਸ ਦੇ ਪਿਤਾ ਇਕੱਤਰ ਸਿੰਘ, ਮਾਤਾ ਕੁਲਵਿੰਦਰ ਕੌਰ ਅਤੇ ਭਰਾ ਬੇਅੰਤ ਸਿੰਘ ਤੇ ਪਿੰਡ ਵਾਸੀਆਂ ਵਿਚ ਖ਼ੁਸ਼ੀ ਦੀ ਲਹਿਰ ਹੈ। ਬੇਅੰਤ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਰਾਜਬੀਰ ਕੌਰ ਦਾ ਪੀ. ਸੀ. ਐੱਸ. ਜਾਂ ਪੀ. ਪੀ. ਐੱਸ. ਅਧਿਕਾਰੀ ਬਣਨ ਦਾ ਸੁਫ਼ਨਾ ਸੀ ਜੋ ਉਸ ਨੇ ਹੁਣ ਕੈਨੇਡਾ ਦੀ ਪੁਲਿਸ ਵਿਚ ਭਰਤੀ ਹੋ ਕੇ ਪੂਰਾ ਕੀਤਾ ਹੈ।

ਰਾਜਬੀਰ ਕੌਰ ਐੱਮ. ਐੱਸ. ਸੀ. (ਆਈ. ਟੀ.) ਪਾਸ ਹੈ ਅਤੇ 2016 ਵਿਚ ਕੈਨੇਡਾ ਗਈ ਸੀ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਥਾਂਦੇਵਾਲਾ ਦੇ ਹੀ ਨਿਊ ਮਾਡਲ ਸਕੂਲ ਤੋਂ ਪ੍ਰਾਪਤ ਕੀਤੀ। ਮਗਰੋਂ ਦਸਵੀਂ ਸ਼ਿਵਾਲਿਕ ਸਕੂਲ ਮੁਕਤਸਰ, ਬਾਰ੍ਹਵੀਂ ਲੜਕੀਆਂ ਦੇ ਸਕੂਲ ਪਿੰਡ ਸਿੱਧਵਾਂ ਖ਼ੁਰਦ ਅਤੇ ਬੀ. ਸੀ. ਏ. ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕਰ ਕੇ ਗੁਰੂ ਗੋਬਿੰਦ ਸਿੰਘ ਗਰਲਜ਼ ਕਾਲਜ ਚੰਡੀਗੜ੍ਹ ਤੋਂ ਐੱਮ. ਐੱਸ. ਸੀ. (ਆਈ. ਟੀ.) ਪ੍ਰਾਪਤ ਕੀਤੀ। ਰਾਜਬੀਰ ਕੌਰ ਨੇ ਕੈਨੇਡਾ ਵਿਚ ਵਾਲਮਾਰਟ ਦੀ ਨੌਕਰੀ ਕਰਦਿਆਂ ਨਾਲ-ਨਾਲ ਕੈਨੇਡਾ ਪੁਲਿਸ ਲਈ ਵੀ ਤਿਆਰੀ ਜਾਰੀ ਰੱਖੀ। ਹੁਣ ਉਸ ਨੂੰ ਸਸਕੈਚਵਨ, ਕੈਨੇਡਾ ਵਿਚ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਨੌਕਰੀ ਮਿਲੀ ਹੈ। ਬੇਅੰਤ ਸਿੰਘ ਨੇ ਦੱਸਿਆ ਕਿ ਉਸ ਨੂੰ ਪੁਲਿਸ ਬੈਜ ਦੇਣ ਵਾਲੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕੋਈ ਦਸਤਾਰਧਾਰੀ ਮਹਿਲਾ ਕੈਨੇਡੀਅਨ ਪੁਲਿਸ ਵਿਚ ਨਹੀਂ ਸੀ।

# ਚਿਦਾਂਬਰਮ ਦੇ ਬਿਆਨ ਕਾਰਨ ਪੰਜਾਬ ਕਾਂਗਰਸ ਦੀ ਮੌਜੂਦਾ ਲੀਡਰਸ਼ਿਪ ਮੁਸ਼ਕਿਲ 'ਚ!

ਪਠਾਨਕੋਟ, (ਪੰਜਾਬ ਮੇਲ) – ਤਰਨਤਾਰਨ ਉਪ ਚੋਣ ਲਈ ਨਾਮਜ਼ਦਗੀ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਸਾਰੀਆਂ ਸਿਆਸੀ ਧਿਰਾਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਕੇ ਚੋਣੀ ਖੇਡ ਦੇ ਪੱਤੇ ਪਹਿਲਾਂ ਹੀ ਖੋਲ੍ਹ ਦਿੱਤੇ ਹਨ। ਸਰਕਾਰ ਪਾਸੋਂ ਪੂਰੀ ਗੰਭੀਰਤਾ ਨਾਲ ਹਮੇਸ਼ਾ ਵਾਂਗ ਇਸ ਵਾਰ ਵੀ ਚੋਣ ਲੜੀ ਜਾ ਰਹੀ ਹੈ। ਅਕਾਲੀ ਦਲ ਅਤੇ ਭਾਜਪਾ ਆਪਣੇ ਵਜੂਦ ਦੀ ਲੜਾਈ ਲੜ ਰਹੇ ਹਨ, ਜਦੋਂ ਕਿ ਗਰਮ ਦਲੀਏ ਇਕ ਵਾਰੀ ਫਿਰ 2024 ਦੀਆਂ ਲੋਕ ਸਭਾ ਚੋਣਾਂ ਦੀ ਕਾਰਗੁਜ਼ਾਰੀ ਨੂੰ ਦੁਹਰਾਉਣ ਲਈ ਪੂਰੀ ਤਾਕਤ ਲਾ ਰਹੇ ਹਨ।

ਅਜਿਹੇ ਹਾਲਾਤ 'ਚ 2027 ਨੂੰ ਲੈ ਕੇ ਕਾਂਗਰਸ ਦੀ ਕਾਰਗੁਜ਼ਾਰੀ 'ਤੇ ਸਭ ਦੀਆਂ ਨਿਗਾਹਾਂ ਹਨ ਪਰ ਕਾਂਗਰਸ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਦੁਸ਼ਮਣ ਉਨ੍ਹਾਂ ਨੂੰ ਐਨਾ ਨੁਕਸਾਨ ਨਹੀਂ ਪਹੁੰਚਾਉਂਦੇ, ਜਿੰਨਾ ਉਹ ਆਪਣੇ ਆਪ ਕਰ ਲੈਂਦੇ ਹਨ। ਤਰਨਤਾਰਨ ਚੋਣਾਂ 'ਚ ਵੀ ਅਜਿਹੀ ਹੀ ਸਥਿਤੀ ਬਣ ਰਹੀ ਹੈ। ਪਾਰਟੀ ਨੇ ਜਿਸ ਸਥਾਨਕ ਉਮੀਦਵਾਰ ਨੂੰ ਟਿਕਟ ਦਿੱਤੀ, ਅਚਾਨਕ ਟਿਕਟ ਬਦਲਣ ਦੀ ਚਰਚਾ ਨੂੰ ਹੋਕ ਮਿਲੀ, ਜਿਸ ਨਾਲ ਹਾਲਾਤ ਗੰਭੀਰ ਹੋ ਗਏ ਅਤੇ ਸਥਾਨਕ ਆਗੂ ਵੀ ਚਿੰਤਤ ਦਿੱਸਣ ਲੱਗੇ।

# ਭਾਜਪਾ 2027 'ਚ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ 'ਤੇ ਇਕੱਲਿਆਂ ਹੀ ਲੜੇਗੀ ਚੋਣ : ਰਵਨੀਤ ਬਿੱਟੂ



**ਚੰਡੀਗੜ੍ਹ, (ਪੰਜਾਬ ਮੇਲ)**- ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪ੍ਰਭਾਵਸ਼ਾਲੀ ਢੰਗ ਨਾਲ ਇਕ ਵਾਰੀ ਫਿਰ ਪਾਰਟੀ ਦੇ ਉਸ ਏਜੰਡੇ ਨੂੰ ਅੱਗੇ ਵਧਾਇਆ ਕਿ ਭਾਜਪਾ 117 ਸੀਟਾਂ 'ਤੇ ਖ਼ੁਦ ਹੀ ਚੋਣ ਲੜੇਗੀ ਅਤੇ ਅਕਾਲੀ ਦਲ ਨਾਲ ਗੱਠਜੋੜ ਦਾ ਕੋਈ ਤੁੱਕ ਨਹੀਂ ਬਣਦਾ ਕਿਉਂਕਿ ਅਕਾਲੀ ਦਲ ਬੇਅਦਬੀਆਂ ਕਾਰਨ ਸਿੱਖ ਜਗਤ 'ਚ ਆਪਣੀ ਇੱਜ਼ਤ ਗੁਆ ਚੁੱਕਾ ਹੈ। ਇਹੋ ਜਿਹੀ ਸਥਿਤੀ 'ਚ ਭਾਜਪਾ ਉਨ੍ਹਾਂ ਨਾਲ ਕਿਉਂ ਜੁੜੇ?

ਇਸਦਾ ਅਰਥ ਇਹ ਵੀ ਲੱਗਦਾ ਹੈ ਕਿ ਜਿਸ ਗੱਠਜੋੜ ਦੇ ਏਜੰਡੇ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਲੈ ਕੇ ਚੱਲ ਰਹੇ ਸਨ ਕਿ ਅਕਾਲੀ ਦਲ ਦਾ ਮਜ਼ਬੂਤ ਹੋਣਾ ਪੰਜਾਬ ਦੇ ਹਿੱਤ 'ਚ ਹੈ ਅਤੇ ਭਾਜਪਾ ਨੂੰ ਉਨ੍ਹਾਂ ਨਾਲ ਮਿਲ ਕੇ ਚੋਣ ਲੜਨੀ ਚਾਹੀਦੀ ਹੈ, ਉਹ ਸਥਿਤੀ ਹੁਣ ਹੌਲੀ-ਹੌਲੀ ਹੱਥੋਂ ਨਿਕਲ ਰਹੀ ਹੈ। ਇਸ ਨਾਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਚਿਹਰੇ ਖਿੜ ਸਕਦੇ ਹਨ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਭਾਜਪਾ ਨੂੰ ਅਜੇ ਵੀ ਇਹ ਨਹੀਂ ਲੱਗਦਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ 'ਚ ਕੋਈ ਰਾਜਨੀਤਿਕ ਤਾਕਤ ਆ ਰਹੀ ਹੈ ਜਾਂ ਉਹ ਆਪਣਾ ਵੋਟ ਬੈਂਕ ਵਾਪਸ ਖਿੱਚਣ 'ਚ ਕਾਮਯਾਬ ਹੋ ਰਹੇ ਹਨ।

# ਸੁਪਰੀਮ ਕੋਰਟ ਵੱਲੋਂ ਵੋਟਰ ਸੂਚੀ 'ਚ ਹੇਰਾਫੇਰੀ ਦੀ ਸਿਟ ਜਾਂਚ ਦੀ ਮੰਗ ਸਬੰਧੀ ਪਟੀਸ਼ਨ ਖਾਰਜ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਬੰਗਲੁਰੂ ਸੈਂਟਰਲ ਅਤੇ ਹੋਰ ਚੋਣ ਖੇਤਰਾਂ ਵਿਚ ਵੋਟਰ ਸੂਚੀ 'ਚ ਹੇਰਾਫੇਰੀ ਦੇ ਦੋਸ਼ਾਂ ਦੀ ਜਾਂਚ ਲਈ ਸਾਬਕਾ ਜੱਜ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਜਾਂਚ ਟੀਮ (ਸਿਟ) ਗਠਿਤ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੌਏਮਾਲਾ ਬਾਗਚੀ ਦੇ ਬੈਂਚ ਨੇ ਪਟੀਸ਼ਨਰ ਨੂੰ ਕਿਹਾ ਕਿ ਉਹ ਆਪਣੀ ਪਟੀਸ਼ਨ ਚੋਣ ਕਮਿਸ਼ਨ ਕੋਲ ਪੇਸ਼ ਕਰਨ। ਬੈਂਚ ਨੇ ਆਦੇਸ਼ ਦਿੱਤਾ, "ਅਸੀਂ ਪਟੀਸ਼ਨਰ ਦੇ ਵਕੀਲ ਦਾ ਪੱਖ ਸੁਣਿਆ ਹੈ ਅਤੇ ਅਸੀਂ ਇਸ ਪਟੀਸ਼ਨ 'ਤੇ ਵਿਚਾਰ ਕਰਨ ਦੇ ਇੱਛੁਕ ਨਹੀਂ ਹਾਂ, ਜੋ ਕਥਿਤ ਤੌਰ 'ਤੇ ਜਨਹਿਤ ਵਿਚ ਦਾਇਰ ਕੀਤੀ ਗਈ ਹੈ। ਪਟੀਸ਼ਨਰ ਚੋਣ ਕਮਿਸ਼ਨ ਕੋਲ ਆਪਣੀ ਪਟੀਸ਼ਨ ਦਾਇਰ ਕਰ ਸਕਦੇ ਹਨ।"

ਪਟੀਸ਼ਨਰ ਦੇ ਵਕੀਲ ਰੋਹਿਤ ਪਾਂਡੇ ਨੇ ਕਿਹਾ ਕਿ ਉਹ ਚੋਣ ਕਮਿਸ਼ਨ ਕੋਲ ਪਹਿਲਾਂ ਹੀ ਆਪਣੀ ਸ਼ਿਕਾਇਤ ਦੇ ਚੁੱਕੇ ਹਨ ਪਰ ਇਸ ਨੂੰ ਸਵੀਕਾਰ ਨਹੀਂ ਕੀਤਾ ਗਿਆ। ਪਟੀਸ਼ਨਰ ਨੇ ਪਟੀਸ਼ਨ 'ਤੇ ਫੈਸਲਾ ਲੈਣ ਵਾਸਤੇ ਚੋਣ ਕਮਿਸ਼ਨ ਲਈ ਸਮਾਂ-ਸੀਮਾ ਨਿਰਧਾਰਤ ਕਰਨ ਦੀ ਮੰਗ ਕੀਤੀ, ਜਿਸ ਨੂੰ ਬੈਂਚ ਨੇ ਨਾਮਨਜ਼ੂਰ ਕਰ ਦਿੱਤਾ। ਪਟੀਸ਼ਨ ਵਿਚ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਪ੍ਰੈੱਸ ਕਾਨਫਰੰਸ ਦਾ ਹਵਾਲਾ ਦਿੱਤਾ ਗਿਆ, ਜਿਸ ਵਿਚ ਭਾਜਪਾ ਅਤੇ ਚੋਣ ਕਮਿਸ਼ਨ ਦਰਮਿਆਨ ਮਿਲੀਭੁਗਤ ਨਾਲ ਚੋਣਾਂ ਵਿਚ ਵੱਡੀ ਪੱਧਰ 'ਤੇ ਅਪਰਾਧਿਕ ਧੋਖਾਧੜੀ ਹੋਣ ਦਾ ਦਾਅਵਾ ਕੀਤਾ ਗਿਆ ਸੀ ਅਤੇ ਇਸ ਨੂੰ ਵੋਟ ਚੋਰੀ ਕਰਾਰ ਦਿੱਤਾ ਸੀ। ਕਰਨਾਟਕ ਦੇ ਇਕ ਚੋਣ ਖੇਤਰ ਵਿਚ ਵੋਟਰ ਸੂਚੀਆਂ ਦੇ ਵਿਸ਼ਲੇਸ਼ਣ ਦਾ ਹਵਾਲਾ ਦਿੱਤਾ ਗਿਆ ਸੀ। ਪਟੀਸ਼ਨ ਵਿਚ ਸਿਖ਼ਰਲੀ ਅਦਾਲਤ ਤੋਂ ਇਹ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਕਿ ਅਦਾਲਤ ਦੇ ਹੁਕਮਾਂ ਦੀ ਪਾਲਣਾ ਹੋਣ ਅਤੇ ਵੋਟਰ ਸੂਚੀਆਂ ਦਾ ਨਿਰਪੱਖ ਆਡਿਟ ਹੋਣ ਤੱਕ ਵੋਟਰ ਸੂਚੀਆਂ ਵਿਚ ਕੋਈ ਹੋਰ ਸੋਧ ਨਾ ਕੀਤੀ ਜਾਵੇ ਜਾਂ ਇਨ੍ਹਾਂ ਨੂੰ ਅੰਤਿਮ ਰੂਪ ਦੇਣ ਦਾ ਕੰਮ ਨਾ ਕੀਤਾ ਜਾਵੇ।

ਪਟੀਸ਼ਨ 'ਚ ਅਦਾਲਤ ਨੂੰ ਵੋਟਰ ਸੂਚੀ ਤਿਆਰ ਕਰਨ, ਰੱਖ-ਰਖਾਓ ਅਤੇ ਪ੍ਰਕਾਸ਼ਨ ਵਿਚ ਪਾਰਦਰਸ਼ਤਾ, ਜਵਾਬਦੇਹੀ ਤੇ ਇਮਾਨਦਾਰੀ ਯਕੀਨੀ ਬਣਾਉਣ ਵਾਸਤੇ ਚੋਣ ਕਮਿਸ਼ਨ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਗਈ, ਜਿਸ ਵਿਚ ਡੁਪਲੀਕੇਟ ਜਾਂ ਫ਼ਰਜ਼ੀ ਐਂਟਰੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਰੋਕਣ ਲਈ ਵਿਧੀ ਵੀ ਸ਼ਾਮਿਲ ਹੈ।

# ਰਾਜੋਆਣਾ ਦੀ ਮੌਤ ਦੀ ਸਜ਼ਾ ਰੱਦ ਕਰਨ ਸੰਬੰਧੀ ਅਕਾਲੀ ਦਲ (ਅ) ਵੱਲੋਂ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ



ਜਲੰਧਰ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੂੰ ਰਾਸ਼ਟਰਪਤੀ ਨੂੰ ਸੰਬੋਧਿਤ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਰੱਦ ਕਰਨ ਅਤੇ ਪੰਜਾਬ ਵਿਚ ਤਾਇਨਾਤ 30 ਬੀ.ਐੱਸ.ਐੱਫ. ਕੰਪਨੀਆਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਰੇਰੂ, ਜਤਿੰਦਰ ਪਾਲ ਸਿੰਘ, ਸੁਰਜੀਤ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ, ਯੂਥ ਪ੍ਰਧਾਨ ਮਨਜੀਤ ਸਿੰਘ, ਹਰਵਿੰਦਰ ਜੀਤ ਸਿੰਘ, ਪਰਵਿੰਦਰ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ ਰਾਜੋਆਣਾ ਨੂੰ 30 ਸਾਲਾਂ ਤੋਂ ਵੱਧ ਸਮੇਂ ਲਈ ਕੈਦ ਕੀਤਾ ਗਿਆ ਸੀ, ਜਿਸ ਦੌਰਾਨ ਉਸਨੇ ਰੋਜ਼ਾਨਾ ਮੌਤ ਦੀ ਸਜ਼ਾ ਦਾ ਮਾਨਸਿਕ ਅਤੇ ਸਰੀਰਕ ਤਸ਼ੱਦਦ ਸਹਿਣ ਕੀਤਾ। ਇੰਨੇ ਲੰਬੇ ਸਮੇਂ ਬਾਅਦ ਉਸਨੂੰ ਫਾਂਸੀ ਦੇਣਾ ਸੰਵਿਧਾਨ ਦੇ ਆਰਟੀਕਲ 21 ਅਧੀਨ ਗਾਰੰਟੀਸ਼ੁਦਾ ਜੀਵਨ ਦੇ ਅਧਿਕਾਰ ਦੀ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਵਾਧੂ ਬੀ.ਐੱਸ.ਐੱਫ. ਕੰਪਨੀਆਂ ਦੀ ਤਾਇਨਾਤੀ ਨੇ ਪੰਜਾਬ ਵਿਚ ਜਨਤਕ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਵਿੱਤੀ ਅਤੇ ਸਮਾਜਿਕ ਸਥਿਤੀ ਪ੍ਰਭਾਵਿਤ ਹੋਈ ਹੈ। ਪਾਰਟੀ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਰਾਜੋਆਣਾ ਦੀ ਸਜ਼ਾ ਰੱਦ ਕੀਤੀ ਜਾਵੇ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਬੀ.ਐੱਸ.ਐੱਫ. ਕੰਪਨੀਆਂ ਨੂੰ ਵਾਪਸ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਭਾਈਚਾਰਾ ਹਮੇਸ਼ਾ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸਮਾਜਿਕ ਨਿਆਂ ਵਿਚ ਸਭ ਤੋਂ ਅੱਗੇ ਰਿਹਾ ਹੈ। ਉਨ੍ਹਾਂ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਰੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਯਕੀਨੀ ਬਣਾਉਣ ਅਤੇ ਬੇਲੋੜੇ ਦਬਾਅ ਅਤੇ ਪਰੇਸ਼ਾਨੀ ਨੂੰ ਖਤਮ ਕਰਨ।

# ਬਿਹਾਰ ਵਿਧਾਨ ਸਭਾ ਚੋਣਾਂ; ਭਾਜਪਾ ਤੇ ਜੇ.ਡੀ.ਯੂ. ਬਰਾਬਰ ਸੀਟਾਂ 'ਤੇ ਲੜੇਗੀ ਚੋਣ

**■ ਭਾਜਪਾ 101, ਜੇ.ਡੀ.ਯੂ. 101, ਐੱਲ.ਜੇ.ਪੀ. (ਆਰ) 29, ਆਰ.ਐੱਲ.ਐੱਮ. 6 ਅਤੇ ਐੱਚ.ਏ.ਐੱਮ. 6**

**ਨਵੀਂ ਦਿੱਲੀ, (ਪੰਜਾਬ ਮੇਲ)**- ਬਿਹਾਰ ਵਿਧਾਨ ਸਭਾ ਚੋਣਾਂ ਲਈ ਰਾਸ਼ਟਰੀ ਲੋਕਤੰਤਰੀ ਗਠਜੋੜ (ਐੱਨ.ਡੀ.ਏ.) ਦੇ ਅੰਦਰ ਸੀਟਾਂ ਦੀ ਵੰਡ ਬਾਰੇ ਚੱਲ ਰਿਹਾ ਸਸਪੈਂਸ ਹੁਣ ਖਤਮ ਹੋ ਗਿਆ ਹੈ। ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ, ਗਠਜੋੜ ਦੀਆਂ ਪ੍ਰਮੁੱਖ ਪਾਰਟੀਆਂ ਨੇ ਆਪਣੀਆਂ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਜਨਤਾ ਦਲ ਯੂਨਾਈਟਿਡ (ਜੇ.ਡੀ.ਯੂ.) ਨੇ ਸਭ ਤੋਂ ਵੱਡਾ ਹਿੱਸਾ ਪ੍ਰਾਪਤ ਕੀਤਾ ਹੈ, ਜਦੋਂ ਕਿ ਛੋਟੇ ਸਹਿਯੋਗੀਆਂ ਨੂੰ ਵੀ ਬਰਾਬਰ ਸੀਟਾਂ ਮਿਲੀਆਂ ਹਨ।

ਐੱਨ.ਡੀ.ਏ. ਸੀਟਾਂ ਦੀ ਵੰਡ ਦੇ ਸਮਝੌਤੇ ਵਿਚ ਭਾਜਪਾ ਅਤੇ ਜੇ.ਡੀ.ਯੂ. ਨੇ ਬਰਾਬਰ ਸੀਟਾਂ 'ਤੇ ਚੋਣ ਲੜਨ ਦਾ ਫੈਸਲਾ ਕੀਤਾ ਹੈ। ਦੋਵੇਂ ਪਾਰਟੀਆਂ 101-101 ਵਿਧਾਨ ਸਭਾ ਸੀਟਾਂ 'ਤੇ



ਉਮੀਦਵਾਰ ਖੜ੍ਹੇ ਕਰਨਗੀਆਂ। ਇਸ ਐਲਾਨ ਦੇ ਨਾਲ, ਸਾਰੀਆਂ ਪਾਰਟੀਆਂ ਦਾ ਧਿਆਨ ਹੁਣ ਉਮੀਦਵਾਰਾਂ ਦੀ ਚੋਣ ਅਤੇ ਜ਼ਮੀਨੀ ਪੱਧਰ 'ਤੇ ਪ੍ਰਚਾਰ ਰਣਨੀਤੀ ਵੱਲ ਚਲਾ ਗਿਆ ਹੈ।

ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ ਗੱਠਜੋੜ ਵਿਚ 29 ਸੀਟਾਂ ਦਿੱਤੀਆਂ ਗਈਆਂ ਹਨ, ਜੋ ਕਿ ਇਸਦੇ ਵਧਦੇ ਰਾਜਨੀਤਿਕ ਪ੍ਰਭਾਵ ਨੂੰ ਦਰਸਾਉਂਦੀ ਹੈ। ਇਸ ਦੌਰਾਨ, ਉਪੇਂਦਰ ਕੁਸ਼ਵਾਹਾ ਦੀ ਰਾਸ਼ਟਰੀ ਲੋਕ ਮੋਰਚਾ (ਆਰ.ਐੱਲ.ਐੱਮ.) ਅਤੇ ਜੀਤਨ ਰਾਮ ਮਾਂਝੀ ਦੀ ਹਿੰਦੁਸਤਾਨੀ ਅਵਾਮ ਮੋਰਚਾ (ਐੱਚ.ਏ.ਐੱਮ.) ਨੂੰ 6-6 ਸੀਟਾਂ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ, ਐੱਨ.ਡੀ.ਏ. ਨੇ ਆਪਣੇ ਸਾਰੇ ਸਹਿਯੋਗੀਆਂ ਨੂੰ ਸ਼ਾਮਲ ਕਰਦੇ ਹੋਏ ਇੱਕ ਵਿਸ਼ਾਲ ਚੋਣ ਗੱਠਜੋੜ ਬਣਾਇਆ ਹੈ।

ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦੇਣ ਦੇ ਨਾਲ, ਐੱਨ.ਡੀ.ਏ. ਨੇ ਆਪਣੀ ਚੋਣ ਪ੍ਰਚਾਰ ਰਣਨੀਤੀ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 15 ਅਕਤੂਬਰ ਨੂੰ ਬਿਹਾਰ ਵਿਚ ਆਪਣਾ ਪ੍ਰਚਾਰ ਸ਼ੁਰੂ ਕਰਨਗੇ। ਪ੍ਰਧਾਨ ਮੰਤਰੀ ਮੋਦੀ ਦੀਆਂ ਰੈਲੀਆਂ ਐੱਨ.ਡੀ.ਏ. ਦੇ ਪ੍ਰਚਾਰ ਨੂੰ ਗਤੀ ਦੇਣਗੀਆਂ ਅਤੇ ਗਠਜੋੜ ਲਈ ਅਨੁਕੂਲ ਮਾਹੌਲ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।

# ਵਿਦੇਸ਼ ਖੜ੍ਹਨ ਦੇ ਨਾਂ 'ਤੇ ਪਤਨੀ ਨੇ ਪਤੀ ਨਾਲ ਮਾਰੀ ਠੱਗੀ

**■ ਬਿਨਾਂ ਦੱਸੇ ਹੀ ਕੈਨੇਡਾ ਹੋਈ ਰਵਾਨਾ**

**ਲੋਪੋਕੇ, (ਪੰਜਾਬ ਮੇਲ)**-ਪੁਲਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਚੱਕ ਮਿਸ਼ਰੀ ਖਾਂ ਵਿਆਹ ਕਰਵਾ ਕੇ ਆਪਣੇ ਪਤੀ ਨੂੰ ਆਪਣੇ ਨਾਲ ਵਿਦੇਸ਼ ਖੜ੍ਹਨ ਦੇ ਨਾਂ 'ਤੇ ਪਤੀ ਅਤੇ ਸਹੁਰੇ ਪਰਿਵਾਰ ਨੂੰ ਲੱਖਾਂ ਰੁਪਏ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਿਸ ਨੇ 6 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਸੂਰਜਪਾਲ ਸਿੰਘ ਪਿੰਡ ਚੱਕ ਮਿਸ਼ਰੀ ਖਾਂ ਨੇ ਦੱਸਿਆ ਕਿ 7 ਜਨਵਰੀ 2022 ਨੂੰ ਸਿੱਖ ਰੀਤੀ-ਰਿਵਾਜ਼ਾਂ ਅਨੁਸਾਰ ਗੁਰਦੁਆਰਾ ਬਾਬਾ ਸੁਰ ਸਿੰਘ ਵਾਲਾ ਵਿਖੇ ਉਨ੍ਹਾਂ ਦਾ ਸਾਦਾ ਵਿਆਹ ਹੋਇਆ ਸੀ, ਜਿਸ ਤੋਂ ਬਾਅਦ ਮੇਰੀ ਪਤਨੀ ਰਮਨਦੀਪ ਕੌਰ ਨੇ ਸਾਡੀ ਦੋਨਾਂ ਪਰਿਵਾਰਾਂ ਦੀ ਸਹਿਮਤੀ ਨਾਲ ਕੈਨੇਡਾ ਜਾਣ ਦੀ ਫਾਈਲ ਲਗਾਈ ਸੀ। ਮੈਂ ਆਪਣੇ ਸਹੁਰੇ ਪਰਿਵਾਰ ਦੀਆਂ ਗੱਲਾਂ ਵਿਚ ਆ ਕੇ ਆਪਣੇ ਪਿਤਾ ਦਲਬੀਰ ਸਿੰਘ ਦੇ ਖਾਤੇ ਵਿਚੋਂ 7 ਲੱਖ 25 ਹਜ਼ਾਰ ਰੁਪਏ ਚੈੱਕ ਰਾਹੀਂ ਆਪਣੇ ਸਹੁਰੇ ਜਸਪਾਲ ਸਿੰਘ ਦੇ ਖਾਤੇ ਵਿਚ ਪਵਾ ਦਿੱਤੇ।

28 ਨਵੰਬਰ 2025 ਨੂੰ ਮੇਰੀ ਸਾਲੀ ਸੁਮਨਦੀਪ ਕੌਰ ਦਾ ਫੋਨ ਮੇਰੀ ਪਤਨੀ ਰਮਨਦੀਪ ਕੌਰ 'ਤੇ ਆਇਆ ਤੇ ਕਿਹਾ ਕਿ ਤੁਸੀਂ ਬਾਕੀ ਦੇ ਪੈਸੇ ਵੀ ਪਾ ਦਿਓ, ਤਾਂ ਮੈਂ ਇਕ ਲੱਖ 50 ਹਜ਼ਾਰ ਰੁਪਏ ਕਢਵਾ ਕੇ ਆਪਣੀ ਸਾਲੀ ਸੁਮਨਦੀਪ ਕੌਰ ਨੂੰ ਇੰਡੀਆ ਗੇਟ ਛੇਹਰਟਾ ਵਿਖੇ ਦੇ ਕੇ ਆਇਆ, ਤਾਂ ਇਨ੍ਹਾਂ ਕਿਹਾ ਕਿ ਰਮਨਦੀਪ ਕੌਰ ਦੀ ਫਾਈਲ ਲੱਗ ਚੁੱਕੀ। ਉਹ ਮੈਨੂੰ ਬਿਨਾਂ ਦੱਸੇ ਹੀ ਵਿਦੇਸ਼ ਕੈਨੇਡਾ ਚਲੀ ਗਈ। ਜਿਸ ਤੋਂ ਬਾਅਦ ਮੇਰੀ ਪਤਨੀ ਨੇ ਮੈਨੂੰ ਕਦੇ ਵੀ ਫੋਨ ਨਹੀਂ ਕੀਤਾ। ਇਸ ਸਬੰਧੀ ਅਸੀਂ 15 ਨਵੰਬਰ 2023 ਨੂੰ ਐੱਸ.ਐੱਸ.ਪੀ. ਦਿਹਾਤੀ ਅੰਮ੍ਰਿਤਸਰ ਨੂੰ ਲਿਖਤੀ ਨੰਬਰੀ ਦਰਖਾਸਤ ਦਿੱਤੀ। ਜਿਸ ਦੀ ਇਨਕੁਆਇਰੀ ਐੱਸ.ਐੱਸ.ਪੀ. ਹੈੱਡ ਕੁਆਰਟਰ ਜਸਵੰਤ ਕੌਰ ਨੇ ਕੀਤੀ। ਜਿੱਥੇ ਮੇਰੇ ਸਹੁਰਾ ਜਸਪਾਲ ਸਿੰਘ ਨੇ ਲਿਖਤੀ ਰਾਜ਼ੀਨਾਮਾ ਕੀਤਾ ਸੀ ਕਿ ਉਹ ਮੈਨੂੰ 10 ਲੱਖ ਰੁਪਏ ਮੋੜਨ ਦਾ ਜ਼ਿੰਮੇਵਾਰ ਹੋਵੇਗਾ, ਪਰ ਅਜੇ ਤੱਕ ਮੈਨੂੰ ਕੋਈ ਪੈਸਾ ਨਹੀਂ ਦਿੱਤਾ। ਮੇਰੇ ਸਹੁਰੇ ਪਰਿਵਾਰ ਨੇ ਹਮ ਸਲਾਹ ਹੋ ਕੇ ਇੱਕ ਗਿਣੀ ਮਿੱਥੀ ਸਾਜ਼ਿਸ਼ ਤਹਿਤ ਮੇਰੇ ਨਾਲ ਠੱਗੀ ਮਾਰੀ ਹੈ। ਉਨ੍ਹਾਂ ਆਪਣੇ ਨਾਲ ਹੋਈ ਠੱਗੀ ਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਇਸ ਸਬੰਧੀ ਥਾਣਾ ਲੋਪੋਕੇ ਦੀ ਪੁਲਿਸ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਰਮਨਦੀਪ ਕੌਰ, ਜਸਪਾਲ ਸਿੰਘ, ਦਲਬੀਰ ਕੌਰ, ਸੁਮਨਦੀਪ ਕੌਰ, ਗੁਰਜੀਤ ਕੌਰ ਅਤੇ ਗੁਰਲਾਲ ਸਿੰਘ ਖਿਲਾਫ਼ 318(4), 61(2) ਬੀ.ਐੱਨ.ਐੱਸ. ਐਕਟ ਅਧੀਨ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਾਜ਼ਾ ਜੰਗਬੰਦੀ ਤਹਿਤ ਹਮਾਸ ਵੱਲੋਂ ਸਾਰੇ 20 ਬੰਦੀ ਰਿਹਾਅ

**■ ਮ੍ਰਿਤਕ ਬੰਦੀਆਂ ਦੀਆਂ ਲਾਸ਼ਾਂ ਵੀ ਜਲਦ ਸੌਂਪਣ ਦੀ ਉਮੀਦ; ਫਲਸਤੀਨੀ ਕੈਦੀਆਂ ਨੂੰ ਲੈ ਕੇ ਬੱਸਾਂ ਰਾਮੱਲ੍ਹਾ ਤੇ ਗਾਜ਼ਾ ਪੁੱਜੀਆਂ**



ਇਜ਼ਰਾਈਲ ਤੋਂ ਰਿਹਾਅ ਹੋਏ ਫਲਸਤੀਨੀ ਆਪਣੇ ਪਰਿਵਾਰਾਂ ਨੂੰ ਮਿਲਦੇ ਹੋਏ।

**ਦੀਰ ਅਲ-ਬਲਾਹ, (ਪੰਜਾਬ ਮੇਲ)**- ਗਾਜ਼ਾ ਜੰਗਬੰਦੀ ਸਮਝੌਤੇ ਤਹਿਤ ਹਮਾਸ ਨੇ ਸਾਰੇ 20 ਜਿਊਂਦੇ ਬੰਦੀਆਂ ਨੂੰ ਰਿਹਾਅ ਕਰ ਕੇ 'ਰੈੱਡ ਕਰਾਸ' ਹਵਾਲੇ ਕਰ ਦਿੱਤਾ ਹੈ। ਇਜ਼ਰਾਇਲੀ ਸੈਨਾ ਨੇ ਇਹ ਜਾਣਕਾਰੀ ਦਿੱਤੀ। ਜੰਗਬੰਦੀ ਤੋਂ ਬਾਅਦ ਦੋ ਸਾਲਾਂ ਤੋਂ ਜਾਰੀ ਜੰਗ ਰੁੱਕ ਗਈ ਹੈ, ਜਿਸ ਨੇ ਖਿੱਤੇ ਨੂੰ ਤਬਾਹ ਕਰ ਦਿੱਤਾ ਹੈ ਅਤੇ ਇਸ ਕਾਰਨ ਹਜ਼ਾਰਾਂ ਫਲਸਤੀਨੀ ਨਾਗਰਿਕ ਮਾਰੇ ਗਏ ਹਨ ਤੇ ਵੱਡੀ ਗਿਣਤੀ ਲੋਕ ਕੱਟੜਪੰਥੀਆਂ ਦੇ ਕਬਜ਼ੇ ਵਿਚ ਹਨ। ਦੂਜੇ ਪਾਸੇ ਸਮਝੌਤੇ ਤਹਿਤ 1900 ਫਲਸਤੀਨੀ ਕੈਦੀਆਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ ਤੇ ਕਈ ਕੈਦੀਆਂ ਨੂੰ ਲੈ ਕੇ ਬੱਸਾਂ ਪੱਛਮੀ ਕੰਢੇ ਦੇ ਰਾਮੱਲ੍ਹਾ ਸ਼ਹਿਰ ਤੇ ਗਾਜ਼ਾ ਪਹੁੰਚ ਗਈਆਂ ਹਨ।

ਹਮਾਸ ਨੇ ਪਹਿਲਾਂ 7 ਬੰਦੀਆਂ ਨੂੰ ਰਿਹਾਅ ਕੀਤਾ ਸੀ; ਬਾਕੀ 13 ਨੂੰ ਇਸ ਤੋਂ ਕੁਝ ਘੰਟੇ ਬਾਅਦ ਰਿਹਾਅ ਕੀਤਾ ਗਿਆ। ਰਿਹਾਅ ਕੀਤੇ ਇਹ 20 ਵਿਅਕਤੀ ਹੁਣ ਆਪਣੇ ਪਰਿਵਾਰਾਂ ਨੂੰ ਮਿਲ ਸਕਣਗੇ ਅਤੇ ਉਨ੍ਹਾਂ ਦੀ ਮੈਡੀਕਲ ਜਾਂਚ ਕਰਾਈ ਜਾਵੇਗੀ। ਬਾਕੀ 28 ਮ੍ਰਿਤਕ ਬੰਦੀਆਂ ਦੀਆਂ ਲਾਸ਼ਾਂ ਵੀ ਜੰਗਬੰਦੀ ਦੇ ਨਿਯਮਾਂ ਤਹਿਤ ਸੌਂਪੇ ਜਾਣ ਦੀ ਉਮੀਦ ਹੈ, ਹਾਲਾਂਕਿ ਇਸ ਦੇ ਸਮੇਂ ਬਾਰੇ ਅਜੇ ਤੱਕ ਸਪੱਸ਼ਟ ਨਹੀਂ ਹੈ। ਇਜ਼ਰਾਇਲੀ ਟੀ.ਵੀ. ਚੈਨਲਾਂ ਨੇ ਜਿਵੇਂ ਹੀ ਬੰਦੀਆਂ ਨੂੰ 'ਰੈੱਡ ਕਰਾਸ' ਨੂੰ ਸੌਂਪੇ ਜਾਣ ਦਾ ਐਲਾਨ ਕੀਤਾ, ਬੰਦੀਆਂ ਦੇ ਪਰਿਵਾਰਾਂ ਤੇ ਦੋਸਤਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ।

# ਵਿਰਾਸਤੀ ਮਾਰਗ: ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਸਰਕਾਰ ਨਾਲ ਨਾਰਾਜ਼ਗੀ ਜ਼ਾਹਰ

**■ ਤਖ਼ਤ ਕੇਸਗੜ੍ਹ ਸਾਹਿਬ ਨੇੜੇ ਬਣਾਈ ਜਾ ਰਹੇ ਵਿਰਾਸਤੀ ਮਾਰਗ ਦਾ ਕੰਮ ਤੁਰੰਤ ਰੋਕਣ ਦੀ ਅਪੀਲ**

**■ ਪੰਜਾਬ ਸਰਕਾਰ ਧਾਰਮਿਕ ਮਾਮਲਿਆਂ 'ਚ ਦਖ਼ਲਅੰਦਾਜ਼ੀ ਨਾ ਕਰੇ: ਧਾਮੀ**

**ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)**- ਗੁਰੂ ਤੇਗ਼ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਚ ਕਰਵਾਏ ਜਾ ਰਹੇ ਸਮਾਗਮਾਂ ਦੀਆਂ ਤਿਆਰੀਆਂ ਜਾਰੀ ਹਨ। ਤਖ਼ਤ ਕੇਸਗੜ੍ਹ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਧਾਰਮਿਕ ਜਥੇਬੰਦੀਆਂ ਨਾਲ ਵਿਸ਼ੇਸ਼ ਮੀਟਿੰਗ ਹੋਈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਧਾਮੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਤਖ਼ਤ ਕੇਸਗੜ੍ਹ ਸਾਹਿਬ ਨੇੜੇ ਬਣਾਈ ਜਾ ਰਹੀ ਹੈਰੀਟੇਜ ਸਟਰੀਟ (ਵਿਰਾਸਤੀ ਮਾਰਗ) ਦਾ ਕੰਮ ਤੁਰੰਤ ਰੋਕਿਆ ਜਾਵੇ ਕਿਉਂਕਿ ਨਗਰ ਕੀਰਤਨ ਆਨੰਦਪੁਰ ਸਾਹਿਬ ਪਹੁੰਚਣੇ ਸ਼ੁਰੂ ਹੋ ਚੁੱਕੇ ਹਨ ਅਤੇ ਇਸ ਨਾਲ ਰਸਤੇ 'ਚ ਰੁਕਾਵਟ ਕਾਰਨ ਸੰਗਤ ਲਈ ਮੁਸ਼ਕਲ ਹੋ ਸਕਦੀ ਹੈ। ਉਨ੍ਹਾਂ ਸਮਾਗਮਾਂ ਤੋਂ ਪਹਿਲਾਂ ਸਰਕਾਰ ਵੱਲੋਂ ਸੜਕ ਪੁੱਟੇ ਜਾਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਕੰਮਾਂ ਵਿਚ ਸਰਕਾਰ ਨੂੰ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਆਪਣਾ ਕੰਮ ਆਪਣੇ ਅਧਿਕਾਰ ਖੇਤਰ ਅੰਦਰ ਹੀ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਟੁੱਟੀਆਂ ਹਨ ਤੇ ਸਰਕਾਰ ਨੂੰ ਇਹ ਸੜਕਾਂ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ਼ਤਾਬਦੀ ਸਮਾਗਮ ਮਨਾਉਣ ਦਾ ਢੰਗ ਬਿਹਾਰ ਸਰਕਾਰ ਤੋਂ ਸਿੱਖਣਾ ਚਾਹੀਦਾ ਹੈ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਵੱਲੋਂ ਵਿਰਾਸਤੀ ਮਾਰਗ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਐਲਾਨਦੀ ਹੈ, ਤਾਂ ਸ਼੍ਰੋਮਣੀ ਕਮੇਟੀ ਇਸ ਦਾ ਸਵਾਗਤ ਕਰੇਗੀ। ਸ਼੍ਰੋਮਣੀ ਕਮੇਟੀ ਨੇ ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਆਪਣਾ ਯੂਟੀਊਬ ਚੈਨਲ ਵੀ ਸ਼ੁਰੂ ਕੀਤਾ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਸਮਾਰੋਹਾਂ 'ਚ ਹਰ ਧਰਮ ਦੇ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ 230 ਤੋਂ ਵੱਧ ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ ਦੇ ਨੁਮਾਇੰਦਿਆਂ ਨੂੰ ਬੁਲਾਇਆ ਜਾ ਰਿਹਾ ਹੈ। ਇਸ ਵਾਰ ਸ਼ਤਾਬਦੀ ਸਮਾਰੋਹਾਂ ਮੌਕੇ ਲੰਗਰਾਂ ਵਿਚ ਸਿਰਫ਼ ਰਵਾਇਤੀ ਪਕਵਾਨ ਹੀ ਤਿਆਰ ਕੀਤੇ ਜਾਣਗੇ। ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਵੱਲੋਂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸਮਾਗਮਾਂ ਤੋਂ ਪਹਿਲਾਂ ਤਖ਼ਤ ਸਾਹਿਬ ਨੂੰ ਆਉਣ ਵਾਲੇ ਮੁੱਖ ਰਸਤੇ ਨੂੰ ਵਿਰਾਸਤੀ ਮਾਰਗ ਬਣਾਉਣ ਦੇ ਨਾਮ 'ਤੇ ਪੁੱਟਣ ਦੀ ਨਿਖੇਧੀ ਕੀਤੀ ਹੈ।

ਸਫਾ 1 ਦਾ ਬਾਕੀ

## ਇਮੀਗ੍ਰੇਸ਼ਨ ਵੱਲੋਂ ਹਿਰਾਸਤ 'ਚ ਲਏ...

ਇਸ ਵਕਤ ਪਰਮਜੀਤ ਸਿੰਘ ਨੂੰ ਇੰਡੀਆਨਾ ਦੇ ਕਲੇਅ ਕਾਊਂਟੀ ਡਿਟੈਨਸ਼ਨ ਸੈਂਟਰ ਵਿਚ ਰੱਖਿਆ ਹੋਇਆ ਹੈ। ਪਰਮਜੀਤ ਸਿੰਘ ਨੂੰ 1999 ਦੇ ਜਿਸ ਜੁਰਮ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਉਸ ਦੇ ਲਈ ਉਸ ਨੂੰ 10 ਦਿਨਾਂ ਦੀ ਕੈਦ ਕੱਟਣੀ ਪਈ ਸੀ ਅਤੇ 4137.50 ਡਾਲਰ ਜੁਰਮਾਨਾ ਭਰਨਾ ਪਿਆ ਸੀ। ਜਿਸ ਕਰਕੇ ਉਹ ਸਿਟੀਜ਼ਨਸ਼ਿਪ ਤੋਂ ਵਾਂਝਾ ਰਹਿ ਗਿਆ ਸੀ। ਜ਼ਿਕਰਯੋਗ ਹੈ ਕਿ ਪਰਿਵਾਰ ਵੱਲੋਂ ਇਕ ਪ੍ਰਾਈਵੇਟ ਡਿਕਟੈਟਿਵ ਨਿਯੁਕਤ ਕੀਤਾ ਗਿਆ ਹੈ, ਜਿਸ ਅਨੁਸਾਰ ਪਰਮਜੀਤ ਸਿੰਘ ਦੇ ਖਿਲਾਫ ਇਲੀਨੀਅਸ ਸਟੇਟ ਵਿਚ ਕੋਈ ਐਕਟਿਵ ਜੁਰਮ ਦਾ ਰਿਕਾਰਡ ਨਹੀਂ ਹੈ। ਪਰਮਜੀਤ ਸਿੰਘ ਦੇ ਪਰਿਵਾਰ ਵਿਚ ਉਸ ਦੀ ਸਿਹਤ ਨੂੰ ਲੈ ਕੇ ਕਾਫੀ ਚਿੰਤਾ ਪਾਈ ਜਾ ਰਹੀ ਹੈ। ਕਿਉਂਕਿ ਉਨ੍ਹਾਂ ਦੀ ਬਰੇਨ ਸਰਜਰੀ ਦੀ ਆਈ ਹੋਈ ਤਰੀਕ ਤੋਂ ਵੀ ਉਹ ਵਾਂਝੇ ਰਹਿ ਗਏ ਹਨ।

ਸਫਾ 1 ਦਾ ਬਾਕੀ

## ਬੀ.ਬੀ.ਐੱਮ.ਬੀ. 'ਚ ਰਾਜਸਥਾਨ ਤੇ...

ਪਹਿਲੇ ਪੜਾਅ 'ਚ 23 ਫਰਵਰੀ 2022 ਨੂੰ ਕੇਂਦਰੀ ਬਿਜਲੀ ਮੰਤਰਾਲੇ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼ 2022 ਬਣਾ ਕੇ ਪੰਜਾਬ ਦੀ ਬੋਰਡ 'ਚੋਂ ਸ਼ਰਤੀਆ ਨੁਮਾਇੰਦਗੀ ਖ਼ਤਮ ਕਰ ਦਿੱਤੀ ਸੀ।

ਮਾਹਿਰ ਆਖਦੇ ਹਨ ਕਿ ਜਦੋਂ ਵੀ ਭਵਿੱਖ 'ਚ ਬੀ.ਬੀ.ਐੱਮ.ਬੀ. ਦੀ ਮੀਟਿੰਗ 'ਚ ਕੋਈ ਵਿਵਾਦ ਉੱਠੇਗਾ, ਤਾਂ ਵੋਟਿੰਗ ਹੋਣ ਦੀ ਸੂਰਤ 'ਚ ਪੰਜਾਬ ਨੂੰ ਫਾਹੁਣਾ ਕੋਈ ਔਖਾ ਨਹੀਂ ਹੋਵੇਗਾ। ਦੱਸਣਯੋਗ ਹੈ ਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਮਾਮਲੇ 'ਚ ਕੁੱਝ ਸਮਾਂ ਪਹਿਲਾਂ ਪੰਜਾਬ ਤੇ ਹਰਿਆਣਾ ਵਿਚ ਸਿਆਸੀ ਤੇ ਕਾਨੂੰਨੀ ਜੰਗ ਛਿੜੀ ਰਹੀ ਸੀ। ਹੁਣ ਚਾਰੇ ਸੂਬਿਆਂ ਨੂੰ ਇੱਕੋ ਤਰ੍ਹਾਂ ਦੀ ਨੁਮਾਇੰਦਗੀ ਮਿਲ ਜਾਵੇਗੀ, ਜਿਸ ਨਾਲ ਪੰਜਾਬ ਦੇ ਅਧਿਕਾਰਾਂ ਨੂੰ ਸੱਟ ਵੱਜੇਗੀ। ਵੇਰਵਿਆਂ ਅਨੁਸਾਰ ਬੀ.ਬੀ.ਐੱਮ.ਬੀ. ਦੇ ਵਿੱਤੀ ਬੋਝ 'ਚੋਂ 39.58 ਫ਼ੀਸਦੀ ਖਰਚਾ ਪੰਜਾਬ ਝੱਲਦਾ ਹੈ, 30 ਫ਼ੀਸਦੀ ਖਰਚਾ ਹਰਿਆਣਾ ਕਰਦਾ ਹੈ। ਰਾਜਸਥਾਨ 24 ਫ਼ੀਸਦੀ ਅਤੇ ਹਿਮਾਚਲ ਪ੍ਰਦੇਸ਼ ਸਿਰਫ਼ 4 ਫ਼ੀਸਦੀ ਤੇ ਚੰਡੀਗੜ੍ਹ ਦੋ ਫ਼ੀਸਦੀ ਖਰਚਾ ਚੁੱਕਦਾ ਹੈ। ਨਵੀਂ ਤਜਵੀਜ਼ ਅਨੁਸਾਰ ਹੁਣ 24 ਫ਼ੀਸਦੀ ਖਰਚਾ ਚੁੱਕਣ ਵਾਲੇ ਰਾਜਸਥਾਨ ਅਤੇ ਚਾਰ ਫ਼ੀਸਦੀ ਖਰਚਾ ਚੁੱਕਣ ਵਾਲੇ ਹਿਮਾਚਲ ਪ੍ਰਦੇਸ਼ ਨੂੰ ਸਥਾਈ ਪ੍ਰਤੀਨਿਧਤਾ ਦੇ ਕੇ ਪੰਜਾਬ ਦੇ ਹੱਕਾਂ ਨੂੰ ਘਟਾ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੇ ਨਵੀਂ ਤਜਵੀਜ਼ 'ਚ ਕਈ ਓਹਲੇ ਰੱਖੇ ਹਨ। ਬੀ.ਬੀ.ਐੱਮ.ਬੀ. 'ਚ ਬਿਜਲੀ ਤੇ ਸਿੰਜਾਈ ਦਾ ਹੀ ਮੁੱਖ ਕੰਮ ਹੈ ਅਤੇ ਇਨ੍ਹਾਂ ਦੋਵੇਂ ਸੈਕਟਰਾਂ ਦੇ ਮੈਂਬਰ ਪੰਜਾਬ ਅਤੇ ਹਰਿਆਣਾ 'ਚੋਂ ਲੱਗਦੇ ਰਹੇ ਹਨ। ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਨਵੇਂ ਤਜਵੀਜ਼ ਕੀਤੇ ਮੈਂਬਰਾਂ ਨੂੰ ਬੀ.ਬੀ.ਐੱਮ.ਬੀ. 'ਚ ਕੀ ਜ਼ਿੰਮੇਵਾਰੀ ਮਿਲੇਗੀ ਜਾਂ ਉਨ੍ਹਾਂ ਦੀ ਕੀ ਭੂਮਿਕਾ ਹੋਵੇਗੀ, ਇਸ ਬਾਰੇ ਹਾਲੇ ਕੁੱਝ ਨਹੀਂ ਪਤਾ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਸਾਲਾਨਾ ਚੋਣ 3 ਨਵੰਬਰ



**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਤਿੰਨ ਨਵੰਬਰ ਨੂੰ ਹੋਵੇਗੀ। ਇਸ ਸੰਬੰਧ ਵਿਚ ਫੈਸਲਾ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲ ਕਰਦਿਆਂ ਇਹ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦੇ ਜਨਰਲ ਹਾਊਸ ਦੀ ਇਹ ਅੰਤਰਿੰਗ ਕਮੇਟੀ ਦੀ ਆਖਰੀ ਮੀਟਿੰਗ ਹੈ। ਸੰਸਥਾ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਤਿੰਨ ਨਵੰਬਰ ਨੂੰ ਜਨਰਲ ਇਜਲਾਸ ਸੱਦਿਆ ਗਿਆ ਹੈ।

ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਚੱਲ ਰਹੀ ਸੇਵਾ ਬਾਰੇ ਉਨ੍ਹਾਂ ਦੱਸਿਆ ਕਿ ਸਥਾਪਿਤ ਕੀਤੇ ਗਏ ਪੰਜ ਮਦਦ ਕੇਂਦਰਾਂ 'ਤੇ ਜਲਦੀ ਹੀ ਕਣਕ ਦਾ ਬੀਜ ਮੁਹੱਈਆ ਕਰਵਾਇਆ ਜਾਵੇਗਾ। ਇਸ ਸਬੰਧ ਵਿਚ ਉਨ੍ਹਾਂ ਦਸ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਆਖਿਆ ਹੈ ਕਿ ਉਹ ਆਪਣੇ ਸਰਪੰਚ ਕੋਲੋਂ ਤਸਦੀਕ ਕਰਵਾ ਕੇ ਕਣਕ ਦਾ ਬੀਜ ਲੈਣ ਸਬੰਧੀ ਆਪਣੀ ਮੰਗ ਕੇਂਦਰਾਂ ਕੋਲ ਪੁੱਜਦੀ ਕਰਨ, ਤਾਂ ਜੋ ਲੋੜ ਮੁਤਾਬਕ ਬੀਜ ਦਾ ਪ੍ਰਬੰਧ ਕੀਤਾ ਜਾ ਸਕੇ।

ਇਸ ਦੌਰਾਨ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਵਾਸਤੇ ਪੰਜ ਟਰੱਕ ਕੰਬਲ, ਗੱਦੇ ਅਤੇ ਰਸਦਾਂ ਦੇ ਭੇਜੇ ਗਏ ਹਨ। ਜੰਮੂ ਵਿਖੇ ਸਾਂਬਾ ਖੇਤਰ ਵਿਚ ਇੱਕ ਪਿੰਡ ਵਿਚ ਪੰਜ ਪਾਵਨ ਸਰੂਪ ਅਗਨ ਭੇਟ ਹੋਣ ਦੀ ਵਾਪਰੀ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਬੀ.ਐੱਨ.ਐੱਸ. ਦੀ ਧਾਰਾ 295 ਵਿਚ ਇਸ ਮਾਮਲੇ ਨੂੰ ਲੈ ਕੇ ਸੋਧ ਕੀਤੀ ਜਾਵੇ, ਤਾਂ ਜੋ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਹੋ ਸਕੇ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੇ ਬੰਦੀ ਛੋੜ ਦਿਵਸ ਅਤੇ ਦਿਵਾਲੀ ਮੌਕੇ ਆਪਣੇ ਮੁਲਾਜ਼ਮਾਂ ਨੂੰ ਤਿੰਨ ਫੀਸਦੀ ਮਹਿੰਗਾਈ ਭੱਤਾ ਦੇਣ ਦਾ ਫੈਸਲਾ ਕੀਤਾ ਹੈ। ਸਿੱਖ ਸੰਸਥਾ ਵੱਲੋਂ ਮੁੰਬਈ ਸਥਿਤ ਗੁਰੂ ਨਾਨਕ ਖਾਲਸਾ ਕਾਲਜ ਮਟੁੰਗਾ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਲਈ ਵੀ ਇੱਕ ਮਤਾ ਪਾਸ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ ਨਾਲ ਸਿੱਖ ਗੁਰੂਆਂ ਗੁਰਬਾਣੀ ਅਤੇ ਗੁਰੂ ਧਾਮਾਂ ਦੀ ਕੀਤੀ ਜਾ ਰਹੀ ਬੇਅਦਬੀ ਨੂੰ ਰੋਕਣ ਲਈ ਇੱਕ ਡਿਜੀਟਲ ਟਾਸਕ ਫੋਰਸ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਅਜਿਹੀ ਬੇਅਦਬੀ ਵਾਲੀਆਂ ਪੋਸਟਾਂ ਨੂੰ ਅਗਾਂਹ ਸ਼ੇਅਰ ਕਰਨ ਵਾਲਿਆਂ ਦੇ ਖ਼ਿਲਾਫ਼ ਵੀ ਕਾਰਵਾਈ ਹੋਣੀ ਚਾਹੀਦੀ ਹੈ।

350 ਸਾਲਾ ਸ਼ਹੀਦੀ ਸਮਾਗਮ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਾਗਮ 23 ਨਵੰਬਰ ਤੋਂ 29 ਨਵੰਬਰ ਤੱਕ ਅਨੰਦਪੁਰ ਸਾਹਿਬ ਸਥਿਤ ਗੁਰਦੁਆਰਾ ਸੀਸ ਗੰਜ ਵਿਖੇ ਹੋਣਗੇ। ਇਸ ਸਬੰਧੀ ਇੱਕ ਨਗਰ ਕੀਰਤਨ ਜਲਦੀ ਹੀ ਜੰਮੂ ਕਸ਼ਮੀਰ ਦੇ ਮਟਨ ਸ਼ਹਿਰ ਤੋਂ ਆਰੰਭ ਹੋਵੇਗਾ ਅਤੇ ਇਸ ਸਬੰਧੀ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ।

## ਕਰਿਸ਼ਮਾ ਕਪੂਰ ਦੇ ਬੱਚਿਆਂ ਨੇ ਹਾਈਕੋਰਟ 'ਚ ਪਿਤਾ ਦੀ ਵਸੀਅਤ ਦੀ ਪ੍ਰਮਾਣਕਿਤਾ 'ਤੇ ਚੁੱਕੇ ਸਵਾਲ

**ਨਵੀਂ ਦਿੱਲੀ, (ਪੰਜਾਬ ਮੇਲ)**- ਅਦਾਕਾਰਾ ਕਰਿਸ਼ਮਾ ਕਪੂਰ ਦੇ ਬੱਚਿਆਂ ਨੇ ਦਿੱਲੀ ਹਾਈ ਕੋਰਟ ਵਿਚ ਆਪਣੇ ਮਰਹੂਮ ਪਿਤਾ ਸੰਜੇ ਕਪੂਰ ਦੀ ਕਥਿਤ ਵਸੀਅਤ ਦੀ ਪ੍ਰਮਾਣਿਕਤਾ 'ਤੇ ਸਵਾਲ ਚੁੱਕਦੇ ਹੋਏ ਦਾਅਵਾ ਕੀਤਾ ਹੈ ਕਿ ਦਸਤਾਵੇਜ਼ ਵਿਚ 'ਘੋਰ ਤਰੁੱਟੀਆਂ' ਹਨ ਅਤੇ ਇਹ ਉਨ੍ਹਾਂ ਦੇ ਪਿਤਾ ਵੱਲੋਂ ਨਹੀਂ ਬਣਾਈ ਗਈ ਹੈ। ਕਿਆਨ ਰਾਜ ਵੱਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਜਯੋਤੀ ਸਿੰਘ ਦੇ ਬੈਂਚ ਮੂਹਰੇ ਦਲੀਲ ਦਿੱਤੀ ਕਿ ਵਸੀਅਤ ਵਿਚ ਕੁਝ ਗਲਤੀਆਂ ਸਨ, ਜੋ ਸੰਜੈ ਕਪੂਰ ਕਰ ਹੀ ਨਹੀਂ ਸਕਦੇ ਸਨ। ਬੈਂਚ ਸਮਾਇਰਾ ਅਤੇ ਕਿਆਨ ਦੀ ਉਸ

ਸਫਾ 1 ਦਾ ਬਾਕੀ

## ਰਾਜਸਭਾ ਉਮੀਦਵਾਰ ਦੀ ਗ੍ਰਿਫ਼ਤਾਰੀ ਲਈ ਪੰਜਾਬ ਤੇ...

ਰੋਪੜ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਰੋਪੜ 'ਚ ਦਰਜ ਐੱਫ.ਆਈ.ਆਰ. ਦੇ ਆਧਾਰ 'ਤੇ ਪੁਲਿਸ ਨਵਨੀਤ ਚਤੁਰਵੇਦੀ ਨੂੰ ਗ੍ਰਿਫ਼ਤਾਰ ਕਰਨ ਚੰਡੀਗੜ੍ਹ ਪੁੱਜੀ ਸੀ।

ਨਾਮਜ਼ਦਗੀ ਖ਼ਾਰਜ ਹੋਣ ਤੋਂ ਬਾਅਦ ਨਵਨੀਤ ਚਤੁਰਵੇਦੀ ਜਦੋਂ ਵਿਧਾਨ ਸਭਾ ਕੰਪਲੈਕਸ ਤੋਂ ਬਾਹਰ ਨਿਕਲੇ, ਤਾਂ ਉਨ੍ਹਾਂ ਨੂੰ ਪ੍ਰਸਤਾਵਕ ਵਿਧਾਇਕਾਂ ਦੇ ਜਾਅਲੀ ਹਸਤਾਖਰ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕਰਨ ਲਈ ਐੱਸ.ਪੀ. ਤੇ ਡੀ.ਐੱਸ.ਪੀ. ਸਮੇਤ ਪੰਜਾਬ ਪੁਲਿਸ ਪੁੱਜੀ ਹੋਈ ਸੀ। ਪੰਜਾਬ ਪੁਲਿਸ ਨੇ ਨਵਨੀਤ ਨੂੰ ਫੜਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਪੁਲਿਸ ਨਾਲ ਬਹਿਸ ਸ਼ੁਰੂ ਕਰ ਦਿੱਤੀ। ਉੱਥੇ ਮੌਜੂਦ ਚੰਡੀਗੜ੍ਹ ਪੁਲਿਸ ਨੇ ਨਵਨੀਤ ਨੂੰ ਆਪਣੀ ਸੁਰੱਖਿਆ 'ਚ ਲੈ ਲਿਆ ਤੇ ਉਨ੍ਹਾਂ ਨੂੰ ਲੈ ਕੇ ਆਪਣੀਆਂ ਗੱਡੀਆਂ ਤੇਜ਼ੀ ਨਾਲ ਉੱਥੋਂ ਕੱਢੀਆਂ। ਪੰਜਾਬ ਪੁਲਿਸ ਨੇ ਚੰਡੀਗੜ੍ਹ ਪੁਲਿਸ ਦਾ ਪਿੱਛਾ ਕੀਤਾ ਤੇ ਸੁਖਣਾ ਲੇਕ ਨੇੜੇ ਚੰਡੀਗੜ੍ਹ ਪੁਲਿਸ ਦੀਆਂ ਗੱਡੀਆਂ ਰੋਕ ਲਈਆਂ। ਇੱਥੇ ਦੋਵਾਂ ਪੁਲਿਸ ਟੀਮਾਂ 'ਚ ਬਹਿਸ ਹੋਈ, ਜਿਸਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਗਈ। ਵੀਡੀਓ 'ਚ ਚੰਡੀਗੜ੍ਹ ਪੁਲਿਸ ਦੇ ਸੈਕਟਰ-3 ਥਾਣਾ ਇੰਚਾਰਜ ਇੰਸਪੈਕਟਰ ਨਰਿੰਦਰ ਪਟਿਆਲ ਆਪਣੀ ਗੱਡੀ ਦੇ ਉੱਪਰ ਚੜ੍ਹੇ ਬੈਠੇ ਦਿਖਾਈ ਦੇ ਰਹੇ ਹਨ, ਜਿਸ 'ਚ ਨਵਨੀਤ ਵੀ ਮੌਜੂਦ ਹੈ। ਪੰਜਾਬ ਪੁਲਿਸ ਦੇ ਸਿਵਲ ਕੱਪੜਿਆਂ 'ਚ ਆਏ ਜਵਾਨਾਂ ਨੇ ਗੱਡੀ ਨੂੰ ਘੇਰ ਲਿਆ ਸੀ। ਪੰਜਾਬ ਪੁਲਿਸ ਦੇ ਐੱਸ.ਪੀ. ਪਟਿਆਲ ਨੂੰ ਗੱਡੀ 'ਤੋਂ ਉਤਰਣ ਦਾ ਕਹਿੰਦੇ ਹਨ ਤੇ ਪਟਿਆਲ ਕਹਿੰਦੇ ਹਨ ਕਿ ਮੈਂ ਕਿਸੇ ਤੋਂ ਡਰਦਾ ਨਹੀਂ। ਇਸ 'ਤੇ ਐੱਸ.ਪੀ. ਜਵਾਬ ਦਿੰਦੇ ਹਨ ਕਿ ਫਿਰ ਇਸੇ ਤਰ੍ਹਾਂ ਗੱਡੀ 'ਚ ਬੈਠੇ ਰਹੋ। ਤਣਾਅ ਵਧਣ ਤੋਂ ਬਾਅਦ ਉਹ ਨਵਨੀਤ ਨੂੰ ਆਪਣੇ ਨਾਲ ਸੈਕਟਰ-9 ਸਥਿਤ ਪੁਲਿਸ ਹੈੱਡਕੁਆਰਟਰ ਲੈ ਗਈ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਰਿਉੜੀਆਂ ਵੰਡਣਾ - ਚੌਣਾਵੀ ਰਿਸ਼ਵਤ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





ਨਵੰਬਰ 2025 'ਚ ਬਿਹਾਰ 'ਚ ਵਿਧਾਨ ਸਭਾ ਚੋਣਾਂ ਹਨ। ਬਿਹਾਰ ਹੀ ਨਹੀਂ, ਸਮੁੱਚਾ ਦੇਸ਼ ਬਿਹਾਰ ਚੋਣਾਂ ਨੂੰ ਉਤਸੁਕਤਾ ਨਾਲ ਵੇਖ ਰਿਹਾ ਹੈ। ਬਿਹਾਰ ਦੇ ਬੈਂਕ ਖ਼ਾਤਿਆਂ 'ਚ ਬਹਾਰ ਵੇਖਣ ਨੂੰ ਮਿਲ ਰਹੀ ਹੈ। ਬਿਹਾਰ 'ਚ ਸੱਤਾਧਾਰੀਆਂ ਨੇ ਮੁਫ਼ਤ ਸੌਗਾਤਾਂ ਵੰਡਣ ਦਾ ਜਿਵੇਂ ਮੀਂਹ ਵਰ੍ਹਾ ਦਿੱਤਾ ਹੈ।

ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਸ ਵਚਨ, ਕਥਨ ਦੇ, ਜੋ ਉਨ੍ਹਾਂ ਅਕਤੂਬਰ 2022 ਦੀਆਂ ਮੱਧ ਪ੍ਰਦੇਸ਼ ਦੀਆਂ ਚੋਣਾਂ 'ਚ ਆਪਣੇ ਮੁਖਾਰਬਿੰਦ ਤੋਂ ਉਚਰਿਆ ਸੀ ਕਿ ਰਿਉੜੀਆਂ ਵੰਡਣਾ ਖ਼ਤਰਨਾਕ ਪ੍ਰਵਿਰਤੀ ਹੈ। ਉਨ੍ਹਾਂ ਨੇ 62,000 ਕਰੋੜ ਰੁਪਏ ਦੀ ਲਾਗਤ ਵਾਲੀਆਂ ਨੌਜਵਾਨਾਂ ਵਾਸਤੇ ਵੱਖੋ-ਵੱਖਰੀਆਂ ਪਹਿਲਾਂ ਦਾ "ਸ਼ੁਭ ਆਰੰਭ" ਕੀਤਾ। ਜਿਸਦਾ ਤੁਰੰਤ ਲਾਭ ਚੋਣਾਂ 'ਚ ਹੋਏਗਾ। ਮੌਜੂਦਾ ਬਿਹਾਰ ਸਰਕਾਰ ਨੇ ਇਕ ਕਰੋੜ ਬਿਹਾਰੀ ਔਰਤਾਂ ਲਈ ਨਕਦ ਰਾਸ਼ੀ, ਗ੍ਰੈਜੂਏਟਾਂ ਲਈ 1000 ਰੁਪਏ ਮਾਸਿਕ ਭੱਤਾ, ਨਿਰਮਾਣ ਮਜ਼ਦੂਰਾਂ ਲਈ 5000 ਰੁਪਏ ਅਤੇ ਸਾਰੇ ਘਰਾਂ ਲਈ 125 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਅਤੇ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ 'ਚ ਚੋਖਾ ਵਾਧਾ ਕੀਤਾ। ਚੋਣਾਂ ਤੋਂ ਪਹਿਲਾਂ ਸੁਗਾਤਾਂ ਕੀ ਨੈਤਿਕ ਤੌਰ 'ਤੇ ਠੀਕ ਹਨ?

ਭਾਜਪਾ ਆਪਣੇ ਡਿਗਦੇ ਵਕਾਰ ਦੀ ਪੂਰਤੀ ਲਈ ਪਿਛਲੇ ਕੁਝ ਸਾਲਾਂ ਤੋਂ ਗਰੀਬ ਵੋਟਰਾਂ ਨੂੰ ਭਰਮਾਕੇ ਜਿੱਤ ਆਸਾਨ ਬਣਾ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਰਿਉੜੀਆਂ ਵੰਡ ਕੇ ਹੀ ਇਸਨੇ ਸਫ਼ਲਤਾ ਹਾਸਲ ਕੀਤੀ। ਭਾਵੇਂ ਕਿ ਮੱਧ ਪ੍ਰਦੇਸ਼ 'ਚ ਖ਼ਾਸ ਕਰਕੇ ਆਰੰਭੀਆਂ ਯੋਜਨਾਵਾਂ ਦੀ ਚੋਣਾਂ ਤੋਂ ਦੋ ਵਰ੍ਹੇ ਬਾਅਦ ਜਿਵੇਂ ਫੂਕ ਹੀ ਨਿਕਲ ਗਈ ਹੈ।

ਲੋਕਤੰਤਰ ਵਿਚ ਸਿਆਸੀ ਸ਼ਕਤੀ ਪ੍ਰਦਰਸ਼ਨ ਲਈ ਜੋ ਇੱਕ ਨਵੀਂ ਚੁਣੌਤੀ ਉਭਰ ਰਹੀ ਹੈ, ਉਹ ਰਿਉੜੀਆਂ ਵੰਡਣ ਦੀ ਘੋਸ਼ਣਾ ਅਤੇ ਉਸਨੂੰ ਤੁਰੰਤ ਲਾਗੂ ਕਰਨਾ ਹੈ ਅਤੇ ਇਹ ਚੁਣੌਤੀ ਹਰ ਚੋਣ ਵੇਲੇ ਵਧਦੀ ਜਾ ਰਹੀ ਹੈ।

ਸੂਬਾ ਅਤੇ ਕੇਂਦਰ 'ਚ ਹਾਕਮ ਧਿਰਾਂ ਵਿਰੋਧੀ ਦਲਾਂ ਦੇ ਮੁਕਾਬਲੇ ਚੋਣਾਂ ਦੌਰਾਨ ਮੁਫ਼ਤ ਤੋਹਫੇ ਵੰਡਣ 'ਚ ਅੱਵਲ ਹਨ। ਹਾਕਮ ਧਿਰ ਸਾਰਵਜਨਿਕ ਧਨ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਲਿਆਣਕਾਰੀ ਪ੍ਰੋਗਰਾਮ ਸ਼ੁਰੂ ਕਰਨ ਦਾ ਮੌਜੂਦਾ ਪ੍ਰੋਗਰਾਮਾਂ ਦਾ ਫੈਲਾਅ ਕਰਨ ਲਈ ਕਰ ਸਕਦਾ ਹੈ ਅਤੇ ਤੁਰੰਤ ਲਾਗੂ ਵੀ ਕਰ ਸਕਦਾ ਹੈ। ਇਸ ਮਾਮਲੇ 'ਚ ਵਿਰੋਧੀ ਧਿਰ ਫਾਡੀ ਰਹਿੰਦੀਆਂ ਹਨ, ਕਿਉਂਕਿ ਉਨ੍ਹਾਂ ਕੋਲ ਸਾਧਨ ਸੀਮਤ ਹਨ ਅਤੇ ਦੇਸ਼ 'ਚ ਭਾਜਪਾ ਸਰਕਾਰ ਹੈ, ਜਿਹੜੀ ਹਰ ਚੋਣ ਵੇਲੇ ਵੱਡੀਆਂ ਸੌਗਾਤਾਂ ਐਲਾਨਦੀ ਹੈ। ਨਵੇਂ ਪ੍ਰਾਜੈਕਟਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਦੇ ਹਨ।

ਕਲਿਆਣਕਾਰੀ ਯੋਜਨਾਵਾਂ ਜਿਨ੍ਹਾਂ ਵਿਚ ਮੁਫ਼ਤ, ਨਕਦ ਰਾਸ਼ੀ ਵੰਡਣਾ, ਕਰਜ਼ਾ ਮੁਆਫ਼ੀ ਅਤੇ ਗੈਸ ਸਿਲੰਡਰ ਦੇਣਾ, ਲਾਡਲੀ ਬਹਿਨਾ ਯੋਜਨਾ ਦੀ ਮਦਦ ਨਾਲ ਹਾਕਮਾਂ ਨੇ 2023 'ਚ ਮੱਧ ਪ੍ਰਦੇਸ਼ ਜਿੱਤਿਆ। ਮਹਾਰਾਸ਼ਟਰ 'ਚ ਮੌਜੂਦਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਵੇਲੇ ਨਕਦ ਰਾਸ਼ੀ ਵੰਡ ਜਰੀਏ 18,225 ਕਰੋੜ ਰੁਪਏ ਲੋਕਾਂ ਨੂੰ ਵੰਡੇ।

ਹਰਿਆਣਾ 'ਚ 5000 ਕਰੋੜ, ਮਹਾਰਾਸ਼ਟਰਾ 'ਚ 36000 ਕਰੋੜ ਦੀਆਂ ਯੋਜਨਾਵਾਂ ਦੀ ਘੋਸ਼ਣਾ ਕੀਤੀ ਗਈ। ਕੁੱਲ ਮਿਲਾਕੇ 70,000 ਕਰੋੜ ਦੀਆਂ ਹਨ ਇਹ ਯੋਜਨਾਵਾਂ। ਇਹ ਯੋਜਨਾਵਾਂ ਰਾਜਗ (ਭਾਜਪਾ ਅਤੇ ਭਾਈਵਾਲਾਂ) ਵੱਲੋਂ ਦਿੱਤੀਆਂ ਗਈਆਂ, ਜਦਕਿ ਵਿਰੋਧੀ ਦਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਵੀ ਪੰਜਾਬ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਤਿਲੰਗਾਣਾ ਆਦਿ ਵਿਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਚਲਾ ਰਹੇ ਹਨ। ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਣਾ ਵਿਚ ਤਤਕਾਲੀ ਸੱਤਾਧਾਰੀਆਂ ਨੇ ਰਿਉੜੀਆਂ ਵੰਡੀਆਂ ਪਰ ਉਹ ਚੋਣਾਂ 'ਚ ਜਿੱਤ ਨਾ ਸਕੇ।

2010 ਸਾਲ ਰਿਉੜੀਆਂ ਵੰਡਣ ਲਈ ਮਹੱਤਵਪੂਰਨ ਗਿਣਿਆ ਜਾਂਦਾ ਹੈ, ਕਿਉਂਕਿ ਉਸ ਵੇਲੇ ਇਹ ਤੋਹਫੇ ਵੰਡਣਾ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ (ਦੱਖਣ ਵਿਚ) ਸ਼ੁਰੂ ਹੋਇਆ, ਜਿੱਥੇ ਮੁਫ਼ਤ ਲੈਪਟਾਪ ਜਾਂ ਸੋਨਾ ਵੰਡਣ ਦੀ ਪਰੰਪਰਾ ਸ਼ੁਰੂ ਹੋਈ।

ਮੁਫ਼ਤ ਰਿਉੜੀਆਂ ਅਰਥਾਤ ਚੋਣਾਂ ਦੇ ਉਪਹਾਰ ਨੂੰ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਇੱਕ ਪਾਸੇ ਅਰਥ ਸ਼ਾਸਤਰੀ ਅਤੇ ਨੀਤੀਵੇਤਾ 'ਰਿਉੜੀ ਵੰਡ' ਦੀ ਸਖ਼ਤ ਆਲੋਚਨਾ ਕਰਦੇ ਹਨ, ਜਦਕਿ ਨੇਤਾ ਲੋਕ ਵੋਟਰਾਂ ਲਈ ਇਹੋ ਜਿਹੀਆਂ ਮੁਫ਼ਤ ਸੁਵਿਧਾਵਾਂ ਦੇਣ ਦੀ ਵਕਾਲਤ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਵੋਟ ਬੈਂਕ ਵਧਦਾ ਹੈ।

ਸਿਆਸੀ ਧਿਰਾਂ ਵੱਲੋਂ ਆਰੰਭੀ ਮੁਫ਼ਤ ਉਪਹਾਰਾਂ ਦੀ ਭੇਡ-ਚਾਲ ਕਲਿਆਣਕਾਰੀ ਯੋਜਨਾਵਾਂ ਸਿਹਤ ਸੇਵਾ, ਸਿੱਖਿਆ, ਬੁਨਿਆਦੀ ਢਾਂਚੇ ਅਤੇ ਵਿਕਾਸ ਦੀਆਂ ਯੋਜਨਾਵਾਂ ਉੱਤੇ ਉਲਟ ਅਸਰ ਪਾਉਂਦੀਆਂ ਹਨ। ਇਹ ਯੋਜਨਾਵਾਂ ਜਿੱਥੇ ਬਜਟ 'ਤੇ ਸੰਕਟ ਪਾਉਂਦੀਆਂ ਹਨ, ਉੱਥੇ ਲੋੜੋਂ ਵੱਧ ਖਰਚੇ ਦਾ ਕਾਰਨ ਵੀ ਬਣਦੀਆਂ ਹਨ।

ਦਿੱਲੀ ਸਥਿਤ ਇੱਕ ਐੱਨ.ਜੀ.ਓ. ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਦੇ ਅਨੁਸਾਰ 42 ਫ਼ੀਸਦੀ ਤੋਂ ਜਿਆਦਾ ਵੋਟਰ ਕਿਸੇ ਵਿਸ਼ੇਸ਼ ਉਮੀਦਵਾਰ ਨੂੰ ਵੋਟ ਦੇਣ ਦੇ ਪਿੱਛੇ ਉਮੀਦਵਾਰ ਵੱਲੋਂ ਕਲਿਆਣਕਾਰੀ ਯੋਜਨਾਵਾਂ ਦਾ ਲਾਹਾ ਲੈਣ ਦੀ ਥਾਂ ਨਕਦੀ ਸ਼ਰਾਬ ਅਤੇ ਮੁਫ਼ਤ ਤੋਹਫਿਆਂ ਨੂੰ ਤਰਜੀਹ ਦਿੰਦੇ ਹਨ।

ਰਾਜ ਦੇ ਧਨ ਦਾ ਵੱਡਾ ਹਿੱਸਾ ਚੁੱਕੇ ਹੋਏ ਕਰਜ਼ੇ ਦਾ ਭੁਗਤਾਨ ਕਰਨ, ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਸਬਸਿਡੀਆਂ, ਸਿਹਤ ਸਿੱਖਿਆ, ਸਮਾਜ ਸੁਰੱਖਿਆ ਅਜਿਹੀਆਂ ਯੋਜਨਾਵਾਂ 'ਤੇ ਖ਼ਰਚਿਆ ਜਾਂਦਾ ਹੈ। ਕਾਫ਼ੀ ਹਿੱਸਾ ਮੁਫ਼ਤ ਯੋਜਨਾਵਾਂ 'ਤੇ ਚਲਿਆ ਜਾਂਦਾ ਹੈ।

ਕਿਆਸ ਕਰੋ ਦਿੱਲੀ ਦੇ 47 ਲੱਖ ਉਪਭੋਗਤਾਵਾਂ ਨੂੰ ਬਿਜਲੀ ਸਬਸਿਡੀ ਮਿਲਦੀ ਸੀ, ਜਿਸ ਵਿਚੋਂ 30 ਲੱਖ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾਂਦੀ ਸੀ ਅਤੇ 17 ਲੱਖ ਲੋਕ ਅੱਧਾ ਬਿੱਲ ਦਿੰਦੇ ਸਨ। ਜਿਸ ਦੀ ਵੱਧ ਤੋਂ ਵੱਧ ਰਾਸ਼ੀ 800 ਰੁਪਏ ਸੀ। ਪੰਜਾਬ ਵਿਚ ਵੀ ਬਿਜਲੀ ਸੁਵਿਧਾ ਮੁਫ਼ਤ ਹੈ ਤੇ ਔਰਤਾਂ ਲਈ ਸਰਕਾਰੀ ਬੱਸ ਸਫਰ ਮੁਫ਼ਤ ਹੈ। ਇਸ ਉੱਤੇ ਰਾਜ ਦੇ ਸਰਕਾਰੀ ਖਜ਼ਾਨੇ ਦਾ 16 ਫ਼ੀਸਦੀ ਤੋਂ ਜ਼ਿਆਦਾ ਖਰਚ ਹੁੰਦਾ ਹੈ।

ਚੋਣਾਂ ਵਿਚ ਮੁਫ਼ਤ ਰਿਉੜੀਆਂ ਵੰਡਣਾ ਲਗਾਤਾਰ ਵੱਧ ਰਿਹਾ ਹੈ। ਖ਼ਾਸ ਕਰਕੇ ਉਨ੍ਹਾਂ ਸੂਬਿਆਂ 'ਚ ਵੱਧ ਜਿੱਥੇ ਅਨਪੜ੍ਹ, ਗਰੀਬ, ਹੱਕਾਂ ਪ੍ਰਤੀ ਨਾ-ਜਾਗਰੂਕ ਲੋਕਾਂ ਦੀ ਗਿਣਤੀ ਵੱਧ ਹੈ। ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹ ਸੱਚ ਸੀ ਕਿ ਬਿਹਾਰ ਆਰਥਿਕ ਤੌਰ 'ਤੇ ਕਰਨਾਟਕ ਅਤੇ ਗੁਜਰਾਤ ਤੋਂ ਵੀ ਅੱਗੇ ਸੀ। ਇਹ ਗੱਲ 1960 ਦੇ ਦਹਾਕੇ ਦੀ ਹੈ। ਪਰ ਵੱਡਾ ਸੱਚ ਅੱਜ ਇਹ ਹੈ ਕਿ ਬਿਹਾਰ ਹੁਣ ਦੇਸ਼ ਦਾ ਸਭ ਤੋਂ ਗਰੀਬ ਸੂਬਾ ਹੈ। ਜਿੱਥੇ ਵੋਟਾਂ ਦੀ ਖ਼ਰੀਦੋ-ਫ਼ਰੋਖਤ, ਧੱਕੇ-ਧੌਂਸ ਨਾਲ ਵੋਟਾਂ ਤਾਂ ਲਈਆਂ ਹੀ ਜਾਂਦੀਆਂ ਹਨ, ਜਾਤ ਦੇ ਨਾਮ 'ਤੇ ਵੋਟਾਂ ਤਾਂ ਪੈਂਦੀਆਂ ਹੀ ਹਨ। ਉੱਥੇ ਲੋਕਾਂ ਨੂੰ ਭਰਮਾਉਣ ਲਈ ਰਿਉੜੀਆਂ ਵੰਡਣਾ ਅਤੇ ਪ੍ਰਾਪਤ ਕਰਨਾ ਆਮ ਗੱਲ ਹੈ।

**ਚੋਣਾਂ ਵਿਚ ਮੁਫ਼ਤ ਰਿਉੜੀਆਂ ਵੰਡਣਾ ਲਗਾਤਾਰ ਵੱਧ ਰਿਹਾ ਹੈ। ਖ਼ਾਸ ਕਰਕੇ ਉਨ੍ਹਾਂ ਸੂਬਿਆਂ 'ਚ ਵੱਧ ਜਿੱਥੇ ਅਨਪੜ੍ਹ, ਗਰੀਬ, ਹੱਕਾਂ ਪ੍ਰਤੀ ਨਾ-ਜਾਗਰੂਕ ਲੋਕਾਂ ਦੀ ਗਿਣਤੀ ਵੱਧ ਹੈ। ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹ ਸੱਚ ਸੀ ਕਿ ਬਿਹਾਰ ਆਰਥਿਕ ਤੌਰ 'ਤੇ ਕਰਨਾਟਕ ਅਤੇ ਗੁਜਰਾਤ ਤੋਂ ਵੀ ਅੱਗੇ ਸੀ। ਇਹ ਗੱਲ 1960 ਦੇ ਦਹਾਕੇ ਦੀ ਹੈ। ਪਰ ਵੱਡਾ ਸੱਚ ਅੱਜ ਇਹ ਹੈ ਕਿ ਬਿਹਾਰ ਹੁਣ ਦੇਸ਼ ਦਾ ਸਭ ਤੋਂ ਗਰੀਬ ਸੂਬਾ ਹੈ। ਜਿੱਥੇ ਵੋਟਾਂ ਦੀ ਖ਼ਰੀਦੋ-ਫ਼ਰੋਖਤ, ਧੱਕੇ-ਧੌਂਸ ਨਾਲ ਵੋਟਾਂ ਤਾਂ ਲਈਆਂ ਹੀ ਜਾਂਦੀਆਂ ਹਨ, ਜਾਤ ਦੇ ਨਾਮ 'ਤੇ ਵੋਟਾਂ ਤਾਂ ਪੈਂਦੀਆਂ ਹੀ ਹਨ। ਉੱਥੇ ਲੋਕਾਂ ਨੂੰ ਭਰਮਾਉਣ ਲਈ ਰਿਉੜੀਆਂ ਵੰਡਣਾ ਅਤੇ ਪ੍ਰਾਪਤ ਕਰਨਾ ਆਮ ਗੱਲ ਹੈ।**

ਮੁਫ਼ਤ ਤੋਹਫਿਆਂ ਦਾ ਅਸਰ ਚੋਣ ਨਤੀਜਿਆਂ 'ਤੇ ਪੈਣਾ ਸੁਭਾਵਿਕ ਹੈ। ਮਹਾਰਾਸ਼ਟਰ ਵਿਚ "ਮਾਝੀ ਲੜਕੀ ਬਹਿਨ ਯੋਜਨਾ" ਹਾਕਮਾਂ ਲਈ ਫ਼ਇਦੇਮੰਦ ਸਾਬਤ ਹੋਈ। ਔਰਤਾਂ ਦੀਆਂ ਲੰਮੀਆਂ ਕਤਾਰਾਂ ਨੇ ਇਹ ਸਾਫ਼ ਕਰ ਦਿੱਤਾ ਕਿ ਪੇਂਡੂ ਖੇਤਰਾਂ ਵਿਚ ਭਾਰੀ ਸੰਖਿਆ 'ਚ ਔਰਤਾਂ ਵੋਟ ਬੂਥਾਂ 'ਚ ਵੋਟ ਦੇਣ ਪੁੱਜੀਆਂ। ਇਸ ਯੋਜਨਾ 'ਚ 2100 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰਨ ਲਈ 2.47 ਕਰੋੜ ਔਰਤਾਂ ਲਾਭਪਾਤਰੀਆਂ ਸਨ।

ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਦਲਾਂ ਵੱਲੋਂ ਮੁਫ਼ਤ ਤੋਹਫ਼ੇ ਦੇਣ ਦੇ ਵਾਇਦੇ ਉੱਤੇ ਕਿਹਾ ਕਿ ਅਸੀਂ ਕੁਝ ਲੋਕਾਂ ਨੂੰ ਪਰਜੀਵੀਆਂ (ਮੁਫ਼ਤ ਖੋਰਿਆਂ) ਦਾ ਵਰਗ ਬਣਾ ਰਹੇ ਹਾਂ। ਅਦਾਲਤ ਦੇ ਅਨੁਸਾਰ ਇਸ ਤਰ੍ਹਾਂ ਦੇ ਤੋਹਫੇ ਕੁਝ ਲੋਕਾਂ ਨੂੰ ਰੁਜ਼ਗਾਰ ਲੱਭਣ, ਮੁੱਖ ਧਾਰਾ ਵਿਚ ਸ਼ਾਮਲ ਹੋਣ ਅਤੇ ਰਾਸ਼ਟਰੀ ਵਿਕਾਸ ਵਿਚ ਯੋਗਦਾਨ ਦੇਣ ਦੇ ਮੌਕਿਆਂ ਤੋਂ ਵੰਚਿਤ ਕਰ ਦਿੰਦੇ ਹਨ।

ਅਸਲ 'ਚ ਮੁਫ਼ਤ ਉਪਹਾਰ ਰਿਜ਼ਰਵ ਬੈਂਕ ਆਫ਼ ਇੰਡੀਆ ਅਨੁਸਾਰ ਇੱਕ ਇਹੋ ਜਿਹੀ ਸਾਰਵਜਨਿਕ ਕਲਿਆਣਕਾਰੀ ਯੋਜਨਾ ਹੈ, ਜਿਸ ਦੇ ਤਹਿਤ ਮੁਫ਼ਤ ਵਿਚ ਚੀਜ਼ਾਂ ਜਾਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ ਚੋਣ ਆਯੋਗ ਨੇ ਇਸ ਨੂੰ ਪ੍ਰਭਾਸ਼ਿਤ ਨਹੀਂ ਕੀਤਾ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮੁਫ਼ਤ ਸੁਵਿਧਾਵਾਂ ਦੇਣ ਨਾਲ ਰਾਜ ਦੀ ਵਿੱਤੀ ਸਥਿਤੀ ਵਿਗੜਦੀ ਹੈ। ਜਿਵੇਂ ਕਿ ਪੰਜਾਬ 'ਚ ਹੋ ਰਿਹਾ ਹੈ। ਵਿਕਾਸ ਕਾਰਜ ਰੁੱਕ ਜਾਂਦੇ ਹਨ। ਨਾਗਰਿਕਾਂ ਨੂੰ ਦੇਣ ਯੋਗ ਜ਼ਰੂਰੀ ਸੇਵਾਵਾਂ 'ਚ ਵੱਡੀ ਰੁਕਾਵਟ ਪੈਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਦੀ ਚੋਣ ਕਮਿਸ਼ਨ ਨੇ ਇਸ ਮਾਮਲੇ 'ਚ ਲਗਭਗ ਚੁੱਪੀ ਕਿਉਂ ਵੱਟੀ ਹੋਈ ਹੈ? ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰ ਵਿਚ ਇੱਕੋ ਸਵਾਲ ਉਠਾਇਆ ਕਿ ਉਹ ਇਹ ਘੋਸ਼ਣਾਵਾਂ ਨੂੰ ਪੂਰੇ ਕਰਨ ਲਈ ਜੁਗਾੜ ਕਿਵੇਂ ਕਰਨਗੇ? ਪਰ ਇਸਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟੇ ਜਾ ਰਹੇ। ਹਾਲਾਂਕਿ ਰਿਜ਼ਰਵ ਬੈਂਕ ਆਫ਼ ਇੰਡੀਆ ਸਰਕਾਰ ਨੂੰ ਜਿਤਾ ਰਹੀ ਹੈ ਕਿ ਲੋੜੋਂ ਵੱਧ ਮੁਫ਼ਤ ਯੋਜਨਾਵਾਂ 'ਤੇ ਹੋਣ ਵਾਲੇ ਖ਼ਰਚੇ ਨਾਲ ਸਰਕਾਰੀ ਖਜ਼ਾਨੇ 'ਤੇ ਪੈਣ ਵਾਲਾ ਬੋਝ ਚੁੱਕਿਆ ਨਹੀਂ ਜਾਏਗਾ, ਜਿਸ ਨਾਲ ਖਜ਼ਾਨਾ ਘਟੇਗਾ ਅਤੇ ਕਰਜ਼ਾ ਹੋਰ ਵਧੇਗਾ। ਇਸ ਦੀ ਕੀਮਤ ਆਮਦਨ ਟੈਕਸ ਦੇਣ ਵਾਲੇ ਜਾਂ ਹੋਰ ਟੈਕਸ ਵਾਲਿਆਂ ਨੂੰ ਚੁਕਾਉਣੀ ਪਵੇਗੀ।

ਲੋੜ ਹੈ ਵੋਟਾਂ ਖ਼ਾਤਰ ਜਾਰੀ ਮੁਫ਼ਤ ਸੁਵਿਧਾਵਾਂ ਰੋਕੀਆਂ ਜਾਣ। ਚੋਣ ਮਨੋਰਥ ਪੱਤਰਾਂ ਪ੍ਰਤੀ ਸਿਆਸੀ ਪਾਰਟੀਆਂ ਦੀ ਜਵਾਬਦੇਹੀ ਵਧਾਈ ਜਾਵੇ। ਨਹੀਂ ਤਾਂ ਮੁਫ਼ਤ ਸੁਵਿਧਾਵਾਂ ਦੇਸ਼ ਦੇ ਅਰਥਚਾਰੇ ਨੂੰ ਤਬਾਹ ਕਰ ਦੇਣਗੀਆਂ ਅਤੇ ਇਸਦੀ ਸਿੱਧੀ ਜ਼ਿੰਮੇਵਾਰੀ ਸਿੱਧੀ ਸਿਆਸਤਦਾਨਾਂ ਅਤੇ ਹਾਕਮਾਂ ਦੀ ਹੋਵੇਗੀ।

ਚੋਣਾਂ ਦੇ ਮਨੋਰਥ ਪੱਤਰਾਂ ਸੰਬੰਧੀ ਮੁਫ਼ਤ ਸੁਵਿਧਾਵਾਂ ਨੂੰ ਮਦਰਾਸ ਹਾਈ ਕੋਰਟ ਵਿਚ ਪ੍ਰਸਿੱਧ ਵਕੀਲ ਸੁਬਰਾਮਨੀਅਮ ਬਾਲਾ ਜੀ ਨੇ ਚੋਣ ਅਪਰਾਧ ਕਿਹਾ ਅਤੇ ਨਾਲ ਹੀ ਕਿਹਾ ਕਿ ਇਹ ਸੰਵਿਧਾਨਿਕ ਪ੍ਰਵਾਧਾਨ ਦੇ ਵਿਰੁੱਧ ਹੈ ਅਤੇ ਇਹ ਵੀ ਕਿਹਾ ਕਿ ਜਨ ਪ੍ਰਤੀਨਿਧ ਐਕਟ ਦੀ ਧਾਰਾ 123 ਦੇ ਤਹਿਤ ਚੌਣਾਵੀ ਰਿਸ਼ਵਤ ਹੈ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



# ਜਦੋਂ ਕਲਰਕ ਬਾਦਸ਼ਾਹ ਨੇ ਸਿੱਖਿਆ ਮੰਤਰੀ ਨੂੰ ਟਿੱਚ ਜਾਣਿਆ



> ਮਲੋਟ ਸਬ ਡਵੀਜ਼ਨ ਵਿਖੇ ਐੱਸ.ਪੀ. ਦੀ ਸੈਂਕਸ਼ਨਡ ਪੋਸਟ ਤਾਂ ਸੀ ਪਰ ਉਸ ਵਾਸਤੇ ਕੋਈ ਰਿਹਾਇਸ਼ ਜਾਂ ਦਫਤਰ ਨਹੀਂ ਸੀ। ਮੇਰੇ ਤੋਂ ਪਹਿਲਾਂ ਵੀ ਦੋ ਤਿੰਨ ਐੱਸ.ਪੀਜ਼ ਦੀ ਪੋਸਟਿੰਗ ਉਥੇ ਹੋਈ ਸੀ ਪਰ ਉਹ ਦੋ-ਚਾਰ ਹਫਤਿਆਂ ਵਿਚ ਹੀ ਬਦਲੀ ਕਰਵਾ ਕੇ ਦੌੜ ਗਏ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਬਾਦਲ ਪਿੰਡ ਦਾ ਮਲੋਟ ਸਬ ਡਵੀਜ਼ਨ ਵਿਚ ਹੋਣਾ ਤੇ ਦਿਨ ਰਾਤ ਪੈਣ ਵਾਲੀ ਵੀ.ਆਈ.ਪੀ. ਡਿਊਟੀ ਸੀ। ਮੈਂ ਵੀ ਬਦਲੀ ਕਰਾਉਣ ਵਾਸਤੇ ਬਹੁਤ ਯਤਨ ਕੀਤੇ ਪਰ ਗੱਲ ਨਾ ਬਣੀ। ਮਹੀਨੇ ਡੇਢ ਮਹੀਨੇ ਵਿਚ ਮੈਂ ਥਾਣਾ ਲੰਬੀ ਦੇ ਕਵਾਟਰਾਂ ਵਿਚ ਰਿਹਾਇਸ਼ ਅਤੇ ਥਾਣਾ ਸਦਰ ਮਲੋਟ ਦੇ ਅੰਦਰ ਦਫਤਰ ਤਿਆਰ ਕਰ ਲਿਆ।

2012 ਤੋਂ ਲੈ ਕੇ 2017 ਵਾਲੀ ਅਕਾਲੀ ਸਰਕਾਰ ਵੇਲੇ ਮੇਰੀ ਪੋਸਟਿੰਗ ਤਕਰੀਬਨ 4 ਸਾਲ ਬਤੌਰ ਐੱਸ.ਪੀ. ਸਬ ਡਵੀਜ਼ਨ ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਰਹੀ ਸੀ। ਇਸ ਤੋਂ ਪਹਿਲਾਂ ਮੈਂ ਐੱਸ.ਪੀ. ਡਿਟੈੱਕਟਿਵ ਬਰਨਾਲਾ ਸੀ। ਬਰਨਾਲੇ ਤੋਂ ਮੇਰੀ ਬਦਲੀ ਇੱਕ ਘਟੀਆ ਬੰਦੇ ਨੇ ਜਾਣਬੁੱਝ ਕੇ ਮਲੋਟ ਕਰਵਾਈ ਸੀ। ਮਲੋਟ ਸਬ ਡਵੀਜ਼ਨ ਵਿਖੇ ਐੱਸ.ਪੀ. ਦੀ ਸੈਂਕਸ਼ਨਡ ਪੋਸਟ ਤਾਂ ਸੀ ਪਰ ਉਸ ਵਾਸਤੇ ਕੋਈ ਰਿਹਾਇਸ਼ ਜਾਂ ਦਫਤਰ ਨਹੀਂ ਸੀ। ਮੇਰੇ ਤੋਂ ਪਹਿਲਾਂ ਵੀ ਦੋ ਤਿੰਨ ਐੱਸ.ਪੀਜ਼ ਦੀ ਪੋਸਟਿੰਗ ਉਥੇ ਹੋਈ ਸੀ ਪਰ ਉਹ ਦੋ-ਚਾਰ ਹਫਤਿਆਂ ਵਿਚ ਹੀ ਬਦਲੀ ਕਰਵਾ ਕੇ ਦੌੜ ਗਏ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਬਾਦਲ ਪਿੰਡ ਦਾ ਮਲੋਟ ਸਬ ਡਵੀਜ਼ਨ ਵਿਚ ਹੋਣਾ ਤੇ ਦਿਨ ਰਾਤ ਪੈਣ ਵਾਲੀ ਵੀ.ਆਈ.ਪੀ. ਡਿਊਟੀ ਸੀ। ਮੈਂ ਵੀ ਬਦਲੀ ਕਰਾਉਣ ਵਾਸਤੇ ਬਹੁਤ ਯਤਨ ਕੀਤੇ ਪਰ ਗੱਲ ਨਾ ਬਣੀ। ਮਹੀਨੇ ਡੇਢ ਮਹੀਨੇ ਵਿਚ ਮੈਂ ਥਾਣਾ ਲੰਬੀ ਦੇ ਕਵਾਟਰਾਂ ਵਿਚ ਰਿਹਾਇਸ਼ ਅਤੇ ਥਾਣਾ ਸਦਰ ਮਲੋਟ ਦੇ ਅੰਦਰ ਦਫਤਰ ਤਿਆਰ ਕਰ ਲਿਆ। ਇਸ ਕੰਮ ਵਿਚ ਮੇਰੀ ਥਾਣਾ ਲੰਬੀ ਦੇ ਐੱਸ.ਐੱਚ.ਉ. ਗੁਰਪ੍ਰੀਤ ਸਿੰਘ ਬੈਂਸ (ਹੁਣ ਡੀ.ਐੱਸ.ਪੀ.) ਨੇ ਬਹੁਤ ਮਦਦ ਕੀਤੀ ਸੀ। ਘਟੀਆ ਬੰਦੇ ਨੇ ਆਪਣੀ ਜਾਚੇ ਮੈਨੂੰ ਉਥੇ ਫਸਾਇਆ ਸੀ ਪਰ ਇਹ ਪੋਸਟਿੰਗ ਮੇਰੇ ਬਹੁਤ ਕੰਮ ਆਈ ਤੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਉੱਪ ਮੁੱਖ ਮੰਤਰੀ ਤੱਕ ਮੇਰੀ ਸਿੱਧੀ ਪਹੁੰਚ ਬਣ ਗਈ। ਉਸ ਵੇਲੇ ਹਾਲਾਤ ਅਜਿਹੇ ਸਨ ਕਿ ਲੰਬੀ ਹਲਕੇ ਦਾ ਕੋਈ ਆਮ ਬੰਦਾ ਵੀ ਪੰਜਾਬ ਦੇ ਕਿਸੇ ਡੀ.ਸੀ. ਜਾਂ ਐੱਸ.ਐੱਸ.ਪੀ. ਨੂੰ ਫੋਨ ਕਰ ਦਿੰਦਾ ਸੀ ਜਾਂ ਕਿਸੇ ਕੰਮ ਚਲਾ ਜਾਂਦਾ ਸੀ, ਤਾਂ ਹੜਕੰਪ ਮੱਚ ਜਾਂਦਾ ਸੀ। ਅਫਸਰ ਖੁਦ ਉਸ ਨੂੰ ਬਾਹਰੋਂ ਲੈਣ ਲਈ ਆਉਂਦੇ ਸਨ। ਮੋਹਾਲੀ ਇੱਕ ਅਜਿਹਾ ਸ਼ਹਿਰ ਹੈ, ਜਿੱਥੇ ਸਰਕਾਰੀ ਸਕੂਲ ਟੀਚਰ ਦੀ ਪੋਸਟਿੰਗ ਕਰਾਉਣੀ ਡੀ.ਸੀ. ਲੱਗਣ ਨਾਲੋਂ ਵੀ ਔਖੀ ਹੈ। ਉੱਚ ਅਫਸਰਾਂ ਦੀਆਂ ਪਤਨੀਆਂ ਜਾਂ ਵੱਡੇ ਸਿਫਾਰਸ਼ੀ ਹੀ ਇਥੇ ਪੋਸਟਿੰਗ ਕਰਾ ਸਕਦੇ ਹਨ। ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਸੀ, ਜਿਸ ਦੀ ਪਤਨੀ ਮੋਹਾਲੀ ਤੋਂ ਕਾਫੀ ਦੂਰ ਰਾਜਪੁਰੇ [illegible] ਕਿ ਫਲਾਣੇ ਸਕੂਲ ਵਿਚ ਇੱਕ ਪੋਸਟ ਖਾਲੀ ਹੈ। ਮੇਰੀ ਸਵਰਗੀ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨਾਲ ਬਹੁਤ ਬਣਦੀ ਸੀ। ਸੋਮਵਾਰ ਨੂੰ ਮੈਂ ਵਾਪਸ ਚਲਾ ਗਿਆ ਤੇ ਸਿੱਧਾ ਜਥੇਦਾਰ ਸਾਹਿਬ ਕੋਲ ਪਹੁੰਚ ਗਿਆ। ਉਨ੍ਹੀਂ ਦਿਨੀ ਸ. ਦਲਜੀਤ ਸਿੰਘ ਚੀਮਾ ਨਵੇਂ-ਨਵੇਂ ਹੀ ਸਿੱਖਿਆ ਮੰਤਰੀ ਬਣੇ ਸਨ ਤੇ ਉਨ੍ਹਾਂ ਦੀ ਕੋਲਿਆਂਵਾਲੀ ਨਾਲ ਚੰਗੀ ਮਿੱਤਰਤਾ ਸੀ। ਮੈਂ ਉਨ੍ਹਾਂ ਨੂੰ ਸਾਰੇ ਹਾਲਾਤ ਦੱਸ ਦਿੱਤੇ ਤੇ ਟੀਚਰ ਦਾ ਨਾਮ ਤੇ ਕਿੱਥੋਂ ਕਿੱਥੇ ਬਦਲੀ ਕਰਾਉਣੀ ਹੈ, ਇੱਕ ਚਿੱਟ 'ਤੇ ਲਿਖ ਕੇ ਫੜਾ ਦਿੱਤਾ। ਕੁਦਰਤੀ ਜਥੇਦਾਰ ਸਾਹਿਬ ਚੰਡੀਗੜ੍ਹ ਹੀ ਜਾ ਰਹੇ ਸਨ। ਦੁਪਹਿਰੇ 2 ਕੁ ਵਜੇ ਉਨ੍ਹਾਂ ਦਾ ਫੋਨ ਆਇਆ ਕਿ ਮੈਂ ਚੀਮਾ ਸਾਹਿਬ ਦੇ ਦਫਤਰ ਬੈਠਾ ਹਾਂ। ਉਨ੍ਹਾਂ ਨੇ ਡੀ.ਈ.ਉ. ਮੋਹਾਲੀ ਨੂੰ ਇਸ ਬਦਲੀ ਸਬੰਧੀ ਫੋਨ ਕੀਤਾ ਹੈ, ਜਿਸ ਨੇ ਸਬੰਧਿਤ ਕਲਰਕ ਤੋਂ ਪੁੱਛ ਕੇ ਦੱਸਿਆ ਹੈ ਕਿ ਉਸ ਸਕੂਲ ਵਿਚ ਤਾਂ ਕੀ, ਸਾਰੇ ਮੋਹਾਲੀ ਸ਼ਹਿਰ ਵਿਚ ਸਾਇੰਸ ਟੀਚਰ ਦੀ ਕੋਈ ਪੋਸਟ ਖਾਲੀ ਨਹੀਂ ਹੈ।

ਮੈਂ ਜਥੇਦਾਰ ਸਾਹਿਬ ਨੂੰ ਕਿਹਾ ਕਿ ਕੋਈ ਗੱਲ ਨਹੀਂ, ਅੱਜ ਤੁਸੀਂ ਰਹਿਣ ਦਿਉ। ਮੈਂ ਕੱਲ੍ਹ ਤੱਕ ਤੁਹਾਨੂੰ ਇਸ ਸਬੰਧੀ ਲਿਖਤੀ ਦਸਤਾਵੇਜ਼ ਮੁਹੱਈਆ ਕਰਵਾ ਦੇਵਾਂਗਾ। ਮੈਂ ਆਪਣੇ ਦੋਸਤ ਨੂੰ ਫੋਨ ਕੀਤਾ ਕਿ ਭਰਾਵਾ ਡੀ.ਈ.ਉ. ਦਫਤਰ ਨੇ ਤਾਂ ਨਾਂਹ ਕਰ ਦਿੱਤੀ ਹੈ, ਜੇ ਤੇਰੇ ਕੋਲ ਇਸ ਸਬੰਧੀ ਕੋਈ ਦਸਤਾਵੇਜ਼ ਹਨ, ਤਾਂ ਮੈਨੂੰ ਵਟਸਐਪ ਕਰ ਦੇ। ਉਹ ਉਸੇ ਵੇਲੇ ਸਰਗਰਮ ਹੋ ਗਿਆ ਤੇ ਕਿਸੇ ਤਰ੍ਹਾਂ ਢਾਹ ਭੰਨ ਕਰ ਕੇ ਉਸ ਚਿੱਠੀ ਦੀ ਕਾਪੀ ਮੈਨੂੰ ਭੇਜ ਦਿੱਤੀ, ਜਿਹੜੀ ਉਸ ਸਕੂਲ ਦੇ ਪ੍ਰਿੰਸੀਪਲ ਨੇ ਡੀ.ਈ.ਉ. ਨੂੰ ਲਿਖੀ ਹੋਈ ਸੀ ਕਿ ਸਾਡੇ ਸਕੂਲ ਵਿਚ ਸਾਇੰਸ ਟੀਚਰ ਦੀ ਇੱਕ ਪੋਸਟ ਖਾਲੀ ਹੈ, ਕ੍ਰਿਪਾ ਕਰ ਕੇ ਕਿਸੇ ਟੀਚਰ ਨੂੰ ਇਥੇ ਨਿਯੁਕਤ ਕੀਤਾ ਜਾਵੇ। ਅਸਲ ਵਿਚ ਉਹ ਚਿੱਠੀ ਸਬੰਧਿਤ ਕਲਰਕ ਨੇ ਘੁੱਟ ਲਈ ਸੀ ਕਿਉਂਕਿ ਉਹ ਉਥੇ ਰੋਪੜ ਤੋਂ ਆਪਣੀ ਸਾਲੀ ਦੀ ਬਦਲੀ ਕਰਵਾਉਣੀ ਚਾਹੁੰਦਾ ਹੈ। ਸ਼ਾਮ ਨੂੰ ਮੈਨੂੰ ਜਥੇਦਾਰ ਸਾਹਿਬ ਦਾ ਫੋਨ ਆ ਗਿਆ ਕਿ ਮੈਂ ਘਰ ਆ ਗਿਆ ਹਾਂ ਤੇ ਜੇ ਦਸਤਾਵੇਜ਼ ਮਿਲ ਗਏ ਹਨ, ਤਾਂ ਆ ਜਾਉ।

ਮੈਂ ਉਸੇ ਵੇਲੇ ਕੋਲਿਆਂਵਾਲੀ ਪਹੁੰਚ ਗਿਆ ਤੇ ਚਿੱਠੀ ਉਨ੍ਹਾਂ ਨੂੰ ਦਿਖਾ ਦਿੱਤੀ। ਉਹ ਕਿੰਨਾਂ ਚਿਰ ਹੈਰਾਨੀ ਨਾਲ ਉਸ ਚਿੱਠੀ ਵੱਲ ਵੇਖਦੇ ਰਹੇ ਤੇ ਫਿਰ ਬੋਲੇ ਕਿ ਲੋਕ ਵਾਕਿਆ ਹੀ ਸਹੀ ਕਹਿੰਦੇ ਹਨ ਕਿ ਕਲਰਕ ਜੋ ਚਾਹੇ ਕਰ ਸਕਦੇ ਹਨ। ਉਨ੍ਹਾਂ ਨੇ ਚੀਮਾ ਸਾਹਿਬ ਨੂੰ ਫੋਨ ਕਰ ਕੇ ਸਾਰੀ ਗੱਲ ਦੱਸ ਕੇ ਨਿਹੋਰਾ ਮਾਰਿਆ, "ਹੱਦ ਹੋ ਗਈ ਚੀਮਾ ਸਾਹਿਬ, ਤੁਸੀਂ ਕਰ ਲਿਆ ਮੰਤਰੀਪੁਣਾ। ਧਾਨੂੰ ਤਾਂ ਧਾਡੇ ਮਹਿਕਮੇ ਦੇ ਕਲਰਕ ਹੀ ਕੁਝ ਨਹੀਂ ਸਮਝਦੇ।" ਇਹ ਸੁਣ ਕੇ ਚੀਮਾ ਸਾਹਿਬ ਦੇ ਤਨ ਬਦਨ ਨੂੰ ਅੱਗ ਗਈ ਤੇ ਕਿਹਾ ਕਿ ਫੌਰਨ ਚਿੱਠੀ ਮੈਨੂੰ ਵਟਸਐਪ ਕਰ ਦਿਉ। ਮੈਂ ਚਿੱਠੀ ਜਥੇਦਾਰ ਸਾਹਿਬ ਦੇ ਫੋਨ 'ਤੇ ਭੇਜ ਦਿੱਤੀ ਤੇ ਉਨ੍ਹਾਂ ਨੇ ਚੀਮਾ ਸਾਹਿਬ ਨੂੰ ਭੇਜ ਦਿੱਤੀ। ਹੁਣ ਚੰਡੀਗੜ੍ਹ ਚੀਮਾ ਸਾਹਿਬ ਨੇ ਕਿਸ-ਕਿਸ ਅਫਸਰ ਦੀ ਕੀ-ਕੀ ਕਲਾਸ ਲਗਾਈ ਤੇ ਉਸ ਕਲਰਕ ਦਾ ਕੀ ਬਣਿਆ, ਇਹ ਤਾਂ ਮੈਨੂੰ ਪਤਾ ਨਹੀਂ ਪਰ ਸਵੇਰੇ ਅੱਠ ਵਜੇ ਮੇਰੇ ਦੋਸਤ ਦਾ ਫੋਨ ਆ ਗਿਆ ਕਿ ਬਦਲੀ ਹੋ ਗਈ ਹੈ। ਮੈਂ ਸੋਚਿਆ ਕਿ ਐਵੇਂ ਟਿੱਚਰਾਂ ਕਰ ਰਿਹਾ ਹੈ। ਸਰਕਾਰੀ ਦਫਤਰ ਤਾਂ ਦਸ ਵਜੇ ਖੁੱਲ੍ਹਦੇ ਹਨ, ਇਹ ਅੱਠ ਵਜੇ ਆਰਡਰ ਕਿਵੇਂ ਆ ਗਏ? ਮੈਂ ਥੋੜ੍ਹਾ ਜਿਹਾ ਖਿਝ ਕੇ ਕਿਹਾ ਕਿ ਮੈਂ ਕੋਸ਼ਿਸ਼ ਤਾਂ ਕਰ ਹੀ ਰਿਹਾ ਹਾਂ, ਦੋ-ਚਾਰ ਦਿਨ ਸਬਰ ਤਾਂ ਕਰ ਲੈ। ਪਰ ਉਹ ਖੁਸ਼ੀ ਨਾਲ ਖੀਵਾ ਹੋਇਆ ਉੱਚੀ-ਉੱਚੀ ਬੋਲਣ ਲੱਗਾ ਕਿ ਸੱਚੀਂ ਹੋ ਗਈ ਹੈ। ਮੈਨੂੰ ਹੁਣੇ ਡੀ.ਈ.ਉ. ਦਫਤਰ ਦਾ ਮੁਲਾਜ਼ਮ ਆਰਡਰ ਫੜਾ ਕੇ ਗਿਆ ਹੈ। ਜਦੋਂ ਤੱਕ ਉਸ ਨੇ ਮੈਨੂੰ ਆਰਡਰਾਂ ਦੀ ਕਾਪੀ ਵਟਸਐਪ ਨਾ ਕੀਤੀ, ਮੈਨੂੰ ਯਕੀਨ ਨਾ ਆਇਆ।

# ਲੋਪ ਹੋ ਰਿਹਾ ਸਾਡਾ ਸੱਭਿਆਚਾਰ....

ਗੀਤਾ ਰਾਣੀ
ਸਹਾਇਕ ਪ੍ਰੋਫੈਸਰ, ਬੋੜਾਵਾਲ ਕਾਲਜ,
ਪੰਜਾਬੀ ਵਿਭਾਗ ਮਾਨਸਾ।
ਪੰਜਾਬ ਮੇਲ USA



ਸੱਭਿਆਚਾਰ ਕਿਸੇ ਵੀ ਕੌਮ ਦੀ ਰੂਹ ਹੁੰਦਾ ਹੈ। ਕਿਸੇ ਖੇਤਰ ਦਾ ਵਜੂਦ ਅਤੇ ਉਸ ਦੀ ਪਹਿਚਾਣ ਹੁੰਦਾ ਹੈ। ਇਹ ਉਨ੍ਹਾਂ ਰਿਵਾਜ਼ਾਂ, ਰੀਤੀਆਂ, ਭਾਸ਼ਾਵਾਂ, ਕਲਾਵਾਂ, ਧਰਮਾਂ ਤੇ ਜੀਵਨਸ਼ੈਲੀ ਦਾ ਸੁੰਦਰ ਮਿਲਾਪ ਹੈ, ਜੋ ਸਦੀਆਂ ਤੋਂ ਲੋਕਾਂ ਦੇ ਜੀਵਨ ਵਿਚ ਰਚੇ-ਵਸੇ ਹਨ। ਜੋ ਸਾਡੇ ਵੱਡ-ਵਡੇਰਿਆਂ ਦਾ ਸੰਭਾਲਿਆ ਹੋਇਆ, ਸਾਡੇ ਲਈ ਇੱਕ ਉਹ ਖਜ਼ਾਨਾ ਹੈ, ਜਿਸ ਦੀ ਹਿਫ਼ਾਜ਼ਤ ਉਹ ਸਦੀਆਂ-ਸਦੀਆਂ ਤੋਂ ਕਰਦੇ ਆ ਰਹੇ ਹਨ। ਸੱਭਿਆਚਾਰ ਸਾਨੂੰ ਸਿਰਫ਼ ਆਪਣੀ ਇਤਿਹਾਸਕ ਵਿਰਾਸਤ ਨਾਲ ਹੀ ਨਹੀਂ ਜੋੜਦਾ, ਸਗੋਂ ਸਾਡੇ ਵਰਤਮਾਨ ਅਤੇ ਭਵਿੱਖ ਲਈ ਵੀ ਮਜ਼ਬੂਤ ਬੁਨਿਆਦ ਤਿਆਰ ਕਰਦਾ ਹੈ। ਕਿਸੇ ਵੀ ਰਾਸ਼ਟਰ ਦੀ ਪਛਾਣ ਉਸ ਦੇ ਸੱਭਿਆਚਾਰ ਨਾਲ ਹੀ ਹੁੰਦੀ ਹੈ। ਜਿਵੇਂ ਕਿ ਪੰਜਾਬ ਦਾ ਸੱਭਿਆਚਾਰ ਖੁੱਲ੍ਹੇ ਦਿਲ, ਭੰਗੜੇ-ਗਿੱਧੇ, ਮਿੱਠੀ ਬੋਲੀ ਤੇ ਮਹਿਮਾਨ ਨਵਾਜ਼ੀ ਲਈ ਜਾਣਿਆ ਜਾਂਦਾ ਹੈ। ਪੰਜਾਬ ਦੀ ਗਿੱਧੇ ਵਿਚ ਨੱਚਦੀ ਜਵਾਨੀ, ਠਾਠਾਂ ਮਾਰਦਾ ਹੁਸਨ, ਰੂਹੀਂ ਸੰਗੀਤ ਜਿਸ ਨੂੰ ਸੁਣ ਕੇ ਮੁਰਦੇ ਵਿਚ ਵੀ ਜਾਨ ਪੈ ਜਾਵੇ। ਸਾਡੇ ਪੰਜਾਬ ਦੇ ਕੁਝ ਕੁ ਖੇਤਰਾਂ ਦੀ ਬੋਲੀ ਤਾਂ ਗੁੜ ਨਾਲੋਂ ਵੀ ਜ਼ਿਆਦਾ ਮਿੱਠੀ ਹੈ।

ਪੰਜਾਬ ਦੇ ਲੜਕੇ ਭੰਗੜੇ ਵਿਚ ਇਹੋ ਜਿਹਾ ਰੰਗ ਬੰਨਦੇ ਹਨ, ਜੋ ਹੋਰ ਕਿਤੇ ਦੇਖਣ ਨੂੰ ਨਹੀਂ ਮਿਲਦਾ, ਉਹ ਸਿਰਫ ਪੰਜਾਬ ਦੇ ਹਿੱਸੇ ਹੈ। ਉੱਚੇ-ਲੰਬੇ ਸੋਹਣੇ ਸ਼ੌਕੀਨ ਗੱਭਰੂ ਸਮਾਜ ਅੰਦਰ ਵਿਚ ਇੱਕ ਵੱਖਰਾ ਹੀ ਮੁਕਾਮ ਬਣਾ ਲੈਂਦੇ ਹਨ। ਸੱਭਿਆਚਾਰ ਵਿਚ ਲੋਕ-ਗੀਤ, ਲੋਕ-ਨਾਚ, ਪਹਿਰਾਵੇ, ਖਾਣ-ਪੀਣ ਅਤੇ ਮੇਲੇ-ਤਿਉਹਾਰ ਖਾਸ ਮਹੱਤਵ ਰੱਖਦੇ ਹਨ। ਮੇਲਿਆਂ 'ਤੇ ਜਾਣਾ ਭਾਂਤ-ਭਾਂਤ ਦੀਆਂ ਸਟਾਲਾਂ ਲੱਗੀਆਂ ਹੋਣੀਆਂ, ਤਰ੍ਹਾਂ-ਤਰ੍ਹਾਂ ਦੀਆਂ ਦੁਕਾਨਾਂ ਦੀ ਹੋਂਦ ਦਿਲ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦਿੰਦੀ ਹੈ। ਇਹ ਮੌਕੇ ਸਾਡੇ ਜੀਵਨ ਨੂੰ ਰੰਗੀਂ ਅਤੇ ਖੁਸ਼ਹਾਲ ਬਣਾਉਂਦੇ ਹਨ। ਸੱਭਿਆਚਾਰ ਸਾਨੂੰ ਆਪਸੀ ਪਿਆਰ, ਭਰਾਤਰੀ ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪਾਠ ਪੜ੍ਹਾਉਂਦਾ ਹੈ। ਸੱਭਿਆਚਾਰ ਇੱਕ ਅਜਿਹੀ ਪ੍ਰਕਿਰਿਆ ਹੈ, ਜੋ ਨਿਰੰਤਰ ਜ਼ਿੰਦਗੀ ਵਿਚ ਚਲਦੀ ਰਹਿੰਦੀ ਹੈ, ਇਹ ਜਨਮ ਦੇ ਨਾਲ ਸ਼ੁਰੂ ਹੁੰਦੀ ਹੈ ਅਤੇ ਮਰਨ ਦੇ ਨਾਲ ਹੀ ਖਤਮ ਹੁੰਦੀ ਹੈ। ਇਸ ਵਿਚ ਵਿਅਕਤੀ ਸਮਾਜਿਕ ਵੰਦਨਾ ਵਿਚ ਰਹਿ ਕੇ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ, ਜੋ ਨਿਯਮ ਸਾਡੇ ਵੱਡ-ਵਡੇਰਿਆਂ ਨੇ ਬਣਾਏ ਹਨ, ਆਪਣਾ ਜੀਵਨ ਬਸਰ ਕਰਦਾ ਹੈ।

ਪਰ ਅੱਜ ਦੇ ਸਮੇਂ ਵਿਚ, ਜਦੋਂ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਵਧ ਰਿਹਾ ਹੈ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਸਾਡੇ ਹੁਣ ਦੇ ਜੰਮਪਲ ਜੋ ਆਪਣਾ ਪਿਛੋਕੜ ਭੁੱਲਣ ਦੇ ਨਾਲ-ਨਾਲ ਸੱਭਿਆਚਾਰ ਭੁੱਲ ਚੁੱਕੇ ਹਨ, ਉਨ੍ਹਾਂ ਨੂੰ ਸੱਭਿਆਚਾਰ ਬਾਰੇ ਦੱਸਣਾ, ਸਾਹਿਤ ਦੀ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ। ਕਿਉਂਕਿ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਆਪਣੀ ਆਉਣ ਵਾਲੀ ਪੀੜ੍ਹੀ ਵਾਸਤੇ ਕੁਝ ਅਜਿਹੀਆਂ 'ਲਿਖਤਾਂ ਰੂਪੀ ਨੀਹਾਂ' ਤਿਆਰ ਕਰਨੀਆਂ ਪੈਣਗੀਆਂ, ਜਿਸ ਵਿਚ ਆਪਣੇ ਸੱਭਿਆਚਾਰ ਬਾਰੇ ਭਰਪੂਰ ਮਾਤਰਾ ਵਿਚ ਜਾਣਕਾਰੀ ਦਿੱਤੀ ਜਾ ਸਕੇ। ਆਪਣੀ ਭਾਸ਼ਾ, ਜੋ ਬਹੁਮੁੱਲੀ ਹੈ ਅਤੇ ਬਹੁਰੰਗੀ ਹੈ, ਇਸ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਅਜਿਹੀਆਂ ਲਿਖਤਾਂ ਸਮਾਜ ਦੀ ਝੋਲੀ ਪਾਉਣੀਆਂ ਚਾਹੀਦੀਆਂ ਹਨ, ਜੋ ਨੌਜਵਾਨ ਪੀੜ੍ਹੀ ਲਈ ਰਾਹ ਦਸੇਰਾ ਬਣ ਸਕਣ। ਸੰਗੀਤ ਵਿਚ ਵੀ ਗਾਇਕਾਂ ਤੇ ਲੇਖਕਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਗੀਤ ਲਿਖੇ, ਗਾਏ ਜਾਣ ਜਿਸ ਵਿਚ ਮਨੋਰੰਜਨ ਤਾਂ ਹੋਵੇ ਹੀ, ਨਾਲ ਕੁਝ ਚੰਗੇ ਵਿਚਾਰ ਵੀ ਹੋਣ। ਲੋਕ-ਕਲਾ ਨੂੰ ਜਿਉਂਦੇ ਰੱਖਣ ਲਈ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹ ਸਭ ਲੋਕ ਕਲਾਵਾਂ ਸਿਖਾਉਣੀਆ ਚਾਹੀਦੀਆਂ ਹਨ, ਜਿਵੇਂ ਮੰਜਾ ਬੁਣਨਾ, ਪੋਰੀਆ ਵਾਲੇ ਨਾਲੇ, ਪੱਖੀ ਬੁਣਨਾ ਆਦਿ ਸਭ ਉਨ੍ਹਾਂ ਨੂੰ ਸਿਖਾਉਣਾ ਅੱਜ ਦੀ ਲੋੜ ਹੈ ਅਤੇ ਰਸਮੋ-ਰਿਵਾਜ਼ਾਂ ਨੂੰ ਜੀਵਤ ਰੱਖਣਾ ਸਾਡਾ ਸਮਾਜਿਕ ਫ਼ਰਜ਼ ਹੈ। ਨਤੀਜਨ ਸੱਭਿਆਚਾਰ ਉਹ ਸ਼ੀਸ਼ਾ ਹੈ, ਜਿਸ ਵਿਚ ਕਿਸੇ ਕੌਮ ਦੀ ਪਹਿਚਾਣ ਅਤੇ ਉਸ ਦੇ ਮੁੱਲ ਵਿਖਾਈ ਦਿੰਦੇ ਹਨ। ਇਸ ਲਈ ਸਾਨੂੰ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਸਾਂਭਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਦਾ ਕਰਨਾ ਚਾਹੀਦਾ ਹੈ। ਸਾਨੂੰ ਅਜਿਹੇ ਕਾਰਜ ਕਰਨੇ ਚਾਹੀਦੇ ਹਨ, ਜਿਸ ਦੇ ਵਿਚ ਸੱਭਿਆਚਾਰ ਦਾ ਪੱਖ ਮਜ਼ਬੂਤੀ ਨਾਲ ਪੇਸ਼ ਕੀਤਾ ਹੋਵੇ।



# ਸੱਜੇ-ਪੱਖੀ ਬਦਲਾਅ, ਸੰਸਾਰ ਕੂਟਨੀਤਕ ਧਰੁਵੀਕਰਨ ਵੱਲ !




ਜਗਦੀਸ਼ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲ USA


ਪੂੰਜੀਵਾਦੀ ਸਿਸਟਮ ਵਾਲੇ ਸੰਸਾਰ ਦੀ ਅਰਥ-ਵਿਵਸਥਾ ਦੇ ਵਿਕਾਸ ਦੀ ਦਰ ਸੁਸਤ ਦਿਖਾਈ ਦੇ ਰਹੀ ਹੈ। ਸੰਸਾਰ ਜੀ.ਡੀ.ਪੀ. ਸਾਲ 2025 (ਜਨਵਰੀ) 'ਚ 3.3-ਫੀਸਦੀ ਤੋਂ 28 ਫੀਸਦੀ ਰਹਿਣ ਦਾ ਅਨੁਮਾਨ (-0.5 ਫੀਸਦੀ ਹੇਠਾਂ ਖਿਸਕਣਾ), ਯੂਰਪ 1.00 ਫੀਸਦੀ ਤੋਂ 0.8 ਫੀਸਦੀ (-0.5 ਫੀਸਦੀ ਹੇਠਾਂ ਖਿਸਕਣਾ) ਅਤੇ ਯੂ.ਕੇ. 1.6 ਫੀਸਦੀ ਤੋਂ 1.1 ਫੀਸਦੀ (-0.5 ਫੀਸਦੀ ਹੇਠਾਂ ਖਿਸਕਣਾ) ਸਾਹਮਣੇ ਆ ਰਿਹਾ ਹੈ। ਜਿਸ ਕਾਰਨ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਕੁਪੋਸ਼ਣ ਅਤੇ ਆਵਾਮ ਅੰਦਰ ਬੇਚੈਨੀ ਦੇ ਆਲਮ ਦਾ ਫੁੱਟਣਾ ਲਾਜ਼ਮੀ ਨਜ਼ਰ ਆਵੇਗਾ। ਜਿਸ ਦੇ ਸਿੱਟੇ ਵਜੋਂ ਲੋਕ ਆਪਣੀਆਂ ਆਰਥਿਕ ਮੁਸ਼ਕਲਾਂ ਦੇ ਵਿਰੁੱਧ ਰੋਸ ਵਜੋਂ ਭੜਕਣਗੇ। ਆਪਣੇ ਅਧਿਕਾਰਾਂ ਦੀ ਰਾਖੀ ਲਈ ਜੇਕਰ ਉਹ ਸੰਘਰਸ਼ਾਂ ਦਾ ਰਾਹ ਫੜ ਲੈਣਗੇ, ਤਾਂ ਕਿਸੇ ਸਿੱਟੇ 'ਤੇ ਪੁੱਜ ਜਾਣਗੇ, ਨਹੀਂ ਤਾਂ ਕੁਰਾਹਿਆਂ ਦਾ ਸ਼ਿਕਾਰ ਹੋ ਜਾਣਗੇ! ਇਹੋ ਜਿਹਾ ਹੁਣ ਅਮਰੀਕਾ ਤੇ ਯੂਰਪ ਅੰਦਰ ਵੀ ਦਿਸ ਰਿਹਾ ਹੈ। ਅਜਿਹਾ ਦੱਖਣੀ ਏਸ਼ੀਆ ਅੰਦਰ ਦੇਖਣ ਨੂੰ ਸਾਹਮਣੇ ਆਇਆ ਸੀ, ਅੱਜ ਭਾਵੇਂ ਰਾਜਨੀਤਿਕ ਬਦਲਾਅ ਉਥੇ ਆਏ ਹਨ; ਪਰ ਸਮਾਜਿਕ ਪ੍ਰੀਵਰਤਨ ਵਿਚ ਕੋਈ ਬਦਲਾਅ ਨਹੀਂ ਹੋਇਆ। ਭਾਵ ਆਵਾਮ ਦੀਆਂ ਮੁਸ਼ਕਲਾਂ ਦਾ ਕੋਈ ਹਲ ਨਹੀਂ ਹੋਇਆ।



ਅੱਜ ਅਮਰੀਕਾ ਸਮੇਤ ਯੂਰਪ ਸਾਰਾ ਪੂੰਜੀਵਾਦੀ ਸੰਸਾਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਇਨ੍ਹਾਂ ਦੇਸ਼ਾਂ ਅੰਦਰ ਸੱਜੇ ਪੱਖ ਵੱਲ, ਰਾਜਨੀਤਿਕ ਝੁਕਾਅ; ਪਿਛਲੇ ਇਕ ਦਹਾਕੇ ਤੋਂ ਸਾਹਮਣੇ ਆ ਰਹੇ ਹਨ। ਬਹੁਤ ਸਾਰੇ ਦੇਸ਼ਾਂ ਵਿਚ ਅਤਿ ਸੱਜੇ-ਪੱਖੀ ਰਾਜਨੀਤਿਕ ਪਾਰਟੀਆਂ ਚੋਣਾਂ ਜਿੱਤ ਕੇ ਅੱਗੇ ਆਈਆਂ ਹਨ। ਉਨ੍ਹਾਂ ਵਲੋਂ ਪ੍ਰਵਾਸ ਰੋਕਣ ਦੇ ਬਹਾਨੇ, ਸੀਮਾ ਬੰਦ ਕਰਨ, ਪ੍ਰਵਾਸ ਨਿਯਮਾਂ ਅੰਦਰ ਸਖਤਾਈ ਵਰਤਣ ਅਤੇ ਪ੍ਰਵਾਸ ਵਿਰੋਧੀ ਨਾਹਰੇ ਤੋਂ ਅਮਲਾ ਰਾਹੀ ਰਾਜਨੀਤਿਕ ਧਰੁਵੀਕਰਨ ਅਤੇ ਸਮਾਜਿਕ ਤਨਾਅ ਪੈਦਾ ਕਰਨ ਲਈ ਬੜਾਵਾ ਦੇ ਕੇ ਸੰਸਾਰ-ਲੋਕਤੰਤਰ ਲਈ ਖਤਰਾ ਪੈਦਾ ਕਰ ਦਿੱਤਾ ਹੈ। ਅਮਰੀਕਾ ਅਤੇ ਯੂਰਪੀ ਸੰਸਦਾਂ ਅੰਦਰ ਸੱਜੇ ਪੱਖੀ ਪਾਰਟੀਆਂ ਦੇ ਕਾਬਜ਼ ਹੋਣ ਕਰਕੇ ਉਹ ਰਾਜਨੀਤਿਕ ਮੁੱਖਧਾਰਾ ਦੇ ਨਿਯਮਾਂ ਵਿਰੁੱਧ ਆ ਖੜ੍ਹੇ ਹੋਏ ਹਨ। ਆਰਥਿਕ ਸੰਕਟ ਜੋ ਉਨ੍ਹਾਂ ਦੇ ਦੇਸ਼ਾਂ ਦੇ ਹਾਕਮਾਂ ਦੀਆਂ ਨੀਤੀਆਂ ਕਾਰਨ ਪੈਦਾ ਹੈ, ਉਸ ਲਈ ਪ੍ਰਵਾਸੀ ਲੋਕਾਂ ਤੇ ਕਿਰਤੀਆਂ ਨੂੰ ਗਰਦਾਨ ਕੇ ਪ੍ਰਵਾਸੀਆਂ ਵਿਰੁੱਧ ਤੇ ਪ੍ਰਵਾਸ ਵਿਰੁੱਧ ਸੀਮਾਂ ਬੰਦੀ ਅਤੇ ਫਾਸ਼ੀਵਾਦੀ ਰੁਝਾਨਾਂ ਨੂੰ ਜਨਮ ਦੇ ਕੇ ਸੱਜੇ ਪੱਖੀ ਰਾਜਨੀਤੀ ਨੂੰ ਮਜ਼ਬੂਤ ਕਰ ਰਹੇ ਹਨ। ਸਾਲ 2024 ਦੀਆਂ ਯੂਰਪੀ ਯੂਨੀਅਨ ਦੀਆਂ ਚੋਣਾਂ, ਫਰਾਂਸ ਦੀ ਨੈਸ਼ਨਲ, ਜਰਮਨੀ ਦੀ ਕੇ.ਆਉ.ਅਤੇ ਪਿਛਲੇ ਹਫਤੇ ਯੂ.ਕੇ., ਪੁਰਤਗਾਲ, ਆਸਟਰੀਆ ਡੱਚ ਤੇ ਟਰੰਪ ਵਲੋਂ ਰੈਲੀਆਂ ਤੇ ਬਿਆਨ ਪ੍ਰਵਾਸੀਆਂ ਵਿਰੁੱਧ ਅੱਗ ਉਗਲਣਾ ਹੈ।

ਬਹੁਤ ਸਾਰੇ ਸੱਜੇ ਪੱਖੀ ਪਾਰਟੀਆਂ, ਇਨ੍ਹਾਂ ਦੇ ਦੇਸ਼ਾਂ ਅੰਦਰ ਪ੍ਰਵਾਸ ਕਰਕੇ ਆਏ ਦੱਖਣੀ ਏਸ਼ੀਆ ਤੇ ਮੱਧ ਪੂਰਬ ਏਸ਼ੀਆਂ ਦੇ ਲੋਕਾਂ ਖਾਸ ਕਰਕੇ ਮੁਸਲਮਾਨ ਪ੍ਰਵਾਸੀਆਂ ਦੇ ਵਿਰੋਧ ਵਿਚ ਆਪਣੇ ਲੋਕਾਂ ਨੂੰ ਭੜਕਾਅ ਰਹੇ ਹਨ। ਯੂ.ਕੇ. ਤੋਂ ਬਿਨ੍ਹਾਂ ਆਸਟਰੀਆ, ਫਰਾਂਸ, ਇਟਲੀ, ਜਰਮਨੀ ਤੇ ਅਮਰੀਕਾ ਅੰਦਰ ਜਿੱਤ ਕੇ ਆਈਆਂ ਸੱਜੇ-ਪੱਖੀ ਪਾਰਟੀਆਂ ਦਾ ਰੁੱਖ ਪ੍ਰਵਾਸੀਆ ਵਿਰੁੱਧ ਹੈ। 2025 ਤੋਂ ਪ੍ਰਵਾਸੀ ਲੋਕਾਂ ਦੇ ਕੇਂਦਰਾਂ ਤੇ ਲੋਕਾਂ ਵਿਰੁੱਧ ਨਸਲੀ-ਨਫ਼ਰਤੀ ਪ੍ਰਚਾਰ ਤੇਜ਼ ਹੋਇਆ ਹੈ। ਪ੍ਰਵਾਸੀਆਂ ਵਿਰੁੱਧ ਨਸਲੀ ਹਮਲਾਵਰੀ ਰੁਖ ਵਧਿਆ ਹੈ। ਇਨ੍ਹਾਂ ਦੇਸ਼ਾਂ ਅੰਦਰ ਜੋ ਪਹਿਲਾਂ ਸ਼ਰਨਾਰਥੀਆਂ ਨੂੰ ਛੋਟ ਸੀ, ਉਹ ਹੁਣ ਵਾਪਸ ਲਈ ਜਾ ਰਹੀ ਹੈ। ਫਾਸ਼ੀਵਾਦ ਦੇ ਰੂਪ ਵਿਚ ਨਸਲਵਾਦ ਪਨਪ ਰਿਹਾ ਹੈ। ਅਮਰੀਕਾ ਅੰਦਰ ਟਰੰਪ ਸਰਕਾਰ ਨੇ ਸੀਮਾ 'ਤੇ ਫੌਜ ਦੀ ਤਾਇਨਾਤੀ ਕਰਕੇ ਯੂਰਪੀ ਦੇਸ਼ਾਂ ਨੂੰ ਪ੍ਰਵਾਸ ਰੋਕਣ ਲਈ ਫੌਜ ਲਾਉਣ ਲਈ ਕਿਹਾ। ਕੈਨੇਡਾ ਜਿਹੜਾ ਪ੍ਰਵਾਸ ਸਬੰਧੀ ਬੜਾ ਉਦਾਰਵਾਦੀ ਰਵੱਈਆ ਅਪਣਾਉਂਦਾ ਸੀ, 2023-24 ਤੋਂ ਸਖਤ ਨੀਤੀਆਂ ਲਿਆ ਰਿਹਾ ਹੈ। ਕੈਨੇਡਾ ਦੀ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਨੇ ਕੈਨੇਡਾ ਅੰਦਰ ਆਰਥਿਕ ਸੰਕਟ ਲਈ ਅਤੇ ਇਸੇ ਤਰ੍ਹਾਂ ਅਸਟ੍ਰੇਲੀਆ ਦੇ ਸੱਜੇ ਪੱਖੀ ਪਾਰਟੀਆਂ ਸਮੇਤ ਹਾਕਮ ਪਾਰਟੀ ਪ੍ਰਵਾਸ ਅਤੇ ਪ੍ਰਵਾਸੀਆਂ ਨੂੰ ਮੁੱਖ-ਜ਼ਿੰਮੇਵਾਰ ਠਹਿਰਾਉਂਦੇ ਹੋਏ ਵਿਰੋਧ ਰੋਸ਼-ਮੁਜਾਹਰੇ ਕੀਤੇ ਹਨ।

ਪ੍ਰਵਾਸ ਇਕ ਕੁਦਰਤੀ ਵਰਤਾਰਾ ਹੈ, ਜੋ ਹੇਠਾਂ ਤੋਂ ਉਪਰ ਵੱਲ ਗਰੀਬੀ-ਗੁਰਬਤ ਨੂੰ ਦੂਰ ਕਰਨ ਲਈ ਰੁਜ਼ਗਾਰ ਵੱਧ ਵੱਧਦਾ ਹੈ। ਇਹ ਇਕ ਮਨੁੱਖੀ ਹੱਕ ਹੈ, ਅਧਿਕਾਰ ਹੈ, ਕਿ ਜਿਊਣ ਲਈ ਮਨੁੱਖ ਅਨੁਕੂਲ ਦਿਸ਼ਾ ਵੱਲ ਵੱਧਦਾ ਹੈ। ਜੇਕਰ ਤੁਸੀਂ ਰੋਕ ਲਾਉਗੇ ਨਤੀਜੇ ਉਲਟ ਆਉਣਗੇ। ਜੇਕਰ ਟਰੰਪ ਪ੍ਰਵਾਸ ਵਿਰੋਧੀ ਅਤੇ ਯੂਰਪ ਦੇ ਸੱਜੇ ਪੱਖੀ ਪਾਰਟੀਆਂ ਪ੍ਰਵਾਸੀਆਂ ਦੇ ਵਿਰੋਧ ਵਿਚ ਮਨਸੂਬੇ ਤਿਆਰ ਕਰਦੀਆਂ ਹਨ, ਤਾਂ ਪ੍ਰਵਾਸੀ ਜਨ-ਸਮੂਹ ਵੀ ਰੁਜ਼ਗਾਰ ਲਈ, ਉਸ ਦੀ ਰੱਖਿਆ ਲਈ ਅੱਗੇ ਆਉਣਗੇ। ਅੱਜ ਦਾ ਯੁੱਗ ਬਹੁ-ਸੱਭਿਆਚਾਰ ਵਾਦੀ ਹੈ। ਸੰਸਾਰ ਇਕ ਗਲੋਬਲ ਹੈ। ਪੂੰਜੀਵਾਦੀ ਸਿਸਟਮ ਅੰਦਰ ਪੂੰਜੀਪਤੀ ਆਪਣੇ ਮੁਨਾਫਿਆਂ ਲਈ, ਮਾਲ ਵੇਚਣ ਅਤੇ ਸਸਤੀ ਕਿਰਤ ਤੇ ਮੰਡੀ ਲਈ ਤਾਂ ਸੰਸਾਰ ਦੇ ਹੋਰ ਕੋਨੇ ਅੰਦਰ ਜਾ ਸਕਦਾ ਹੈ। ਪਰ ਕਿਰਤੀ ਆਪਣੀ ਕਿਰਤ ਵੇਚਣ ਲਈ ਜਿਥੇ ਰੁਜ਼ਗਾਰ ਮਿਲੇ, ਉਥੇ ਨਹੀਂ ਜਾ ਸਕਦਾ। ਖੁਦ ਲੁੱਟਣ ਲਈ ਤਾਂ ਖੁੱਲ੍ਹ ਹੈ, ਪਰ ਰੁਜ਼ਗਾਰ ਲਈ ਉਹ ਪ੍ਰਵਾਸੀ ਹੈ, ਬੂਹੇ ਬੰਦ ਕਰ ਦਿਓ, ਇਹ ਕਿਹੜਾ ਨਿਯਮ, ਵਿਵਹਾਰ ਅਤੇ ਨੈਤਿਕਤਾ ਹੈ। ਆਰਥਿਕ ਸੰਕਟ ਪੂੰਜੀਪਤੀਆਂ, ਹਾਕਮਾਂ ਅਤੇ ਨੀਤੀ ਘਾੜਿਆਂ ਕਾਰਨ ਮੁਨਾਫੇ ਵਧਾਉਣ ਕਾਰਨ ਹੈ, ਨਾ ਕਿ ਪ੍ਰਵਾਸ ਕਾਰਨ। ਸਗੋਂ ਕਿਰਤੀ ਆਪਣੀ ਕਿਰਤ ਵੇਚਕੇ ਪੈਦਾਵਾਰ ਵਧਾਉਂਦਾ ਹੈ।

ਧੁਰ ਸੱਜੇ ਪੱਖੀ ਪਾਰਟੀਆਂ, ਆਰਥਿਕ ਸੰਕਟ ਲਈ ਹਾਕਮਾਂ ਜਾਂ ਰਾਜ ਕਰ ਰਹੀਆਂ ਪਾਰਟੀ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਥਾਂ ਪ੍ਰਵਾਸੀਆਂ ਨੂੰ ਨਿਸ਼ਾਨਾਂ ਬਣਾ ਰਹੀਆ ਹਨ। ਜਦਕਿ ਪ੍ਰਵਾਸੀ ਕਿਰਤ-ਸ਼ਕਤੀ ਅਰਥ-ਵਿਵਸਥਾ ਨੂੰ ਬੜਾਵਾ ਦਿੰਦੀ ਹੈ। 'ਮਨੁੱਖੀ ਅਧਿਕਾਰ ਵਾਚ' ਦਾ ਕਹਿਣਾ ਹੈ ਕਿ ਯੂਰਪੀਅਨ ਦੇਸ਼ਾਂ ਦੀਆਂ ਹਾਕਮ ਧਿਰਾਂ ਦੀਆ ਨੀਤੀਆਂ ਸੰਸਾਰ ਅਸਮਾਨਤਾ ਦੇ ਮੂਲ ਕਾਰਕਾਂ ਨੂੰ ਹੱਲ ਕਰਨ ਦੀ ਬਜਾਏ ਸਗੋਂ ਮਨੁੱਖ, ਮਨੁੱਖਤਾ ਅਤੇ ਕਿਰਤੀ ਵਰਗ ਦੇ ਜੀਵਨ ਲਈ ਖਤਰੇ ਪੈਦਾ ਕਰਦੀਆਂ ਹਨ। ਸੰਸਾਰ ਦਾ ਸਾਰਾ ਸੋਸ਼ਲ ਮੀਡੀਆ ਜਿਸ ਦੇ ਉਹ ਮਾਲਕ ਹਨ, ਉਨ੍ਹਾਂ ਦੀਆਂ ਗਲਤ ਧਾਰਨਾਵਾਂ ਨੂੰ ਬੜੀ ਬਾਖੂਬੀ ਨਾਲ ਉਭਾਰਦਾ ਹੈ। ਅਮਰੀਕਾ, ਯੂਰਪ ਅਤੇ ਆਸਟ੍ਰੇਲੀਆ ਦੇ ਧੁਰ ਸੱਜੇ-ਪੱਖੀ ਲੋਕਾਂ ਨੂੰ 20 ਤੋਂ 30 ਫੀਸਦੀ ਸਮਰਥਨ ਪ੍ਰਾਪਤ ਹੈ। ਜੋ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਪ੍ਰਭਾਵਤ ਕਰ ਰਿਹਾ ਹੈ। ਯੂ.ਕੇ. ਦੀ 'ਰਵੰਡਾ' ਯੋਜਨਾ ਟਰੰਪ ਦੀ ਜਿੱਤ ਅਤੇ ਯੂਰਪ ਵਿਖੰਡਨ ਨਕਲ ਨੂੰ ਮੀਡੀਆ ਕਿਵੇਂ ਉਭਾਰ ਰਿਹਾ ਹੈ। ਪਰ ਪ੍ਰਵਾਸੀਆ ਦੇ ਵਿਕਾਸ ਅੰਦਰ ਪਾਏ ਯੋਗਦਾਨ ਨੂੰ ਨਹੀਂ ਉਭਾਰਦਾ ਹੈ।

ਇਸ ਵੇਲੇ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਜਿਹੇ ਵਿਕਸਤ ਦੇਸ਼ ਜਿਹੜੇ ਹੁਣ ਉਦਾਰੀਵਾਦ ਅਤੇ ਸੰਸਾਰੀਕਰਨ ਦੇ ਦੂਰ-ਪ੍ਰਭਾਵਾਂ ਕਾਰਨ ਪੈਦਾ ਹੋਏ ਸੰਕਟ ਨਾਲ ਜੂਝ ਰਹੇ ਹਨ। ਉਹ ਦੇਸ਼, ਉਥੋਂ ਦੀਆਂ ਸੱਜੇ ਪੱਖੀ ਸਰਕਾਰਾਂ ਵੀ ਮੌਜੂਦਾ ਸੰਕਟ ਜੋ ਉਨ੍ਹਾਂ ਦੀਆਂ ਨੀਤੀਆਂ ਦਾ ਨਤੀਜਾ ਹੈ, ਉਸ ਨੂੰ ਸਵੀਕਾਰ ਕਰਨ ਦੀ ਥਾਂ ਉਥੋਂ ਦੇ ਧਰ-ਸੱਜੇ ਪੱਖੀ ਪਾਰਟੀਆਂ ਦੇ ਪ੍ਰਵਾਸ ਅਤੇ ਪ੍ਰਵਾਸੀਆਂ ਵਿਰੋਧੀ ਮਨਸੂਬਿਆਂ ਨੂੰ ਰੋਕਣ ਦੀ ਥਾਂ ਸਗੋਂ ਉਨ੍ਹਾਂ ਨੂੰ ਪੱਠੇ ਪਾ ਕੇ ਆਪਣੀ ਉਮਰ ਵਧਾ ਰਹੀਆਂ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਮੌਜੂਦਾ ਸੱਜੇ-ਪੱਖੀਆਂ ਵਲੋਂ ਮਨੁੱਖੀ ਅਧਿਕਾਰਾਂ ਦੀ ਜੋ ਉਲੰਘਣਾ ਹੋ ਰਹੀ ਹੈ, ਉਸ ਤੋਂ ਵੱਧ ਉਦਾਰਵਾਦੀਆਂ ਦੀ ਤਿੱਖੀ ਪ੍ਰਤੀਕਿਰਿਆ ਵੀ ਦੇਖਣ ਨੂੰ ਆਈ ਹੈ। ਉਹ ਵੀ ਆਪਣੀ ਉਮਰ ਵਧਾਉਣ ਲਈ ਲੋਕ-ਲੁਭਾਉਣੇ ਉਦਾਰਵਾਦੀ ਨਾਹਰਿਆਂ ਰਾਹੀਂ ਵੀ ਮਨੁੱਖੀ ਅਧਿਕਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਅੱਜ ਪੱਛਮ ਦੇ ਦੇਸ਼ਾਂ ਵਿਚਕਾਰ ਕਈ ਮਤਭੇਦ ਹਨ। ਨਵ-ਫਾਸ਼ੀਵਾਦੀ ਤਾਕਤਾਂ ਅਤੇ ਸੱਜੇ-ਪੱਖੀ ਪਾਰਟੀਆਂ ਦਾ ਵੱਧਣਾ, ਨਸਲਵਾਦ, ਵਿਦੇਸ਼ੀ ਡਰ ਅਤੇ ਪ੍ਰਵਾਸ ਦੇ ਡਰ ਦੀਆਂ ਭਾਵਨਾਵਾਂ ਨੂੰ ਤੁਲ ਦੇ ਕੇ ਪੱਛਮੀ ਦੇਸ਼ਾਂ ਅੰਦਰ ਇਨ੍ਹਾਂ ਦਾ ਵਾਧਾ ਹੋਇਆ ਹੈ। ਇਸ ਦਾ ਇਕ ਹੋਰ ਕਾਰਣ ਵਿਹਾਰਕ ਖੱਬੇ-ਪੱਖੀ ਰਾਜਨੀਤਿਕ ਵਿਕਲਪ ਦੀ ਅਣਹੋਂਦ ਹੋਣਾ, ਜਮਹੂਰੀ ਖੱਬੇ ਪੱਖੀ ਅਤੇ ਲੋਕ ਪੱਖੀ ਲੋਕਾਂ ਦੀ ਏਕਤਾ, ਆਵਾਮ ਨੂੰ ਸਿੱਖਿਅਤ ਕਰਨਾ, ਰਾਹੀਂ ਹੀ ਸੱਜੇ ਪੱਖੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

ਇਹ ਵੀ ਅੱਜ ਵੇਖਣ ਨੂੰ ਆਇਆ ਹੈ ਕਿ ਸੱਜੇ ਪੱਖੀ ਪਾਰਟੀਆਂ ਇਕ ਵਾਰ ਸੱਤਾ ਵਿਚ ਆਉਣ ਬਾਅਦ, ਨਾ ਸਿਰਫ਼ ਨਵਉਦਾਰਵਾਦੀ ਨੀਤੀਆਂ ਦਾ ਪਾਲਣਾ ਕਰਦੀਆਂ ਹਨ, ਸਗੋਂ ਸਮਾਜਿਕ ਏਕਤਾ ਨੂੰ ਖ਼ਤਰਾ ਬਣਾਉਣ ਵਾਲੀਆਂ ਵੰਡਵਾਦੀ ਤਾਕਤਾਂ ਦੇ ਵਾਧੇ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਇਸ ਤਰ੍ਹਾਂ ਸੰਸਾਰ ਅਤੇ ਭਾਰਤ ਅੰਦਰ ਵੀ ਸੱਜੇ ਪੱਖ ਦੀ ਦਿਸ਼ਾ ਵਿਚ ਰਾਜਨੀਤਿਕ ਤਬਦੀਲੀ 'ਸੰਸਾਰ ਜਮਹੂਰੀਅਤ, ਅਮਨ ਅਤੇ ਵਿਕਾਸ ਲਈ ਇਕ ਗੰਭੀਰ ਖਤਰਾ ਹੈ, ਜੋ ਲੋਕਾਂ ਅੰਦਰ ਵੰਡੀਆਂ ਪਾਉਣ ਵੱਲ ਵੱਧ ਵੱਧਣਾ ਹੈ।

ਸੱਜੇ ਪੱਖ ਵੱਲ ਤਬਦੀਲੀ ਦਾ ਰੁਝਾਨ ਆਰਥਿਕ ਅਸਮਾਨਤਾਵਾਂ, ਕੂਟਨੀਤਕ ਚੁਣੌਤੀਆਂ, ਰੁਜ਼ਗਾਰ ਲਈ ਰੋਕਾਂ ਅਤੇ ਵਾਤਾਵਰਨ ਨੀਤੀਆਂ ਦੇ ਅੰਤਰ ਵਿਰੋਧਾਂ ਦੇ ਦੌਰ ਨੂੰ ਜਨਮ ਦੇ ਰਹੇ ਹਨ।

# ਅਲੋਪ ਹੋ ਰਹੀ ਆਦਤ




-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA


ਕਦੇ ਇੱਕ ਪਿਆਰਾ ਰੋਜ਼ਾਨਾ ਰਸਮ, ਅੱਜ ਪੜ੍ਹਨਾ ਸਾਡੀ ਜਲਦੀ ਵਾਲੀ ਜ਼ਿੰਦਗੀ ਦੇ ਹਾਸ਼ੀਏ 'ਤੇ ਖੜ੍ਹਾ ਹੈ। ਮੱਧਮ ਦੀਵਿਆਂ ਹੇਠ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਦੇ ਬੱਚਿਆਂ ਤੋਂ ਲੈ ਕੇ ਅਖ਼ਬਾਰਾਂ ਜਾਂ ਨਾਵਲਾਂ ਵਿਚ ਡੁੱਬੇ ਬਾਲਗਾਂ ਤੱਕ, ਇਹ ਚਿੱਤਰ ਕਦੇ ਸਿੱਖਣ, ਵਿਹਲ ਅਤੇ ਕਲਪਨਾ ਨੂੰ ਪਰਿਭਾਸ਼ਿਤ ਕਰਦਾ ਸੀ। ਦੁੱਖ ਦੀ ਗੱਲ ਹੈ ਕਿ ਇਹ ਚਿੱਤਰ ਤੇਜ਼ੀ ਨਾਲ ਅਲੋਪ ਹੋ ਰਿਹਾ ਹੈ। ਕਾਰਨਾਂ ਨੂੰ ਦੇਖਣਾ ਔਖਾ ਨਹੀਂ ਹੈ। ਡਿਜੀਟਲ ਹੜ੍ਹ ਨੇ ਪੰਨਿਆਂ ਨੂੰ ਸਕ੍ਰੀਨਾਂ ਨਾਲ ਬਦਲ ਦਿੱਤਾ ਹੈ। ਬੱਚਿਆਂ ਲਈ, ਸੌਣ ਦੇ ਸਮੇਂ ਦੀਆਂ ਕਹਾਣੀਆਂ ਨੂੰ ਯੂਟਿਊਬ ਵੀਡੀਓ, ਰੀਲਾਂ ਅਤੇ ਨਸ਼ਾ ਕਰਨ ਵਾਲੀਆਂ ਗੇਮਿੰਗ ਐਪਾਂ ਨਾਲ ਬਦਲਿਆ ਜਾ ਰਿਹਾ ਹੈ। ਇਸ ਦੌਰਾਨ, ਬਾਲਗ, ਸੋਸ਼ਲ ਮੀਡੀਆ 'ਤੇ ਖੰਡਿਤ ਖ਼ਬਰਾਂ ਦੇ ਸਨਿੱਪਟਾਂ ਨੂੰ "ਪੜ੍ਹਨ" ਦਾ ਦਾਅਵਾ ਕਰਦੇ ਹਨ, ਸਕ੍ਰੌਲਿੰਗ ਨੂੰ ਰੁਝੇਵੇਂ ਲਈ ਗਲਤ ਸਮਝਦੇ ਹਨ। ਇੱਕ ਕਿਤਾਬ ਲੈ ਕੇ ਬੈਠਣ ਅਤੇ ਕਿਸੇ ਦਲੀਲ ਜਾਂ ਕਹਾਣੀ ਦੀ ਪਾਲਣਾ ਕਰਨ ਦੇ ਸਬਰ ਨੇ ਅੰਗੂਠੇ ਦੇ ਬੇਚੈਨ ਝਟਕੇ ਨੂੰ ਰਾਹ ਦੇ ਦਿੱਤਾ ਹੈ। ਇਸ ਗਿਰਾਵਟ ਦੇ ਨਤੀਜੇ ਬਹੁਤ ਡੂੰਘੇ ਹਨ। ਪੜ੍ਹਨਾ ਸਿਰਫ਼ ਸਾਖਰਤਾ ਬਾਰੇ ਨਹੀਂ ਹੈ - ਇਹ ਇਕਾਗਰਤਾ, ਹਮਦਰਦੀ ਅਤੇ ਆਲੋਚਨਾਤਮਕ ਸੋਚਣ ਦੀ ਯੋਗਤਾ ਨੂੰ ਵਧਾਉਂਦਾ ਹੈ। ਜਦੋਂ ਬੱਚੇ ਪੜ੍ਹਨ ਦੀਆਂ ਆਦਤਾਂ ਤੋਂ ਬਿਨਾਂ ਵੱਡੇ ਹੁੰਦੇ ਹਨ, ਤਾਂ ਉਹ ਵਿਚਾਰਾਂ ਦੇ ਸਰਗਰਮ ਵਿਆਖਿਆਕਾਰ ਹੋਣ ਦੀ ਬਜਾਏ ਸਮੱਗਰੀ ਦੇ ਪੈਸਿਵ ਖਪਤਕਾਰ ਬਣਨ ਦਾ ਜ਼ੋਖਮ ਲੈਂਦੇ ਹਨ। ਬਾਲਗਾਂ ਲਈ,



ਕਿਤਾਬਾਂ ਤੋਂ ਪਿੱਛੇ ਹਟਣ ਨੇ ਜਨਤਕ ਭਾਸ਼ਣ ਨੂੰ ਖੋਖਲਾ ਕਰ ਦਿੱਤਾ ਹੈ। ਇੱਕ ਪੀੜ੍ਹੀ ਜੋ ਪੜ੍ਹਦੀ ਨਹੀਂ ਹੈ, ਉਹ ਖੋਖਲੇ ਵਿਚਾਰਾਂ, ਧਰੁਵੀ ਸੋਚ ਅਤੇ ਗਲਤ ਜਾਣਕਾਰੀ ਪ੍ਰਤੀ ਸੰਵੇਦਨਸ਼ੀਲਤਾ ਦਾ ਸ਼ਿਕਾਰ ਹੁੰਦੀ ਹੈ। ਵਿਅੰਗਾਤਮਕ ਤੌਰ 'ਤੇ, ਉਹੀ ਤਕਨਾਲੋਜੀ ਜਿਸ ਨੂੰ ਪੜ੍ਹਨ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ, ਨੇ ਇਸ ਤੱਕ ਪਹੁੰਚ ਨੂੰ ਵੀ ਲੋਕਤੰਤਰੀ ਬਣਾ ਦਿੱਤਾ ਹੈ। ਈ-ਕਿਤਾਬਾਂ, ਔਨਲਾਈਨ ਲਾਇਬ੍ਰੇਰੀਆਂ, ਅਤੇ ਆਡੀਓਬੁੱਕ ਹੁਣ ਇੱਕ ਬਟਨ ਦੇ ਕਲਿੱਕ 'ਤੇ ਉਪਲਬਧ ਹਨ। ਫਿਰ ਵੀ, ਭਰਪੂਰਤਾ ਰੁਝੇਵਿਆਂ ਵਿਚ ਬਦਲੀ ਨਹੀਂ ਗਈ ਹੈ। ਇਹ ਸਮੱਗਰੀ ਦੀ ਅਣਹੋਂਦ ਨਹੀਂ ਹੈ, ਬਲਕਿ ਅਨੁਸ਼ਾਸਨ ਦਾ ਨੁਕਸਾਨ ਹੈ, ਜਿਸਨੇ ਸੱਭਿਆਚਾਰ ਨੂੰ ਖਤਮ ਕਰ ਦਿੱਤਾ ਹੈ। ਪੜ੍ਹਨ ਲਈ ਸਮਾਂ, ਚੁੱਪ ਅਤੇ ਇਕਾਂਤ ਦੀ ਲੋੜ ਹੁੰਦੀ ਹੈ - ਵਸਤੂਆਂ ਨੂੰ ਵਧਦੀ ਹੋਈ ਐਸ਼ੋ-ਆਰਾਮ ਦੇ ਸਮਾਨ ਵਜੋਂ ਮੰਨਿਆ ਜਾਂਦਾ ਹੈ। ਮਾਪੇ ਅਤੇ ਸਕੂਲ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਅਕਾਦਮਿਕ ਦਬਾਅ ਨੇ ਪੜ੍ਹਨ ਨੂੰ ਸਿਰਫ਼ ਇੱਕ ਕੰਮ-ਕਾਜ ਤੱਕ ਸੀਮਤ ਕਰ ਦਿੱਤਾ ਹੈ - ਅੰਕਾਂ ਲਈ ਪਾਠ-ਪੁਸਤਕਾਂ, ਪ੍ਰੀਖਿਆਵਾਂ ਲਈ ਹਵਾਲਾ ਸਮੱਗਰੀ। ਕਹਾਣੀ ਸੁਣਾਉਣ, ਸਾਹਿਤ ਅਤੇ ਕਲਪਨਾਤਮਕ ਖੋਜ ਨੂੰ ਪਾਸੇ ਕਰ ਦਿੱਤਾ ਗਿਆ ਹੈ। ਘਰ ਵਿਚ, ਮਾਪੇ ਅਕਸਰ ਪੜ੍ਹਨ ਦੀ ਬਜਾਏ ਸਕ੍ਰੀਨ ਦੀ ਲਤ ਨੂੰ ਮਾਡਲ ਕਰਦੇ ਹਨ, ਜਿਸ ਨਾਲ ਬੱਚਿਆਂ ਕੋਲ ਇਸ ਅਲੋਪ ਹੋ ਰਹੀ ਆਦਤ ਲਈ ਕੁਝ ਰੋਲ ਮਾਡਲ ਰਹਿ ਜਾਂਦੇ ਹਨ। ਇਸ ਲਈ ਪੜ੍ਹਨ ਸੱਭਿਆਚਾਰ ਦੀ ਪੁਨਰ ਸੁਰਜੀਤੀ ਸੋਚ-ਸਮਝ ਕੇ ਕੀਤੀ ਜਾਣੀ ਚਾਹੀਦੀ ਹੈ। ਸਕੂਲਾਂ ਨੂੰ ਪਾਠਕ੍ਰਮ ਤੋਂ ਪਰੇ ਪੜ੍ਹਨ ਲਈ ਜਗ੍ਹਾ ਬਣਾਉਣ ਦੀ ਜ਼ਰੂਰਤ ਹੈ, ਜਿੱਥੇ ਕਿਤਾਬਾਂ ਸਾਥੀ ਹੋਣ ਨਾ ਕਿ ਬੋਝ। ਜਨਤਕ ਲਾਇਬ੍ਰੇਰੀਆਂ, ਜੋ ਕਿ ਜ਼ਿਆਦਾਤਰ ਤਿਆਗੀਆਂ ਹੋਈਆਂ ਹਨ, ਨੂੰ ਜੀਵੰਤ ਭਾਈਚਾਰਕ ਕੇਂਦਰਾਂ ਵਜੋਂ ਦੁਬਾਰਾ ਕਲਪਨਾ ਕੀਤੀ ਜਾਣੀ ਚਾਹੀਦੀ ਹੈ। ਪਰਿਵਾਰਕ ਪੱਧਰ 'ਤੇ, ਛੋਟੇ ਕੰਮ-ਸੌਣ ਵੇਲੇ ਪੜ੍ਹਨਾ, ਡਿਜੀਟਲ ਡੀਟੌਕਸ ਘੰਟੇ, ਅਤੇ ਸਾਂਝੀਆਂ ਕਿਤਾਬਾਂ ਬਾਰੇ ਚਰਚਾਵਾਂ ਕਿਤਾਬਾਂ ਦੀ ਨੇੜਤਾ ਨੂੰ ਬਹਾਲ ਕਰ ਸਕਦੀਆਂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਮਾਜ ਨੂੰ ਪੜ੍ਹਨ ਨੂੰ ਪੁਰਾਣੇ ਜ਼ਮਾਨੇ ਦੇ ਮਨੋਰੰਜਨ ਵਜੋਂ ਨਹੀਂ, ਸਗੋਂ ਸੋਚ-ਸਮਝ ਕੇ ਨਾਗਰਿਕਤਾ ਦੀ ਨੀਂਹ ਵਜੋਂ ਮੁੜ ਮੁਲਾਂਕਣ ਕਰਨਾ ਚਾਹੀਦਾ ਹੈ।

# ਗੁਰਿਆਈ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## 6 ਕੱਤਕ ਬਨਾਮ ਕੱਤਕ ਵਦੀ 9

-ਸਰਬਜੀਤ ਸਿੰਘ
sarbjits@gmail.com
ਪੰਜਾਬ ਮੇਲ USA



**ਜੇ ਅਸੀਂ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਦੇ ਹਾਂ, ਤਾਂ ਹਰ ਸਾਲ (ਸਾਲ ਭਾਵ 365 ਦਿਨ) ਉਸੇ ਪ੍ਰਵਿਸ਼ਟੇ ਨੂੰ ਆਵੇਗਾ। ਪਰ ਜੇ ਅਸੀਂ ਵਦੀ-ਸੁਦੀ ਨੂੰ ਮੁੱਖ ਰੱਖਦੇ ਹਾਂ, ਤਾਂ ਇਹ ਦਿਹਾੜਾ ਦੋ-ਤਿੰਨ ਸਾਲ ਤਾਂ 354 ਦਿਨਾਂ ਪਿੱਛੋਂ, ਤੀਜੇ-ਚੌਥੇ ਸਾਲ 384 ਦਿਨਾਂ ਪਿੱਛੋਂ ਆਵੇਗਾ। ਭਾਵ ਪਿਛਲੇ ਸਾਲ ਤੋਂ 11 ਦਿਨ ਪਹਿਲਾਂ ਜਾਂ 18-19 ਦਿਨ ਪਿੱਛੋਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜਕੱਲ੍ਹ ਦੋਵਾਂ ਕੈਲੰਡਰਾਂ ਮੁਤਾਬਕ ਹੀ (354 ਦਿਨਾਂ ਵਾਲਾ ਸਾਲ ਅਤੇ 365 ਦਿਨਾਂ ਵਾਲਾ ਸਾਲ) ਕੈਲੰਡਰ ਛਾਪਦੀ ਹੈ। ਸਾਰੇ ਦਿਹਾੜੇ ਸੂਰਜੀ ਸਾਲ (365 ਦਿਨ) ਮੁਤਾਬਕ ਕਿਉਂ ਨਹੀਂ ਮਨਾ ਸਕਦੇ? ਇਸ ਸਵਾਲ ਦਾ ਤਸੱਲੀਬਖਸ਼ ਜਵਾਬ ਅੱਜ ਤੱਕ ਪੜ੍ਹਨ/ਸੁਣਨ ਨੂੰ ਨਹੀਂ ਮਿਲਿਆ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਧੁਮੱਕੜਸ਼ਾਹੀ ਕੈਲੰਡਰ ਮੁਤਾਬਕ, ਇਸ ਸਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਦਿਵਸ ਅਤੇ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ 30 ਅੱਸੂ (15 ਅਕਤੂਬਰ) ਦਾ ਦਰਜ ਹੈ। ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿਚ ਮੱਤਭੇਦ ਹਨ ਪਰ ਇਨ੍ਹਾਂ ਦੋਵਾਂ ਤਾਰੀਖਾਂ ਬਾਰੇ ਤਕਰੀਨ ਸਾਰੇ ਹੀ ਵਿਦਵਾਨ (ਇਕ-ਦੋ ਨੂੰ ਛੱਡ ਕੇ) ਸਹਿਮਤ ਹਨ। ਉਸ ਵੇਲੇ ਦੇ ਪ੍ਰਚਲਿਤ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ, ਸੂਰਜੀ ਸਿਧਾਂਤ, ਚੇਤ੍ਰਾਦੀ, ਪੂਰਨਮੰਤਾ) ਮੁਤਾਬਕ ਇਤਿਹਾਸ ਨਾਲ ਸਬੰਧਿਤ ਤਾਰੀਖਾਂ ਦੋਵੇਂ ਤਰ੍ਹਾਂ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਲਿਖੀਆਂ ਜਾਂਦੀਆਂ ਸਨ। ਪਰ ਦੋਹਾਂ ਵਿਚ ਫਰਕ ਬਹੁਤ ਹੈ। ਜੇ ਅਸੀਂ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਦੇ ਹਾਂ, ਤਾਂ ਹਰ ਸਾਲ (ਸਾਲ ਭਾਵ 365 ਦਿਨ) ਉਸੇ ਪ੍ਰਵਿਸ਼ਟੇ ਨੂੰ ਆਵੇਗਾ। ਪਰ ਜੇ ਅਸੀਂ ਵਦੀ-ਸੁਦੀ ਨੂੰ ਮੁੱਖ ਰੱਖਦੇ ਹਾਂ, ਤਾਂ ਇਹ ਦਿਹਾੜਾ ਦੋ-ਤਿੰਨ ਸਾਲ ਤਾਂ 354 ਦਿਨਾਂ ਪਿੱਛੋਂ, ਤੀਜੇ-ਚੌਥੇ ਸਾਲ 384 ਦਿਨਾਂ ਪਿੱਛੋਂ ਆਵੇਗਾ। ਭਾਵ ਪਿਛਲੇ ਸਾਲ ਤੋਂ 11 ਦਿਨ ਪਹਿਲਾਂ ਜਾਂ 18-19 ਦਿਨ ਪਿੱਛੋਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜਕੱਲ੍ਹ ਦੋਵਾਂ ਕੈਲੰਡਰਾਂ ਮੁਤਾਬਕ ਹੀ (354 ਦਿਨਾਂ ਵਾਲਾ ਸਾਲ ਅਤੇ 365 ਦਿਨਾਂ ਵਾਲਾ ਸਾਲ) ਕੈਲੰਡਰ ਛਾਪਦੀ ਹੈ। ਸਾਰੇ ਦਿਹਾੜੇ ਸੂਰਜੀ ਸਾਲ (365 ਦਿਨ) ਮੁਤਾਬਕ ਕਿਉਂ ਨਹੀਂ ਮਨਾ ਸਕਦੇ? ਇਸ ਸਵਾਲ ਦਾ ਤਸੱਲੀਬਖਸ਼ ਜਵਾਬ ਅੱਜ ਤੱਕ ਪੜ੍ਹਨ/ਸੁਣਨ ਨੂੰ ਨਹੀਂ ਮਿਲਿਆ।

ਸਿੱਖ ਇਤਿਹਾਸ ਦੇ ਸਾਰੇ ਵਸੀਲੇ ਇਕ ਮੱਤ ਹਨ ਕਿ ਗੁਰੂ ਹਰਿਰਾਏ ਜੀ 6 ਕੱਤਕ, ਕੱਤਕ ਵਦੀ 9 ਸੰਮਤ 1718 ਬਿਕ੍ਰਮੀ ਨੂੰ ਜੋਤੀ ਜੋਤ ਸਮਾਏ ਸਨ। ਇਸ ਦਿਨ ਹੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ ਜਦੋਂ ਅੰਗਰੇਜ਼ੀ ਤਾਰੀਖਾਂ ਲਿਖਣ ਦਾ ਰਿਵਾਜ਼ ਪਿਆ, ਤਾਂ ਇਹ 6 ਅਕਤੂਬਰ 1661 ਈ: (ਜੂਲੀਅਨ) ਲਿਖੀ ਗਈ।

ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਕੀਤੀ ਗਈ ਪੁਸਤਕ, 'ਗੁਰਮਤਿ ਗਿਆਨ' (ਦਰਜਾ ਦੂਜਾ) ਵਿਚ ਦੋਵੇਂ ਦਿਹਾੜਿਆਂ ਦੀ ਤਾਰੀਖ 6 ਅਕਤੂਬਰ 1661 ਈ: ਹੀ ਦਰਜ ਕੀਤੀ ਹੋਈ ਹੈ। ਸ਼੍ਰੋਮਣੀ ਕਮੇਟੀ ਦੀ ਵੈੱਬਸਾਇਟ ਉੱਪਰ, "**Knowing that the end was near, Sri Guru Har Rai Ji installed his younger son Har Krishna as the Eighth Nanak and passed away on Kartik Vadi 9 (5 Kartik), Bikrami Samvat 1718, ( 6th October, 1661) at Kiratpur Sahib.(sgpc.net)** ਇਥੇ ਕੱਤਕ ਵਦੀ 9 ਸੰਮਤ 1718 ਬਿਕ੍ਰਮੀ ਅਤੇ 6 ਅਕਤੂਬਰ 1661 ਈ: (ਜੂਲੀਅਨ) ਤਾਂ ਸਹੀ ਹੈ ਪਰ 5 ਕੱਤਕ ਠੀਕ ਨਹੀਂ। ਇਥੇ 6 ਕੱਤਕ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੀ ਡਾਇਰੀ 1965-66 (ਸਿੱਖ ਕੈਲੰਡਰ) ਵਿਚ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ 7 ਕੱਤਕ/6 ਅਕਤੂਬਰ ਦਰਜ ਹੈ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਗੱਦੀ ਦਿਵਸ, 6 ਕੱਤਕ 7 ਅਕਤੂਬਰ ਦਰਜ ਹੈ।

ਸਿੱਖ ਡਾਇਰੀ 1969 ਵਿਚ ਇਹ ਦੋਵੇ ਦਿਹਾੜੇ 3 ਨਵੰਬਰ ਦੇ ਦਰਜ ਹਨ। 1969 ਈ: ਵਿਚ 3 ਨਵੰਬਰ ਵਾਲੇ ਦਿਨ ਕੱਤਕ ਵਦੀ 9 ਸੀ।

ਕੱਤਕ ਵਦੀ 9, ਕੱਤਕ ਪ੍ਰਵਿਸ਼ਟੇ 5 ਸੰਮਤ 1718 ਬਿ:, 6 ਅਕਤੂਬਰ ਸੰਨ 1661 ਈ: (ਖਾਲਸਾ ਡਾਇਰੀ 1975-76)

ਸ਼੍ਰੋਮਣੀ ਡਾਇਰੀ 1991 ਈ: ਜੋਤੀ ਜੋਤ ਗੁਰੂ ਹਰਿ ਰਾਇ ਜੀ ਕੱਤਕ ਵਦੀ 9, 6 ਅਕਤੂਬਰ ਹੀ ਦਰਜ ਹੈ ਪਰ ਗੁਰਗੱਦੀ ਦਿਵਸ ਗੁਰੂ ਹਰਿਕ੍ਰਿਸ਼ਨ ਜੀ ਕੱਤਕ ਵਦੀ 10, 7 ਅਕਤੂਬਰ ਦਰਜ ਹੈ।

ਸ਼੍ਰੋਮਣੀ ਡਾਇਰੀ 1992 ਈ: ਵਿਚ ਜੋਤੀ ਜੋਤ ਗੁਰੂ ਹਰਿ ਰਾਇ ਜੀ ਕੱਤਕ ਵਦੀ 9, 6 ਅਕਤੂਬਰ ਹੀ ਦਰਜ ਹੈ ਪਰ ਗੁਰਗੱਦੀ ਦਿਵਸ ਗੁਰੂ ਹਰਿਕ੍ਰਿਸ਼ਨ ਜੀ ਕੱਤਕ ਵਦੀ 9, 7 ਅਕਤੂਬਰ ਦਰਜ ਹੈ।

ਨਾਨਕਸ਼ਾਹੀ ਕੈਲੰਡਰ ਦਾ ਬਿਨਾ ਕਿਸੇ ਖਾਸ ਕਾਰਨ ਦੇ, ਸਿਰਫ ਵਿਰੋਧ ਕਰਨ ਲਈ ਵਿਰੋਧ ਕਰਨ ਵਾਲਾ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਵੀ ਇਨ੍ਹਾਂ ਤਾਰੀਖਾਂ (6 ਕੱਤਕ, ਕੱਤਕ ਵਦੀ ਸੰਮਤ 1718 ਬਿਕ੍ਰਮੀ, 6 ਅਕਤੂਬਰ 1666 ਈ:) ਨਾਲ ਸਹਿਮਤ ਹੈ।


ਡਾ. ਸੁਖਦਿਆਨ ਸਿੰਘ ਲਿਖਦਾ ਹੈ, "ਪਰ ਗੁਰੂ ਹਰਿਰਾਇ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਛੋਟੇ ਪੁੱਤਰ ਹਰਿ ਕਰਿਸ਼ਨ ਜੀ ਨੂੰ ਆਪਣਾ ਉਤਰ ਅਧਿਕਾਰੀ ਥਾਪ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਲੀਡਰਸ਼ਿਪ ਦਾ ਸੰਕਟ ਪੈਦਾ ਨਹੀਂ ਹੋਣ ਦਿੱਤਾ। ਇਸੇ ਸਮੇਂ ਦੌਰਾਨ ਗੁਰੂ ਹਰਿਰਾਇ ਜੀ 31 ਸਾਲਾਂ ਦੀ ਭਰ ਜੁਆਨੀ ਦੀ ਉਮਰ ਵਿਚ 6 ਅਕਤੂਬਰ 1661 ਈ: ਨੂੰ ਜੋਤੀ ਜੋਤ ਸਮਾ ਗਏ"। (ਪੰਨਾ 187)

ਡਾ. ਹਰਜਿੰਦਰ ਸਿੰਘ ਦਿਲਗੀਰ ਵੀ 6 ਅਕਤੂਬਰ 1661 ਈ: ਨਾਲ ਸਹਿਮਤ ਹੈ।

ਦਮਦਮੀ ਟਕਸਾਲ ਦੀ ਵੱਡ ਅਕਾਰੀ ਪੁਸਤਕ 'ਗੁਰਬਾਣੀ ਪਾਠ ਦਰਪਣ' ਵਿਚ ਕੱਤਕ ਵਦੀ 9 ਸੰਮਤ 1718 ਬਿਕ੍ਰਮੀ, ਤਾਂ ਠੀਕ ਹੈ ਪਰ ਹੋਰ ਬਹੁਤ ਸਾਰੀਆਂ ਤਾਰੀਖਾਂ ਵਾਗੂੰ, ਅੰਗਰੇਜ਼ੀ ਤਾਰੀਖ ਲਿਖਣ ਵੇਲੇ ਇਥੇ ਵੀ ਉਹੀ ਗਲਤੀ ਕੀਤੀ ਹੋਈ ਹੈ। ਕੱਤਕ ਵਦੀ 9 ਸੰਮਤ 1718 ਬਿਕ੍ਰਮੀ, 8 ਨਵੰਬਰ 1661 ਈ: ਲਿਖੀ ਹੋਈ ਹੈ। ਹੁਣ ਜੇ 8 ਨਵੰਬਰ 1661 ਈ: (ਜੂਲੀਅਨ) ਨੂੰ ਮੁੱਖ ਰੱਖ ਕੇ ਵੇਖੀਏ, ਤਾਂ ਇਹ 9 ਮੱਘਰ, ਮੱਘਰ ਵਦੀ 12, ਸੰਮਤ 1718 ਬਿਕ੍ਰਮੀ, ਦਿਨ ਸ਼ੁੱਕਰਵਾਰ ਬਣਦੀ ਹੈ। ਅਜਿਹੀ ਗਲਤੀ ਟਕਸਾਲ ਸਮੇਤ ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਕੀਤੀ। ਇਸ ਦਾ ਕਾਰਨ ਇਹ ਹੈ ਕਿ ਕੱਤਕ ਵਦੀ 9 ਨੂੰ ਅੰਗਰੇਜ਼ੀ ਤਾਰੀਖ ਵਿਚ ਬਦਲੀ ਕਰਨ ਵੇਲੇ ਮੌਜੂਦਾ ਸਾਲ ਦੀ ਜੰਤਰੀ ਨਹੀਂ, ਬਲਕਿ ਸੰਮਤ 1718 ਬਿਕ੍ਰਮੀ ਦੀ ਜੰਤਰੀ ਵੇਖਣੀ ਪਵੇਗੀ। ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜਦੋਂ 'ਗੁਰਬਾਣੀ ਪਾਠ ਦਰਪਣ' ਦੇ ਲਿਖਾਰੀ ਨੇ ਇਹ ਕਿਤਾਬ ਲਿਖੀ ਗਈ ਹੋਵੇਗੀ, ਉਨ੍ਹਾਂ ਉਸ ਸਾਲ ਦੀ ਜੰਤਰੀ ਵੇਖ ਲਈ ਹੋਵੇ। ਕੱਤਕ ਵਦੀ 9 ਵਾਲੇ ਦਿਨ 8 ਨਬੰਵਰ, 1955 ਈ: ਵਿਚ ਆਈ ਸੀ। ਹੋ ਸਕਦਾ ਹੈ ਟਕਸਾਲ ਨੇ ਗੁਰਪ੍ਰਨਾਲੀ 1955 ਈ: ਵਿਚ ਤਿਆਰ ਕੀਤੀ ਹੋਵੇ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ-ਜੋਤ ਪੁਰਬ ਬਿਕ੍ਰਮੀ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਸੰਮਤ 548 ਤੋਂ 557 ਦੌਰਾਨ ਹੇਠਾਂ ਦਿੱਤੇ ਟੇਬਲ ਅਨੁਸਾਰ ਆਇਆ :

| ਸੰਮਤ ਨ:ਸ: | ਬਿਕ੍ਰਮੀ ਕੈਲੰਡਰ | ਨਾਨਕਸ਼ਾਹੀ ਕੈਲੰਡਰ |
|---|---|---|
| 548 | 9 ਕੱਤਕ | 6 ਕੱਤਕ |
| 549 | 28 ਅੱਸੂ | 6 ਕੱਤਕ |
| 550 | 17 ਕੱਤਕ | 6 ਕੱਤਕ |
| 551 | 6 ਕੱਤਕ | 6 ਕੱਤਕ |
| 552 | 24 ਕੱਤਕ | 6 ਕੱਤਕ |
| 553 | 14 ਕੱਤਕ | 6 ਕੱਤਕ |
| 554 | 3 ਕੱਤਕ | 6 ਕੱਤਕ |
| 555 | 21 ਕੱਤਕ | 6 ਕੱਤਕ |
| 556 | 9 ਕੱਤਕ | 6 ਕੱਤਕ |
| 557 | 30 ਅੱਸੂ | 6 ਕੱਤਕ |




ਡਾ. ਤ੍ਰਿਲੋਚਨ ਸਿੰਘ ਜੀ ਲਿਖਦੇ ਹਨ, "A day before the Dussehra festival Guru Hari Rai announced that Hari Krishan would be installed his successor and the Eighth Guru of the Sikh Community, the next day.

Early the next morning, Asu Vadi 10, Samvat 1718, 23rd September 1661 A.D. prayers were performed and a large congregation sang Psalms and Hymns for the joyful occasion. A special durbar was held in the place known as Takhat Asthan in Kiratpur...Thus Sri Hari Krishan was installed the Guru on 23rd September 1661"? (Life of Guru Hari Krishan, Page 86)

ਹੁਣ ਇਥੇ ਸਾਡੇ ਸਾਹਮਣੇ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਦਿਹਾੜੇ ਦੀ ਇਕ ਨਵੀਂ ਤਾਰੀਖ ਅੱਸੂ ਵਦੀ 10, ਸੰਮਤ 1718 ਬਿਕ੍ਰਮੀ 23 ਸਤੰਬਰ 1661 ਈ: (ਜੂਲੀਅਨ) ਆ ਗਈ ਹੈ। ਗੁਰੂ ਹਰਿਰਾਏ ਜੀ ਵੱਲੋਂ ਆਪਣੇ ਉੱਤਰ ਅਧਿਕਾਰੀ ਦਾ ਐਲਾਨ, ਦੁਸਹਿਰੇ ਤੋਂ ਇਕ ਦਿਨ ਪਹਿਲਾ ਭਾਵ ਅੱਸੂ ਵਦੀ 9, 22 ਸਤੰਬਰ 1661 ਈ: ਨੂੰ ਕੀਤਾ ਗਿਆ ਸੀ। ਹੁਣ ਜੇ ਅੱਸੂ ਵਦੀ 10 ਸੰਮਤ 1718 ਬਿਕ੍ਰਮੀ ਨੂੰ ਜੂਲੀਅਨ ਵਿਚ ਬਦਲੀ ਕਰੀਏ, ਤਾਂ ਇਹ 8 ਸਤੰਬਰ ਬਣਦੀ 1661 ਈ: ਬਣਦੀ ਹੈ। ਜੇ 23 ਸਤੰਬਰ 1661 ਈ: (ਜੂਲੀਅਨ) ਨੂੰ ਬਿਕ੍ਰਮੀ ਵਿਚ ਬਦਲੀ ਕਰੀਏ ਤਾਂ ਇਹ ਅੱਸੂ ਸੁਦੀ 10 ਸੰਮਤ 1718 ਬਿਕ੍ਰਮੀ ਬਣਦੀ ਹੈ। ਇਥੇ ਡਾ. ਤ੍ਰਿਲੋਚਨ ਸਿੰਘ ਦੀ ਕੈਲੰਡਰ ਬਾਰੇ ਜਾਣਕਾਰੀ ਦਾ ਪਤਾ ਲੱਗਦਾ ਹੈ। ਉਹ ਅੱਸੂ ਵਦੀ 10 ਅਤੇ ਅੱਸੂ ਸੁਦੀ 10 ਦੇ ਅੰਤਰ ਨੂੰ ਸਮਝਣ ਤੋਂ ਅਸਮਰੱਥ ਹਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਦੁਸਹਿਰਾ ਅੱਸੂ ਵਦੀ 10 ਨੂੰ ਹੁੰਦਾ ਹੈ ਜਾਂ ਅੱਸੂ ਸੁਦੀ 10 ਨੂੰ? ਹੁਣ ਇਥੇ ਇਕ ਹੋਰ ਸਵਾਲ ਸਾਹਮਣੇ ਆ ਖੜ੍ਹਾ ਹੋਇਆ ਹੈ ਕਿ ਅੱਸੂ ਵਦੀ 10 ਤੋਂ ਕੱਤਕ ਵਦੀ 9 ਤੀਕ, ਕਿਹੜੇ ਗੁਰੂ ਸਾਹਿਬ ਜੀ ਬਿਰਾਜਮਾਨ ਸਨ?

ਬਹੁਤ ਸਾਰੇ ਲੋਕ ਡਾ. ਤਰਲੋਚਨ ਸਿੰਘ ਨੂੰ ਵੱਡਾ ਇਤਿਹਾਸਕਾਰ ਮੰਨੀ ਬੈਠੇ ਹਨ ਅਤੇ ਉਨ੍ਹਾਂ ਦਾ ਪੁੱਤਰ ਹੋਣ ਦੇ ਨਾਤੇ ਤੁੱਕਾਕਾਰ ਅਨੁਰਾਗ ਸਿੰਘ ਵੀ ਆਪਣੇ ਆਪ ਨੂੰ ਖਾਨਦਾਨੀ ਇਤਿਹਾਸਕਾਰ ਹੋਣ ਦਾ ਭਰਮ ਪਾਲ੍ਹੀ ਬੈਠਾ ਹੈ। ਅਖੇ ਨਾਨਕਸ਼ਾਹੀ ਕੈਲੰਡਰ ਸਿੱਖ ਇਤਿਹਾਸ ਵਿਗਾੜ ਰਿਹਾ ਹੈ। ਹੁਣ ਸੂਝਵਾਨ ਸੱਜਣਾਂ ਲਈ ਸੋਚਣ ਦਾ ਵਿਸ਼ਾ ਹੈ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀਆਂ ਵਦੀ-ਸੁਦੀ ਦੀਆਂ ਤਿੱਥਾਂ ਦੇ ਅੰਤਰ ਤੋਂ ਕੋਰੇ ਪਰ ਇਸ ਨੂੰ 'ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਮੰਨਣ ਵਾਲੇ ਤੁੱਕਾਕਾਰਾਂ ਕਾਰਨ ਇਤਿਹਾਸ ਵਿਗੜ ਰਿਹਾ ਹੈ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 'ਤੇ ਆਧਾਰਿਤ, ਨਾਨਕਸ਼ਾਹੀ ਕੈਲੰਡਰ ਕਾਰਨ?

ਉਪਰੋਕਤ ਸਾਰੇ ਹਵਾਲਿਆਂ ਵਿਚ (ਡਾ. ਤ੍ਰਿਲੋਚਨ ਸਿੰਘ ਤੋਂ ਬਿਨਾ) ਗੁਰਿਆਈ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੱਤਕ ਵਦੀ 9, 6 ਅਕਤੂਬਰ 1661 ਈ: ਤਾਰੀਖ ਸਾਂਝੀ ਹੈ। ਇਸੇ ਦਿਨ ਹੀ 6 ਕੱਤਕ ਸੀ। ਜੋ ਕਿ ਨਾਨਕਸ਼ਾਹੀ ਕੈਲੰਡਰ ਵਿਚ ਦਰਜ ਹੈ। ਦੱਸੋ ਕਿ ਇਤਿਹਾਸ ਕਿਵੇਂ ਵਿਗੜ ਗਿਆ? ਖਾਨਦਾਨੀ ਤੁਕਾਕਾਰਾ ਲਿਖਦਾ ਹੈ, "ਸ਼ੁਧ ਤਾਰੀਕਾਂ ਨੂੰ ਕਰੂਪ ਕਰਕੇ 15-18 ਦਿਨਾਂ ਦਾ ਫਰਕ ਪਾ ਦਿੱਤਾ ਹੈ" (ਮੂਲ ਸਿੱਖ ਕੈਲੰਡਰ - ਪੰਨਾ 9)

ਅੱਜ ਦਾ ਸਵਾਲ; ਜੇ ਹਰ ਸਾਲ ਸੂਰਜੀ ਕੈਲੰਡਰ ਮੁਤਾਬਕ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਿਆਈ ਦਿਵਸ ਅਤੇ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ, 6 ਕੱਤਕ ਨੂੰ ਹੀ ਮਨਾਇਆ ਜਾਵੇ, ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਨਿਯਮ ਦੀ ਅਵੱਗਿਆ ਹੁੰਦੀ ਹੈ? ਇਹ ਦੋਵੇਂ ਦਿਹਾੜੇ ਸੰਮਤ 551 ਨਾਨਕਸ਼ਾਹੀ ਵਿਚ 6 ਕੱਤਕ ਨੂੰ ਮਨਾਉਣ ਨਾਲ ਜੇ ਭੁਚਾਲ ਨਹੀਂ ਆਇਆ, ਤਾਂ ਹਰ ਸਾਲ ਇਹ ਦਿਹਾੜੇ 6 ਕੱਤਕ ਨੂੰ ਮਨਾਉਣ ਨਾਲ ਕਿਹੜੀ ਸੁਨਾਮੀ ਆ ਜਾਵੇਗੀ?

# ਜੋਬਨ ਰੁੱਤੇ ਤੁਰ ਗਿਆ ਗਾਇਕ ਰਾਜਵੀਰ ਸਿੰਘ ਜਵੰਦਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਪੰਜਾਬੀ ਸੱਭਿਆਚਾਰ ਦਾ ਚਮਕਦਾ ਸਿਤਾਰਾ ਅਚਾਨਕ ਢੱਠਿਆਂ ਦੇ ਭੇੜ ਦਾ ਸ਼ਿਕਾਰ ਹੋ ਕੇ ਅਲੋਪ ਹੋ ਗਿਆ, ਪ੍ਰੰਤੂ ਉਸਦੀ ਸੰਗੀਤਕ ਸੁਰ ਦੀ ਰੌਸ਼ਨੀ ਰਹਿੰਦੀ ਦੁਨੀਆਂ ਤੱਕ ਬਰਕਰਾਰ ਰਹੇਗੀ। ਰਾਜਵੀਰ ਦਾ ਪਹਿਰਾਵਾ ਅਤੇ ਗੀਤ-ਸੰਗੀਤ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਸਨ। ਸੰਸਾਰ ਵਿਚ ਵਸ ਰਹੇ ਲੱਖਾਂ ਪੰਜਾਬੀਆਂ ਦੀਆਂ ਦੁਆਵਾਂ ਵੀ ਰਾਜਵੀਰ ਸਿੰਘ ਜਵੰਦਾ ਨੂੰ ਬਚਾ ਨਹੀਂ ਸਕੀਆਂ। 27 ਸਤੰਬਰ 2025 ਨੂੰ ਹਿਮਾਚਲ ਪ੍ਰਦੇਸ਼ ਵਿਚ ਬਦੀ ਨੇੜੇ ਆਪਣੇ ਦੋਸਤਾਂ ਨਾਲ ਟ੍ਰੈਕਿੰਗ 'ਤੇ ਜਾਂਦੇ ਹੋਏ ਇੱਕ ਅਵਾਰਾ ਪਸ਼ੂ ਨਾਲ ਟਕਰਾਉਣ ਤੋਂ ਬਾਅਦ ਭਿਆਨਕ ਸੜਕੀ ਹਾਦਸਾ ਹੋਇਆ ਸੀ। ਇਸ ਕਲਹਿਣੇ ਦਿਨ ਤੋਂ ਬਾਅਦ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਰਾਜਵੀਰ ਸਿੰਘ ਜਵੰਦਾ 11 ਦਿਨਾਂ ਤੋਂ ਬਾਅਦ ਅਖ਼ੀਰ ਜ਼ਿੰਦਗੀ ਦੀ ਲੜਾਈ ਹਾਰ ਗਿਆ ਹੈ। ਸੰਗੀਤ ਪ੍ਰੇਮੀਆਂ ਨੂੰ ਉਸਦੇ ਤੰਦਰੁਸਤ ਹੋਣ ਦੀ ਆਸ ਬੱਝੀ ਹੋਈ ਸੀ, ਕਿਉਂਕਿ ਅਣਗਿਣਤ ਲੋਕਾਂ ਦੀਆਂ ਦੁਆਵਾਂ ਵਾਹਿਗੁਰੂ ਅੱਗੇ ਉਸਦੇ ਸਿਹਤਯਾਬ ਹੋਣ ਲਈ ਅਰਦਾਸਾਂ ਕਰ ਰਹੀਆਂ ਸਨ। ਇਕੱਲਾ ਰਾਜਵੀਰ ਸਿੰਘ ਜਵੰਦਾ ਦਾ ਪਰਿਵਾਰ ਹੀ ਨਹੀਂ, ਸਗੋਂ ਗੀਤ-ਸੰਗੀਤ ਨੂੰ ਪ੍ਰੇਮ ਕਰਨ ਵਾਲਾ ਹਰ ਵਿਅਕਤੀ ਉਸਦੇ ਤੁਰ ਜਾਣ ਤੋਂ ਬਾਅਦ ਆਪਣੇ ਆਪਨੂੰ ਬੇਬਸ ਤੇ ਠੱਗਿਆ ਮਹਿਸੂਸ ਕਰ ਰਿਹਾ ਹੈ। ਸਮੁੱਚਾ ਸੰਗੀਤਕ ਜਗਤ ਰਾਜਵੀਰ ਜਵੰਦਾ ਦੇ ਸਵਰਗਵਾਸ ਹੋਣ ਦੀ ਖ਼ਬਰ ਸੁਣਕੇ ਸੋਗ ਵਿਚ ਡੁੱਬ ਗਿਆ ਹੈ। ਉਸਦੀ ਸੁਰੀਲੀ ਤੇ ਸਾਫ਼ ਸੁਥਰੀ ਲੋਕ ਗਾਇਕੀ ਕਰਕੇ ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਵੱਸਿਆ ਹੋਇਆ ਸੀ। ਜਿਸ ਦਿਨ ਤੋਂ ਉਸਦੇ ਹਾਦਸੇ ਦਾ ਪਤਾ ਲੱਗਾ ਸੀ, ਲਗਪਗ ਹਰ ਵਰਗ ਦੇ ਲੋਕਾਂ ਦੀਆਂ ਭਾਵਨਾਵਾਂ ਰਾਜਵੀਰ ਸਿੰਘ ਜਵੰਦਾ ਦੀ ਸਿਹਤਯਾਬੀ ਨਾਲ ਜੁੜ ਗਈਆਂ। ਮੈਂ ਆਪਣੀ 77 ਸਾਲ ਦੀ ਉਮਰ ਵਿਚ ਕਿਸੇ ਗਾਇਕ ਦੀ ਤੰਦਰੁਸਤੀ ਲਈ ਐਨੇ ਲੋਕ ਦੁਆਵਾਂ ਕਰਦੇ ਨਹੀਂ ਵੇਖੇ। ਸੰਸਾਰ ਦੇ ਹਰ ਖਿੱਤੇ ਵਿਚ ਲੋਕ ਉਸਦੀ ਸਿਹਤਯਾਬੀ ਲਈ ਦੁਆਵਾਂ ਕਰ ਰਹੇ ਸਨ। ਉਸਨੂੰ ਭਾਵੇਂ ਕੋਈ ਕਦੀਂ ਮਿਲਿਆ ਹੋਵੇ ਤੇ ਭਾਵੇਂ ਨਾ ਵੀ ਮਿਲਿਆ ਹੋਵੇ, ਪ੍ਰੰਤੂ ਉਹ ਰਾਜਵੀਰ ਸਿੰਘ ਜਵੰਦਾ ਦੀ ਜਲਦੀ ਤੰਦਰੁਸਤੀ ਦੀ ਦੁਆ ਕਰ ਰਿਹਾ ਸੀ। ਰਾਜਵੀਰ ਸਿੰਘ ਜਵੰਦਾ ਦੇ ਤੁਰ ਜਾਣ ਨਾਲ ਸਮੁੱਚੀ ਮਾਨਵਤਾ ਨੂੰ ਧੱਕਾ ਲੱਗਾ ਹੈ। ਅੱਜ ਗੀਤ-ਸੰਗੀਤ ਨੂੰ ਪਿਆਰ ਕਰਨ ਵਾਲੇ ਹਰ ਇਨਸਾਨ ਦੀ ਅੱਖ ਵਿਚ ਹੰਝੂਆਂ ਦੀ ਝੜੀ ਲੱਗੀ ਹੋਈ ਹੈ। ਰਾਜਵੀਰ ਸਿੰਘ ਜਵੰਦਾ ਦੇ ਸਵਰਗਵਾਸ ਹੋ ਜਾਣ ਦੀ ਮਨਹੂਸ ਖ਼ਬਰ ਨੇ ਪੰਜਾਬੀਆਂ ਨੂੰ ਝੰਜੋੜਕੇ ਰੱਖ ਦਿੱਤਾ ਹੈ। ਉਹ ਕਿਹੜਾ ਇਨਸਾਨ ਹੈ, ਜਿਸਦੀ ਅੱਖ ਨਮ ਨਹੀਂ ਹੋਈ। ਸੋਹਣਾ, ਸੁਨੱਖਾ, ਸੁਡੌਲ, ਹੁੰਦੜਹੇਲ, ਚੁਸਤ-ਫੁਰਸਤ, ਤਿੱਖੇ ਨੈਣ-ਨਕਸ਼ ਵਾਲਾ, ਮਿੱਠਬੋਲੜਾ ਰਾਜਵੀਰ ਜਵੰਦਾ ਅਜੇ ਵੀ ਅੱਖਾਂ ਅੱਗੇ ਉਸੇ ਤਰ੍ਹਾਂ ਗਾਉਂਦਾ ਤੇ ਵਿਚਰਦਾ ਵਿਖਾਈ ਦੇ ਰਿਹਾ ਹੈ। ਭਾਵੇਂ ਉਹ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ ਹੈ, ਪ੍ਰੰਤੂ ਦਿਲ ਨੂੰ ਯਕੀਨ ਨਹੀਂ ਆ ਰਿਹਾ। ਅਜੇ ਤਾਂ ਉਸਨੇ ਨਵੇਂ ਕੀਰਤੀਮਨ ਸਥਾਪਤ ਕਰਨੇ ਸਨ। ਭਰ ਜਵਾਨੀ ਵਿਚ ਬਿਨ ਖਿੜਿਆਂ ਬਹੁ ਰੰਗਾ ਖ਼ੁਸ਼ਬੋਆਂ ਵੰਡਦਾ ਫੁੱਲ ਡਾਲੀ ਨਾਲੋਂ ਟੁੱਟ ਗਿਆ ਹੈ। ਸੰਗੀਤ ਰੂਹ ਦੀ ਖ਼ੁਰਾਕ ਹੁੰਦਾ ਹੈ। ਰਾਜਵੀਰ ਸਿੰਘ ਜਵੰਦਾ ਦੇ ਗੀਤ ਸਾਫ਼-ਸੁਥਰੇ ਘਰ ਪਰਿਵਾਰ ਵਿਚ ਬੈਠਕੇ ਸੁਣੇ ਜਾ ਸਕਦੇ ਹਨ। ਬਹੁਤੇ ਗੀਤ ਉਹ ਆਪ ਹੀ ਲਿਖਦਾ ਤੇ ਆਪ ਹੀ ਗਾਉਂਦਾ ਸੀ। ਰਾਜਵੀਰ ਸਿੰਘ ਜਵੰਦਾ ਨੇ ਸੰਸਾਰ ਵਿਚ ਪੰਜਾਬੀ ਗਾਇਕੀ ਨਾਲ ਆਪਣਾ ਨਾਮ ਬਣਾਇਆ ਅਤੇ ਦੇਸ਼-ਵਿਦੇਸ਼ ਵਿਚ ਛਾਇਆ ਰਿਹਾ। ਉਹ ਇੱਕ ਅਜਿਹਾ ਗਾਇਕ ਸੀ, ਜਿਸਦੇ ਲਗਪਗ ਹਰ ਰੋਜ਼ ਪ੍ਰੋਗਰਾਮ ਲੱਗਦੇ ਰਹਿੰਦੇ ਸਨ।

ਉਸਦੀ ਇਕ ਹੋਰ ਵਿਲੱਖਣਤਾ ਸੀ ਕਿ ਉਸਨੇ ਕਦੇ ਵੀ ਕੋਈ ਗੰਨਮੈਨ ਨਹੀਂ ਰੱਖਿਆ ਸੀ। ਹਮੇਸ਼ਾ ਇਕੱਲਾ ਹੀ ਘੁੰਮਦਾ ਰਹਿੰਦਾ ਸੀ। ਉਸਦਾ ਕਿਸੇ ਵੀ ਕਲਾਕਾਰ ਜਾਂ ਗਾਇਕ ਨਾਲ ਕੋਈ ਵਿਰੋਧ ਨਹੀਂ ਸੀ। ਉਹ ਕਦੀਂ ਵੀ ਕਿਸੇ ਵਾਦ-ਵਿਵਾਦ ਵਿਚ ਨਹੀਂ ਪਿਆ। ਆਮ ਤੌਰ 'ਤੇ ਵੱਡੇ ਕਲਾਕਾਰਾਂ ਨਾਲ ਵਾਦ-ਵਿਵਾਦ ਜੁੜਦੇ ਰਹਿੰਦੇ ਹਨ। ਇਤਨੀ ਛੋਟੀ ਉਮਰ ਵਿਚ ਹੀ ਨਾਮਣਾ ਖੱਟ ਗਿਆ, ਇਹੋ ਉਸਦੀ ਕਮਾਈ ਹੈ। ਰਾਜਵੀਰ ਸਿੰਘ ਜਵੰਦਾ ਦੀ ਹਰਮਨ ਪਿਆਰਤਾ ਅਤੇ ਕਲਾਕਾਰਾਂ ਤੇ ਗਾਇਕਾਂ ਨਾਲ ਪਿਆਰ ਦਾ ਪ੍ਰਗਟਾਵਾ ਉਸਦੇ ਇਸ ਸੰਸਾਰ ਤੋਂ ਜਾਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਪੰਜਾਬ ਦਾ ਹਰ ਵੱਡਾ ਗਾਇਕ ਤੇ ਕਲਾਕਾਰ ਤੁਰੰਤ ਹਸਪਤਾਲ ਅਤੇ ਉਸਦੇ ਪਿੰਡ ਪਹੁੰਚ ਗਿਆ ਹੈ। ਇਹ ਹੀ ਰਾਜਵੀਰ ਸਿੰਘ ਜਵੰਦਾ ਦੀ ਸ਼ੋਹਰਤ ਦੀ ਨਿਸ਼ਾਨੀ ਹੈ।

ਪੁਲਿਸ ਦੀ ਨੌਕਰੀ ਵੀ ਉਸਨੂੰ ਰਾਸ ਨਹੀਂ ਆਈ, ਹਾਲਾਂਕਿ ਪੁਲਿਸ ਵਿਭਾਗ ਦੇ ਅਧਿਕਾਰੀ ਉਸਨੂੰ ਨੌਕਰੀ ਛੱਡਣ ਤੋਂ ਰੋਕਦੇ ਰਹੇ। ਇਸੇ ਕਰਕੇ ਉਸਦਾ ਅਸਤੀਫ਼ਾ ਲੰਬਾ ਸਮਾਂ ਦਫ਼ਤਰੀ ਝਮੇਲਿਆਂ ਵਿਚ ਪਿਆ ਰਿਹਾ। ਰਾਜਵੀਰ ਸਿੰਘ ਜਵੰਦਾ 11 ਦਿਨ ਫੋਰਟੀਜ਼ ਹਸਪਤਾਲ ਵਿਚ ਦਾਖ਼ਲ ਰਿਹਾ, ਉਸਦੀ ਤੰਦਰੁਸਤੀ ਦੀ ਖ਼ਬਰ ਲੈਣ ਵਾਲੇ ਲੋਕਾਂ ਦਾ ਤਾਂਤਾ ਲੱਗਿਆ ਰਿਹਾ। ਇਕੱਲੇ ਸੰਗੀਤਕਾਰ ਹੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੇ ਲੋਕ ਹਸਪਤਾਲ ਪਹੁੰਚਦੇ ਰਹੇ। ਇਥੋਂ ਤੱਕ ਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਨੇਤਾ ਉਸਦੀ ਖ਼ਬਰ ਲੈਣ ਲਈ ਪਹੁੰਚੇ ਸਨ। ਪੰਜਾਬ ਦੇ ਮੁੱਖ ਮੰਤਰੀ ਜੋ ਖੁਦ ਕਲਾਕਾਰ ਹਨ, ਉਹ ਵੀ ਹਸਪਤਾਲ ਪਹੁੰਚੇ ਸਨ। ਜੇਕਰ ਸਿਆਸਤਦਾਨ ਇਤਨੇ ਹੀ ਚਿੰਤਾਤੁਰ ਹਨ, ਤਾਂ ਉਹ ਅਵਾਰਾ ਪਸ਼ੂਆਂ ਦਾ ਕੋਈ ਸਾਰਥਿਕ ਪ੍ਰਬੰਧ ਕਿਉਂ ਨਹੀਂ ਕਰਦੇ। ਅਵਾਰਾ ਪਸ਼ੂਆਂ ਕਰਕੇ ਹਜ਼ਾਰਾਂ ਵਿਅਕਤੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਇਸ ਲਈ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਮਿਲ ਬੈਠਕੇ ਕੋਈ ਅਜਿਹੀ ਨੀਤੀ ਬਣਾਉਣੀ ਚਾਹੀਦੀ, ਤਾਂ ਜੋ ਅਵਾਰਾ ਪਸ਼ੂ ਸੜਕਾਂ 'ਤੇ ਨਾ ਆ ਸਕਣ। ਲਗਪਗ ਦੇਸ਼ ਦੀਆਂ ਸਾਰੀਆਂ ਸਰਕਾਰਾਂ ਗਊ ਸੈਸ ਲੋਕਾਂ ਤੋਂ ਲੈਂਦੀਆਂ ਹਨ, ਫਿਰ ਪਸ਼ੂਆਂ ਦਾ ਇੰਤਜ਼ਾਮ ਕਿਉਂ ਨਹੀਂ ਕਰਦੀਆਂ?

ਰਾਜਵੀਰ ਜਵੰਦਾ ਦਾ ਜਨਮ ਕਰਮ ਸਿੰਘ ਜਵੰਦਾ ਦੇ ਘਰ ਮਾਤਾ ਪਰਮਜੀਤ ਕੌਰ ਦੀ ਕੁੱਖੋਂ 20 ਮਈ 1987 ਨੂੰ ਲੁਧਿਆਣਾ ਜ਼ਿਲ੍ਹੇ ਵਿਚ ਜਗਰਾਉਂ ਦੇ ਨਜ਼ਦੀਕ ਪਿੰਡ ਪੋਨਾ ਵਿਖੇ ਹੋਇਆ ਸੀ। ਉਹ ਆਪਣੇ ਪਿੱਛੇ ਆਪਣੀ ਮਾਤਾ ਪਰਮਜੀਤ ਕੌਰ, ਪਤਨੀ ਅਸ਼ਵਿੰਦਰ ਕੌਰ, ਪੁੱਤਰੀ ਹੇਮੰਤ ਕੌਰ, ਪੁੱਤਰ ਦਿਲਾਵਰ ਸਿੰਘ ਤੇ ਭੈਣ ਕਮਲਜੀਤ ਕੌਰ ਤੋਂ ਇਲਾਵਾ ਬਜ਼ੁਰਗ ਦਾਦੀ ਨੂੰ ਛੱਡ ਗਿਆ ਹੈ। ਉਸਦਾ ਪਿਤਾ 2021 ਵਿਚ ਸਵਰਗਵਾਸ ਹੋ ਗਿਆ ਸੀ। ਸਕੂਲੀ ਪੜ੍ਹਾਈ ਉਸਨੇ ਸਨਮਤੀ ਵਿਮਲ ਜੈਨ ਸਕੂਲ ਜਗਰਾਉਂ ਤੋਂ ਕੀਤੀ। ਉਸਤੋਂ ਬਾਅਦ ਬੀ.ਏ. ਲਾਲਾ ਲਾਜਪਤ ਰਾਇ ਕਾਲਜ ਜਗਰਾਉਂ ਤੋਂ ਪਾਸ ਕੀਤੀ। ਮਹਿਜ ਗਿਆਰਾਂ ਸਾਲ ਦੀ ਉਮਰ ਵਿਚ ਹੀ ਉਸਨੇ ਗਾਉਣਾ ਸ਼ੁਰੂ ਕਰ ਦਿੱਤਾ ਸੀ। ਸਕੂਲ ਦੀਆਂ ਸੱਭਿਆਚਾਰਕ ਸਰਗਰਮੀਆਂ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਉਹ ਆਪਣੇ ਦਾਦਾ ਨਾਲ ਕਵੀਸ਼ਰੀ ਸੁਣਨ ਜਾਂਦਾ ਰਿਹਾ, ਨਗਰ ਕੀਰਤਨ ਅਤੇ ਗੁਰੂ ਘਰ ਦੇ ਪ੍ਰੋਗਰਾਮਾਂ ਵਿਚ ਰਾਗੀਆਂ ਦੇ ਕੋਲ ਬੈਠਕੇ ਕੀਰਤਨ ਸੁਣਦਾ ਹੁੰਦਾ ਸੀ। ਇਸ ਕਰਕੇ ਸਕੂਲ ਦੀ ਪੜ੍ਹਾਈ ਦੌਰਾਨ ਹੀ ਉਸਨੇ ਉਸਤਾਦ ਲਾਲੀ ਖ਼ਾਨ ਕੋਲੋਂ ਗਾਇਕੀ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ ਸੀ। 10 ਸਾਲ ਉਹ ਸੰਗੀਤਕ ਜਗਤ ਵਿਚ ਸਥਾਪਤ ਹੋਣ ਲਈ ਜੱਦੋ-ਜਹਿਦ ਕਰਦਾ ਰਿਹਾ। 10 ਸਾਲ ਤੋਂ ਬਾਅਦ ਉਹ ਐਸਾ ਸਥਾਪਤ ਹੋਇਆ ਕਿ ਲੋਕਾਂ ਨੇ ਉਸਦੀ ਗਾਇਕੀ ਨੂੰ ਪ੍ਰਵਾਨ ਕਰਕੇ ਉਸਨੂੰ ਆਪਣੀਆਂ ਅੱਖਾਂ ਦਾ ਤਾਰਾ ਬਣਾ ਲਿਆ। ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਕਾਇਲ ਹੋਣ ਕਰਕੇ ਉਸਨੇ ਤੂੰਬੀ ਵਜਾਉਣੀ ਅਤੇ ਪੱਗ ਬੰਨਣੀ ਆਪਣੇ ਪਿਤਾ ਤੋਂ ਸਿੱਖੀ ਸੀ। ਕਾਲਜ ਸਮੇਂ ਇੰਟਰ ਕਾਲਜ ਯੂਥ ਫ਼ੈਸਟੀਵਲਾਂ ਦਾ ਸ਼ਿੰਗਾਰ ਹੁੰਦਾ ਸੀ। ਸੁਭਾਅ ਦਾ ਬਹੁਤ ਨਰਮ ਅਤੇ ਮੁਹੱਬਤੀ ਵਿਦਿਆਰਥੀ ਸੀ। ਯੂਥ ਫ਼ੈਸਟੀਵਲਾਂ ਵਿਚ ਰਾਜਵੀਰ ਸਿੰਘ ਜਵੰਦਾ ਨੇ ਵੱਖੋ-ਵੱਖਰੇ ਈਵੈਂਟਸ ਵਿਚੋਂ 11 ਟਰਾਫੀਆਂ ਜਿੱਤੀਆਂ ਸਨ। ਪੋਸਟ ਗ੍ਰੈਜੂਏਸ਼ਨ ਲਈ 2007 ਵਿਚ ਰਾਜਵੀਰ ਜਵੰਦਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦਾਖ਼ਲਾ ਲਿਆ ਸੀ। ਇਥੇ ਉਸਨੇ ਥੇਟਰ ਤੇ ਟੀ.ਵੀ. ਦੀ ਪੋਸਟ ਗ੍ਰੈਜੂਏਸ਼ਨ ਕੀਤੀ। ਉਸਤੋਂ ਬਾਅਦ ਫਿਰ 2011 ਵਿਚ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਿਆ। ਲਗਪਗ 9 ਸਾਲ ਉਸਨੇ ਪੁਲਿਸ ਵਿਚ ਨੌਕਰੀ ਕੀਤੀ। ਉਹ ਭਾਂਤ-ਸੁਭਾਂਤ ਦੇ ਮੋਟਰ ਸਾਈਕਲਾਂ ਅਤੇ ਟ੍ਰੈਕਿੰਗ ਦਾ ਸ਼ੌਕੀਨ ਸੀ। ਪਹਿਲੀ ਵਾਰ ਉਸਦਾ ਗਾਣਾ 2007 ਵਿਚ ਯੂ ਟਿਊਬ 'ਤੇ ਆਇਆ ਸੀ। 2016 ਵਿਚ ਮੁਕਾਬਲਾ ਅਤੇ 2017 ਵਿਚ ਕੰਗਣੀ ਗੀਤ ਨਾਲ ਉਸਦੀ ਮਕਬੂਲੀਅਤ ਵੱਧ ਗਈ। ਰਾਜਵੀਰ ਜਵੰਦਾ ਦੇ ਮੁੰਡਾ ਲਾਈਕ ਸੀ, ਕਲੀ ਜਵੰਦਾ ਦੀ, ਦੁੱਗ ਦੁੱਗ ਵਾਲੇ ਯਾਰ, ਮੁਕਾਬਲਾ, ਪਟਿਆਲਾ ਸ਼ਾਹੀ ਪੱਗ, ਕੇਸਰੀ ਝੰਡੇ, ਸ਼ਾਨਦਾਰ, ਸ਼ੌਕੀਨ, ਲੈਂਡ ਲਾਰਡ, ਸਰਨੇਮ ਅਤੇ ਕੰਗਣੀ ਗਾਣੇ ਹਿੱਟ ਹੋ ਗਏ। ਰਾਜਵੀਰ ਜਵੰਦਾ ਨੇ ਸੂਬੇਦਾਰ ਜੋਗਿੰਦਰ ਸਿੰਘ, ਮਿੰਦੋ ਤਹਿਸੀਲਦਾਰਨੀ, ਜ਼ਿੰਦ ਜਾਨ, ਸਿਪਾਹੀ ਬਹਾਦਰ ਸਿੰਘ, ਕਾਕਾ ਜੀ, ਸਿਕੰਦਰ 2 ਸਮੇਤ ਕਈ ਫ਼ਿਲਮਾਂ ਵਿਚ ਵੀ ਹੱਥ ਅਜਮਾਇਆ ਸੀ। ਉਸਤੋਂ ਬਾਅਦ ਤਾਂ ਉਹ ਸੰਗੀਤ ਪ੍ਰੇਮੀਆਂ ਦਾ ਚਹੇਤਾ ਬਣ ਗਿਆ। ਇਸ ਸਮੇਂ ਉਸਦੇ ਲੱਖਾਂ ਪ੍ਰਸ਼ੰਸਕ ਸਨ। ਸੜਕ ਹਾਦਸੇ ਤੋਂ 7 ਦਿਨ ਪਹਿਲਾਂ ਆਖ਼ਰੀ ਗੀਤ ਉਸਨੇ 20 ਸਤੰਬਰ 2025 ਨੂੰ 'ਜਦ ਤੂੰ ਦਿਸ ਪੈਂਦਾ' ਗਾਇਆ ਸੀ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਰਾਜਵੀਰ ਸਿੰਘ ਜਵੰਦਾ ਐਡਵੈਂਚਰਸ ਸੀ। ਉਹ ਪਹਾੜਾਂ ਦੀ ਮੋਟਰ ਸਾਈਕਲ 'ਤੇ ਸੈਰ ਕਰਨ ਦਾ ਸ਼ੌਕੀਨ ਸੀ। ਕਈ ਤਰ੍ਹਾਂ ਦੇ ਮੋਟਰ ਸਾਈਕਲ ਉਹ ਖਰੀਦਦਾ ਰਹਿੰਦਾ ਸੀ। ਉਸਦਾ ਜ਼ਿੰਦਗੀ ਨੂੰ ਮਾਨਣ ਦਾ ਸੁਭਾਅ ਸੀ, ਉਹ ਕਹਿੰਦਾ ਹੁੰਦਾ ਸੀ ਕਿ ਜ਼ਿੰਦਗੀ ਜਿਉਣੀ ਚਾਹੀਦੀ ਹੈ, ਆਨੰਦ ਲੈਣਾ ਚਾਹੀਦਾ ਹੈ। ਉਹ ਜ਼ਿੰਦਗੀ ਦਾ ਆਨੰਦ ਮਾਣਦਾ ਵੀ ਰਿਹਾ ਹੈ। ਉਹ ਮਨਮਰਜ਼ੀ ਵਾਲਾ ਅਲਬੇਲਾ ਵਿਅਕਤੀ ਸੀ। ਪ੍ਰੰਤੂ ਉਸਨੂੰ ਇਹ ਪਤਾ ਨਹੀਂ ਸੀ ਕਿ ਉਸਦੇ ਸ਼ੌਕ ਹੀ ਉਸਦੀ ਜਾਨ ਲੈ ਕੇ ਜਾਣਗੇ। ਰਾਜਵੀਰ ਸਿੰਘ ਜਵੰਦਾ ਨੂੰ ਲੋਕ ਇਤਨਾ ਪਿਆਰ ਕਰਦੇ ਸਨ ਕਿ ਇਸ ਗੱਲ ਦਾ ਪਤਾ ਉਸਦੀ ਮੌਤ ਤੋਂ ਬਾਅਦ ਪਤਾ ਲੱਗਿਆ ਹੈ। ਉਸਦੇ ਪਿੰਡ ਦਾ ਬੱਚਾ, ਬੁੱਢਾ ਅਤੇ ਇਸਤਰੀਆਂ ਖ਼ੂਨ ਦੇ ਅੱਥਰੂ ਵਹਾ ਰਹੀਆਂ ਹਨ। ਪਿੰਡ ਵਿਚ ਮਾਤਮ ਛਾਇਆ ਪਿਆ ਹੈ।

**ਉਸਦੀ ਸੁਰੀਲੀ ਤੇ ਸਾਫ਼ ਸੁਥਰੀ ਲੋਕ ਗਾਇਕੀ ਕਰਕੇ ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਵੱਸਿਆ ਹੋਇਆ ਸੀ। ਜਿਸ ਦਿਨ ਤੋਂ ਉਸਦੇ ਹਾਦਸੇ ਦਾ ਪਤਾ ਲੱਗਾ ਸੀ, ਲਗਪਗ ਹਰ ਵਰਗ ਦੇ ਲੋਕਾਂ ਦੀਆਂ ਭਾਵਨਾਵਾਂ ਰਾਜਵੀਰ ਸਿੰਘ ਜਵੰਦਾ ਦੀ ਸਿਹਤਯਾਬੀ ਨਾਲ ਜੁੜ ਗਈਆਂ। ਮੈਂ ਆਪਣੀ 77 ਸਾਲ ਦੀ ਉਮਰ ਵਿਚ ਕਿਸੇ ਗਾਇਕ ਦੀ ਤੰਦਰੁਸਤੀ ਲਈ ਐਨੇ ਲੋਕ ਦੁਆਵਾਂ ਕਰਦੇ ਨਹੀਂ ਵੇਖੇ। ਸੰਸਾਰ ਦੇ ਹਰ ਖਿੱਤੇ ਵਿਚ ਲੋਕ ਉਸਦੀ ਸਿਹਤਯਾਬੀ ਲਈ ਦੁਆਵਾਂ ਕਰ ਰਹੇ ਸਨ। ਉਸਨੂੰ ਭਾਵੇਂ ਕੋਈ ਕਦੀਂ ਮਿਲਿਆ ਹੋਵੇ ਤੇ ਭਾਵੇਂ ਨਾ ਵੀ ਮਿਲਿਆ ਹੋਵੇ, ਪ੍ਰੰਤੂ ਉਹ ਰਾਜਵੀਰ ਸਿੰਘ ਜਵੰਦਾ ਦੀ ਜਲਦੀ ਤੰਦਰੁਸਤੀ ਦੀ ਦੁਆ ਕਰ ਰਿਹਾ ਸੀ। ਰਾਜਵੀਰ ਸਿੰਘ ਜਵੰਦਾ ਦੇ ਤੁਰ ਜਾਣ ਨਾਲ ਸਮੁੱਚੀ ਮਾਨਵਤਾ ਨੂੰ ਧੱਕਾ ਲੱਗਾ ਹੈ। ਅੱਜ ਗੀਤ-ਸੰਗੀਤ ਨੂੰ ਪਿਆਰ ਕਰਨ ਵਾਲੇ ਹਰ ਇਨਸਾਨ ਦੀ ਅੱਖ ਵਿਚ ਹੰਝੂਆਂ ਦੀ ਝੜੀ ਲੱਗੀ ਹੋਈ ਹੈ।**

# ਅਲਵਿਦਾ ਰਾਜਵੀਰ ਜਵੰਦਾ

# ਨਿੱਤ ਨਿੱਤ ਨਹੀਂ ਜੰਮਦੇ ਰਾਜਵੀਰ ਜਵੰਦਾ ਵਰਗੇ ਕਲਾਕਾਰ

ਜਗਤਾਰ ਸਮਾਲਸਰ
ਏਲਨਾਬਾਦ, ਸਿਰਸਾ
(ਹਰਿਆਣਾ)
ਸੰਪਰਕ : 94670-95953
ਪੰਜਾਬ ਮੇਲ USA



ਆਖਿਰ 11 ਦਿਨ ਜ਼ਿਦਗੀ ਅਤੇ ਮੌਤ ਦੀ ਲੜਾਈ ਲੜਦੇ ਹੋਏ ਪੰਜਾਬੀ ਗਾਇਕ ਰਾਜਵੀਰ ਜਵੰਦਾ ਮੌਤ ਸਾਹਮਣੇ ਹਾਰ ਗਿਆ। ਰਾਜਵੀਰ ਜਵੰਦਾ 27 ਸਤੰਬਰ ਨੂੰ ਬੱਦੀ ਤੋਂ ਸ਼ਿਮਲਾ ਜਾਂਦੇ ਸਮੇਂ ਜਦੋਂ ਹਾਦਸੇ ਦਾ ਸ਼ਿਕਾਰ ਹੋਏ, ਤਾਂ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਫੋਰਟਿਸ ਹਸਪਤਾਲ ਮੁਹਾਲੀ ਵਿਚ ਦਾਖਲ ਕਰਵਾਇਆ ਗਿਆ ਸੀ। ਜਦੋਂ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ, ਤਾਂ ਉਸ ਸਮੇਂ ਉਨ੍ਹਾਂ ਦੀ ਹਾਲਤ ਕਾਫੀ ਗੰਭੀਰ ਸੀ। ਰਾਜਵੀਰ ਜਵੰਦਾ ਦੇ ਐਕਸੀਡੈਂਟ ਦੀ ਖਬਰ ਜਿਉਂ ਹੀ ਲੋਕਾਂ ਤੱਕ ਪਹੁੰਚੀ, ਤਾਂ ਰਾਜਵੀਰ ਨੂੰ ਪਿਆਰ ਕਰਨ ਵਾਲੇ ਗੁਰੂ ਘਰਾਂ ਵਿਚ ਉਸਦੀ ਸਿਹਤਯਾਬੀ ਦੀਆਂ ਦੁਆਵਾਂ ਕਰਨ ਲੱਗੇ ਅਤੇ ਲਗਾਤਾਰ ਉਸਦੀ ਸਿਹਤ ਬਾਰੇ ਜਾਣਕਾਰੀ ਲੈਂਦੇ ਰਹੇ। ਰਾਜਵੀਰ ਜਵੰਦਾ ਬਹੁਤ ਹੀ ਮਿਲਾਪੜੇ ਸੁਭਾਅ ਦਾ ਨੌਜਵਾਨ ਸੀ, ਜਿਸਨੇ ਬਹੁਤ ਥੋੜੇ ਸਮੇਂ ਵਿਚ ਹੀ ਕਾਮਯਾਬੀ ਦੀਆਂ ਨਵੀਆਂ ਸਿਖ਼ਰਾਂ ਨੂੰ ਛੂਹਿਆ। ਆਪਣੀ ਛੋਟੀ ਜਿਹੀ ਜ਼ਿੰਦਗੀ ਦੌਰਾਨ ਉਸਨੇ ਜੋ ਲੋਕਾਂ ਦਾ ਪਿਆਰ ਹਾਸਲ ਕੀਤਾ, ਆਪਣੇ ਚਾਹੁੰਣ ਵਾਲਿਆਂ ਦੇ ਦਿਲਾਂ ਵਿਚ ਜੋ ਥਾਂ ਬਣਾਈ, ਉਹ ਆਪਣੇ ਆਪ ਵਿਚ ਇੱਕ ਮਿਸਾਲ ਹੋ ਨਿਬੜੀ। ਛੋਟਾ ਵੱਡਾ ਉਹ ਕਿਹੜਾ ਹੱਥ ਹੋਵੇਗਾ, ਜਿਸਨੇ ਰਾਜਵੀਰ ਜਵੰਦੇ ਦੀ ਜਲਦੀ ਤੰਦਰੁਸਤੀ ਲਈ ਅਰਦਾਸਾਂ ਨਹੀਂ ਕੀਤੀਆਂ। ਕਿਸੇ ਵੀ ਗਾਇਕ ਕਲਾਕਾਰ ਲਈ ਐਨੀ ਦੁਆਵਾਂ ਹੁੰਦੀਆਂ ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਵੇਖੀਆਂ ਨੇ ਪਰ ਆਖਿਰ ਲੋਕਾਂ ਦਾ ਇਹ ਗਾਇਕ, ਕਲਾਕਾਰ ਮੌਤ ਹੱਥੋਂ ਹਾਰ ਗਿਆ।



ਸੰਨ 1990 ਵਿਚ ਪਿੰਡ ਪੋਨਾ ਨਜ਼ਦੀਕ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਕਰਮ ਸਿੰਘ ਅਤੇ ਮਾਤਾ ਪਰਮਜੀਤ ਕੌਰ ਦੇ ਘਰ ਜਨਮਿਆਂ ਰਾਜਵੀਰ ਜਵੰਦਾ ਆਪਣੇ ਪਿੱਛੇ ਇੱਕ ਛੋਟੀ ਭੈਣ ਆਪਣੀ ਪਤਨੀ ਅਸ਼ਵਿੰਦਰ ਕੌਰ ਅਤੇ ਦੋ ਬੱਚੇ, ਹੇਮੰਤ ਕੌਰ ਅਤੇ ਦਿਲਾਵਰ ਸਿੰਘ ਨੂੰ ਛੱਡ ਗਏ ਹਨ।

ਰਾਜਵੀਰ ਜਵੰਧਾ ਨੇ ਆਪਣੀ ਮੁੱਢਲੀ ਪੜ੍ਹਾਈ ਵਿਮਲ ਜੈਨ ਸਕੂਲ ਜਗਰਾਓਂ ਤੋਂ ਸ਼ੁਰੂ ਕਰਨ ਉਪਰੰਤ ਬੀ.ਏ. ਡੀ.ਏ.ਵੀ. ਕਾਲਜ ਜਗਰਾਓਂ ਤੋਂ ਕੀਤੀ। ਉਨ੍ਹਾਂ ਐੱਮ.ਏ. (ਥੀਏਟਰ ਅਤੇ ਟੈਲੀਵਿਜ਼ਨ) ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹਾਸਲ ਕਰਕੇ ਸਾਲ 2016 ਵਿਚ ਆਪਣੇ ਸੰਗੀਤਿਕ ਸਫਰ ਦੀ ਸ਼ੁਰੂਆਤ ਕਲੀ ਜਵੰਦੇ ਦੀ ਗੀਤ ਰਾਹੀਂ ਕੀਤੀ। ਸਾਲ 2018 ਵਿਚ ਉਨ੍ਹਾਂ ਪੰਜਾਬੀ ਫਿਲਮ ਸੂਬੇਦਾਰ ਜੋਗਿੰਦਰ ਸਿੰਘ ਰਾਹੀਂ ਆਪਣੇ ਫਿਲਮੀ ਕੈਰੀਅਰ ਵਿਚ ਪੈਰ ਰੱਖਿਆ। ਉਨ੍ਹਾਂ ਦੇ ਮਕਬੂਲ ਹੋਏ ਗੀਤਾਂ ਵਿਚ ਕੰਗਣੀ (2017) ਮੁਕਾਬਲਾ,



ਪਟਿਆਲਾ ਸ਼ਾਹੀ ਪੱਗ, ਕੇਸਰੀ ਝੰਡੇ, ਸ਼ੌਕੀਨ, ਲੈਂਡਲਾਰਡ ਅਤੇ ਸਰਨੇਮ ਸ਼ਾਮਲ ਹਨ। ਸੂਬੇਦਾਰ ਜੋਗਿੰਦਰ ਸਿੰਘ ਤੋਂ ਇਲਾਵਾ ਉਨ੍ਹਾਂ ਕਾਕਾ ਜੀ, ਜਿੰਦ ਜਾਨ ਅਤੇ ਮਿੰਦੋ ਤਹਿਸੀਲਦਾਰਨੀ ਆਦਿ ਫਿਲਮਾਂ ਵਿਚ ਵੀ ਆਪਣੇ ਹੁਨਰ ਦਾ ਲੋਹਾ ਮਨਵਾਇਆ। ਕਾਲਜ ਵਿਚ ਹੁੰਦੇ ਯੂਥ ਫੈਸੀਟੀਵਲ ਦੌਰਾਨ ਵੀ ਰਾਜਵੀਰ ਜਵੰਧਾ ਨੇ ਅਨੇਕਾਂ ਇਨਾਮ ਹਾਸਲ ਕੀਤੇ। ਇਸ ਤੋਂ ਇਲਾਵਾ ਇੰਟਰ ਯੂਨੀਵਰਸਿਟੀ ਦੇ ਗਾਇਕੀ ਮੁਕਾਬਲੇ ਵਿਚ ਉਨ੍ਹਾਂ ਗੋਲਡ ਮੈਡਲ ਹਾਸਲ ਕੀਤੇ। ਉਹ ਤੂੰਬੀ ਵਜਾਉਣ ਦੇ ਮਾਹਿਰ ਕਲਾਕਾਰ ਸਨ। ਜਗਤ ਪ੍ਰਸਿੱਧ ਕਲਾਕਾਰ ਗੁਰਦਾਸ ਮਾਨ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਣ ਵਾਲੇ ਰਾਜਵੀਰ ਜਵੰਦਾ ਨੇ ਸੰਗੀਤਿਕ ਸਿੱਖਿਆ ਗੁਰੂ ਲੱਲੀ ਖਾਨ ਤੋਂ ਹਾਸਲ ਕੀਤੀ।

ਜਦੋਂ ਰਾਜਵੀਰ ਜਵੰਦੇ ਦੀ ਮੌਤ ਦੀ ਖਬਰ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਲੱਖਾਂ ਲੋਕਾਂ ਤੱਕ ਪਹੁੰਚੀ, ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਐਨੀ ਛੋਟੀ ਉਮਰ ਵਿਚ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਰਾਜਵੀਰ ਜਵੰਦਾ ਦੇ ਅੰਤਿਮ ਸੰਸਕਾਰ ਮੌਕੇ ਜੁੜਿਆ ਲੋਕਾਂ ਦਾ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਰਾਜਵੀਰ ਜਵੰਦਾ ਵਰਗੇ ਕਲਾਕਾਰ ਨਿੱਤ-ਨਿੱਤ ਨਹੀਂ ਜੰਮਦੇ, ਅਜਿਹਾ ਮਾਣ-ਸਨਮਾਨ ਅਤੇ ਸ਼ੋਹਰਤ ਵਿਰਲੇ ਟਾਂਵੇਂ ਲੋਕਾਂ ਦੇ ਹਿੱਸੇ ਆਉਂਦੀ ਹੈ। ਉਸਦੇ ਗੀਤ ਸਦਾ ਫਿਜ਼ਾਵਾਂ ਵਿਚ ਗੂੰਜਦੇ ਰਹਿਣਗੇ ਪਰ ਉਸਨੇ ਮੁੜਕੇ ਨਹੀਂ ਆਉਣਾ। ਅਲਵਿਦਾ ਰਾਜਵੀਰ ਜਵੰਦਾ

# ਗੱਲ ਬਾਲਾਂ ਦੀ ਸਭਾ ਉਰਫ਼ ਬਾਲ ਸਭਾ ਦੀ

ਰਮੇਸ਼ ਬੱਗਾ ਚੋਹਲਾ
ਲੁਧਿਆਣਾ, ਮੋਬ : 94631-32719
ਪੰਜਾਬ ਮੇਲ USA

ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਦਾ ਵੀ ਵਕਤ ਵੀ ਨਿਰਧਾਰਿਤ ਹੋਇਆ ਕਰਦਾ ਸੀ। ਹਫ਼ਤੇ ਦੇ ਛੇਕੜਲੇ ਦਿਨ (ਜਿਹੜਾ ਕਿ ਆਮ ਤੌਰ 'ਤੇ ਸ਼ਨੀਵਾਰ ਹੁੰਦਾ ਸੀ) ਕੁੱਝ ਪੀਰੀਅਡ ਰਾਖਵੇਂ ਰੱਖ ਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਕਿਸੇ ਹਾਲ ਜਾਂ ਪੰਡਾਲ ਵਿਚ ਇਕੱਠੇ ਕਰ ਲਿਆ ਜਾਂਦਾ ਸੀ। ਇਸ ਇਕੱਠ ਨੂੰ ਬਾਲ-ਸਭਾ ਦਾ ਨਾਂ ਦਿੱਤਾ ਜਾਂਦਾ ਸੀ, ਜਿਸ ਵਿਚ ਤਾਲਿਬਇਲਮਾਂ ਨੂੰ ਆਪਾ ਪ੍ਰਗਟਾਉਣ/ਚਮਕਾਉਣ ਦੇ ਅਵਸਰ ਪ੍ਰਾਪਤ ਹੁੰਦੇ ਸਨ। ਇਸ ਬਾਲ ਸਭਾ ਵਿਚ ਸਕੂਲ ਦੇ ਅਧਿਆਪਕਾਂ ਦੀ ਨਾ ਸਿਰਫ਼ ਸਰਗਰਮ ਭਾਗੇਦਾਰੀ ਹੀ ਹੁੰਦੀ ਸੀ, ਸਗੋਂ ਕੁੱਝ ਰਚਨਾਤਮਿਕ ਅਤੇ ਕਲਾਤਮਿਕ ਸੋਚ ਵਾਲੇ ਅਧਿਆਪਕਾਂ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਵੀ ਕੀਤਾ ਜਾਂਦਾ ਸੀ।




- ਸਕੂਲ ਵਿਚ ਨਿਯਮਿਤ ਰੂਪ ਵਿਚ ਲਗਾਈ ਜਾਣ ਵਾਲੀ ਬਾਲ-ਸਭਾ ਜਿਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਪ੍ਰਚਾਵੇ ਦਾ ਸਬੱਬ ਬਣਦੀ ਸੀ, ਉਥੇ ਵਿਦਿਆਰਥੀਆਂ ਦੀ ਸਿਰਜਣਾਤਮਿਕ ਅਤੇ ਕਲਾਤਮਕ ਪਹੁੰਚ ਨੂੰ ਉਭਾਰਣ, ਨਿਖਾਰਣ ਅਤੇ ਸੰਵਾਰਣ ਵਿਚ ਵੀ ਵਿਸ਼ੇਸ਼ ਸਹਾਈ ਹੁੰਦੀ ਸੀ। ਇਸ ਸਭਾ ਰਾਹੀਂ ਵਿਲੱਖਣ ਪ੍ਰਤਿਭਾ ਵਾਲੇ ਵਿਦਿਅਰਥੀਆਂ ਨੂੰ ਇੱਕ ਅਜਿਹਾ ਮੰਚ ਪ੍ਰਦਾਨ ਕੀਤਾ ਜਾਂਦਾ ਸੀ, ਜਿਹੜਾ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਕਰਕੇ ਉਨ੍ਹਾਂ ਦਾ ਮਿਥੀ ਹੋਈ ਮੰਜ਼ਿਲ ਦੇ ਨਜ਼ਦੀਕ ਲੈ ਜਾਂਦਾ ਸੀ।
- ਜੇਕਰ ਰਸਮੀ ਸਿੱਖਿਆ ਦੇ ਉਦੇਸ਼ ਦੀ ਗੱਲ ਕੀਤੀ ਜਾਵੇ, ਤਾਂ ਉਸ ਦਾ ਉਦੇਸ਼ ਕੇਵਲ ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਪੈਦਾ ਕਰਨਾ ਹੀ ਨਹੀਂ, ਸਗੋਂ ਅਜਿਹੇ ਕਲਾਕਾਰ, ਸਾਹਿਤਕਾਰ ਅਤੇ ਬੁਲਾਰੇ ਪੈਦਾ ਕਰਨਾ ਵੀ ਹੈ, ਜੋ ਆਪਣੀ ਅਗਾਂਹਵਧੂ ਸੋਚਣੀ, ਲੇਖਣੀ ਅਤੇ ਬੋਲਣੀ ਨਾਲ ਸਾਹਿਤ, ਸੱਭਿਆਚਾਰ ਅਤੇ ਸਮਾਜ ਨੂੰ ਅਮੀਰ ਬਣਾ ਸਕਣ। ਕਾਫੀ ਹੱਦ ਇਹ ਅਮੀਰੀ ਵੀ ਸਕੂਲ ਦੀ ਬਾਲ-ਸਭਾ ਦੀ ਹੀ ਦੇਣ ਰਹੀ ਹੈ। ਜਦੋਂ ਕਦੇ ਸਥਾਪਿਤ/ਕਾਮਯਾਬ ਕਲਾਕਾਰਾਂ ਵਿਸ਼ੇਸ਼ ਕਰਕੇ ਗਾਇਕਾਂ ਜਾਂ ਅਭਿਨੇਤਾਵਾਂ ਨਾਲ ਮੁਲਾਕਾਤ ਕੀਤੀ ਜਾਂਦੀ ਹੈ, ਤਾਂ ਉਹ ਵੀ ਆਪਣੀ ਸਥਾਪਤੀ/ਕਾਮਯਾਬੀ ਦਾ ਬਹੁਤਾ ਸਿਹਰਾ ਪੜ੍ਹਾਈ ਦੌਰਾਨ ਸਕੂਲ 'ਚ ਲੱਗਣ ਵਾਲੀ ਬਾਲ-ਸਭਾ ਨੂੰ ਹੀ ਦਿੰਦੇ ਹਨ।
- ਸਕੂਲ ਦੁਆਰਾ ਨਿਯਮਿਤ ਰੂਪ ਵਿਚ ਕੀਤੀ ਜਾਣ ਵਾਲੀ ਬਾਲ-ਸਭਾ ਜਿਥੇ ਵਿਦਿਆਰਥੀ ਨੂੰ ਆਪਣਿਆਂ ਵਿਚ ਆਪਣੀ ਗੱਲ ਕਹਿ ਕੇ ਮਾਣ ਮਹਿਸੂਸ ਕਰਵਾਉਂਦੀ ਸੀ, ਉੱਥੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਬਿਗਾਨਿਆਂ (ਬਾਹਰਲੇ ਵਿਸ਼ਾਲ ਇਕੱਠਾਂ) ਦੇ ਸਨਮੁੱਖ ਹੋਣ ਦੇ ਸਮਰੱਥ ਵੀ ਬਣਾਉਂਦੀ ਸੀ। ਇਸ ਸਭਾ ਵਿਚ ਹੀ ਪਹਿਲਾਂ ਸਕੂਲ ਦੇ ਗੁਣਵਾਨ ਬੱਚਿਆਂ ਨੂੰ ਤਲਾਸ਼ਿਆ ਜਾਂਦਾ ਸੀ ਅਤੇ ਇਸ ਤਲਾਸ਼ੀ ਤੋਂ ਬਾਅਦ ਯੋਗ ਅਧਿਆਪਕਾਂ ਦੁਆਰਾ ਤਰਾਸ਼ਿਆ ਜਾਂਦਾ ਸੀ। ਇਸ ਤਰ੍ਹਾਂ ਸਕੂਲ-ਸਭਾਵਾਂ ਵਿਚੋਂ ਤਲਾਸ਼ੇ ਅਤੇ ਅਧਿਆਪਕਾਂ ਦੁਆਰੇ ਤਰਾਸ਼ੇ ਵਿਦਿਆਰਥੀ ਜ਼ਿੰਦਗੀ ਵਿਚ ਕਈ ਵੱਡ-ਅਕਾਰੀਆਂ ਅਤੇ ਨਿਆਰੀਆਂ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਸਨ।
- ਸਕੂਲ ਦੀ ਬਾਲ-ਸਭਾ ਦਾ ਇਕ ਹਾਸਲ ਇਹ ਵੀ ਰਿਹਾ ਹੈ ਕਿ ਇਹ ਵਿਦਿਆਰਥੀਆਂ ਵਿਚਲੀ ਹਫ਼ਤਾ ਭਰ (ਜੋ ਅਕਸਰ ਬੋਝਲ ਅਤੇ ਔਖਿਆਲੇ ਪਾਠਕ੍ਰਮ ਕਰਕੇ ਪੈਦਾ ਹੁੰਦੀ ਹੈ) ਦੀ ਉਕਤਾਹਟ ਨੂੰ ਕੁਝ ਸਮੇਂ ਲਈ ਰੋਚਿਕ ਅਤੇ ਹੁਸੀਨ ਪਲਾਂ ਵਿਚ ਬਦਲ ਦਿੰਦੀ ਸੀ। ਇਸ ਸਭਾ ਵਿਚ ਹਾਜ਼ਰੀ ਭਰਕੇ ਸਕੂਲ ਦੇ ਪਾੜ੍ਹੇ-ਪਾੜ੍ਹੀਆਂ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦੇ ਸਨ। ਇਹ ਤਾਜ਼ਗੀ ਉਨ੍ਹਾਂ ਨੂੰ ਅਗਲੇ ਹਫ਼ਤੇ ਲੱਗਣ ਵਾਲੀਆਂ ਜਮਾਤਾਂ ਵਿਚ ਗਿਆਨ-ਵਿਗਿਆਨ ਦੀਆਂ ਗੱਲਾਂ ਨੂੰ ਸੁਣਨ ਅਤੇ ਸਮਝਣ ਲਈ ਊਰਜਾ ਪ੍ਰਦਾਨ ਕਰਦੀ ਸੀ। ਇਸ ਊਰਜਾ ਦੀ ਬਦੌਲਤ ਹੀ ਉਹ ਵਿਦਿਆ ਨੂੰ ਵਿਚਾਰਨ ਅਤੇ ਪਰਉਪਕਾਰਣ ਲਈ ਤੱਤਪਰ ਰਹਿੰਦੇ ਸਨ।
- ਸਕੂਲ ਦੀ ਬਾਲ-ਸਭਾ ਵਿਦਿਆਰਥੀ ਵਰਗ ਨੂੰ ਇੱਕ ਅਪਣਤਮਈ ਮਾਹੌਲ ਪ੍ਰਦਾਨ ਕਰਦੀ ਸੀ, ਜਿਹੜਾ ਉਨ੍ਹਾਂ ਦੇ ਬਿਆਨਾਤਮਿਕ ਅਤੇ ਪ੍ਰਦਰਸ਼ਨਾਤਮਿਕ ਪੱਖ ਨੂੰ ਮਜ਼ਬੂਤ ਕਰਦਾ ਸੀ। ਇਹ ਪੱਖ ਜਿਥੇ ਉਨ੍ਹਾਂ ਦੇ ਸਤਿਕਾਰ ਵਿਚ ਵਾਧਾ ਕਰਦਾ ਸੀ, ਉਥੇ ਉਨ੍ਹਾਂ ਦੀ ਪਹਿਚਾਣ ਨੂੰ ਵੀ ਅੰਡਰਿਉਂਦਾ ਸੀ। ਇਸ ਅੱਡਰੀ ਪਹਿਚਾਣ ਸਦਕਾ ਹੀ ਉਹ ਸਕੂਲ ਵੱਲੋਂ ਦਿੱਤੀਆਂ ਜਾਂਦੀਆਂ ਕਈ ਰਿਆਇਤਾਂ/ਸਹੂਲਤਾਂ ਦੇ ਭਾਗੀਦਾਰ ਵੀ ਬਣ ਜਾਂਦੇ ਸਨ।
- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਵੀ ਆਮ ਤੌਰ 'ਤੇ ਸਕੂਲ ਵਿਚ ਲਗਾਤਾਰਤਾ ਨਾਲ ਲਗਾਈ ਜਾਣ ਵਾਲੀ ਬਾਲ-ਸਭਾ ਦੀ ਹੀ ਪੈਦਾਵਾਰ ਹੁੰਦੇ ਸਨ, ਜੋ ਇਨ੍ਹਾਂ ਮੁਕਾਬਲਿਆਂ ਵਿਚ ਆਪਣੀਆਂ ਬੇਹਤਰੀਨ ਪੇਸ਼ਕਾਰੀਆਂ ਲਈ ਮਾਨ-ਸਨਮਾਨ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦੇ ਸਨ। ਇਸ ਸਭਾ ਵਿਚੋਂ ਲੱਗੀ ਹੋਈ ਜਾਗ ਹੀ ਵਿਦਿਆਰਥੀਆਂ ਨੂੰ ਮਹਾਂਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਦੇ ਯੁਵਕ-ਮੇਲਿਆਂ ਵਿਚ ਸ਼ਲਾਘਾਯੋਗ ਭੂਮਿਕਾ ਅਦਾ ਕਰਨ ਦੇ ਕਾਬਿਲ ਬਣਾ ਦਿੰਦੀ ਸੀ ਅਤੇ ਉਹ ਟਰਾਫੀਆਂ, ਸ਼ੀਲਡਾਂ ਅਤੇ ਗੋਲਡ ਮੈਡਲਾਂ ਨਾਲ ਨਿਵਾਜ਼ੇ ਜਾਂਦੇ ਸਨ।
- ਅਜੋਕੇ ਸਮੇਂ ਸਕੂਲਾਂ (ਵਿਸ਼ੇਸ਼ ਕਰਕੇ ਸਰਕਾਰੀ) ਵਿਚ ਬਾਲ-ਸਭਾ ਦਾ ਰਿਵਾਜ ਬਿਲਕੁੱਲ ਖਤਮ ਹੋ ਕੇ ਰਹਿ ਗਿਆ ਹੈ। ਹੁਣ ਸਕੂਲ ਦੀ ਸਮਾਂ-ਸਾਰਣੀ ਵਿਚ ਇਸ ਸਭਾ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਜਾਂਦੀ। ਅਧਿਆਪਕ ਗ਼ੈਰ-ਵਿਦਿਅਕ ਕੰਮਾਂ ਦੇ ਬੋਝ ਥੱਲੇ ਦੱਬੇ ਹੋਏ ਹਨ ਅਤੇ ਵਿਦਿਆਰਥੀ ਨਵੀਂ ਟੈਕਨਾਲੋਜੀ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਅਣਸੁਖਾਵੇਂ ਅਤੇ ਘੁੱਟਵੇਂ ਮਾਹੌਲ ਵਿਚ ਭਲਾ ਕੋਈ ਸਕੂਲ ਕਲਾਕਾਰ, ਨਾਟਕਕਾਰ ਅਤੇ ਸਾਹਿਤਕਾਰ ਕਿਵੇਂ ਪੈਦਾ ਕਰ ਸਕਦਾ ਹੈ?

# ਭੋਜਨ ਵੀ ਹੈ ਇੱਕ ਦਵਾਈ

ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਵਟਸਐਪ : +91-97-810-40140
ਪੰਜਾਬ ਮੇਲ USA



ਅਕਸਰ ਹੀ ਸ਼ਾਮ ਨੂੰ ਸੈਰ ਕਰਨ ਦੇ ਲਈ ਮੈਂ ਕਸ਼ਮੀਰੀ ਪਾਰਕ ਚਲਿਆ ਜਾਂਦਾ ਸੀ ਤੇ ਦੱਬ ਕੇ ਪਾਰਕ ਦੇ ਗੇੜੇ ਲਾਉਂਦਾ ਤੇ ਕਸਰਤ ਕਰਦਾ ਸੀ। ਸਰੀਰ ਨੂੰ ਫਿੱਟ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਸੀ ਤੇ ਉੱਥੇ ਬੈਠ ਕੇ ਗੱਲਾਂ ਕਰਨ ਵਾਲਿਆਂ ਤੋਂ ਦੂਰੀ ਰੱਖਦਾ ਸੀ ਕਿਉਂਕਿ ਅਗਰ ਪਾਰਕ ਵਿਚ ਗੱਲਾਂ ਮਾਰਨ ਬੈਠ ਗਏ, ਤਾਂ ਸੈਰ ਨਹੀਂ ਹੋਵੇਗੀ, ਸਿਰਫ ਗੱਲਾਂ ਹੀ ਹੋਣਗੀਆਂ। ਪਾਰਕ ਦੇ ਟਰੈਕ 'ਤੇ ਪੈਦਲ ਤੁਰਨ ਦੇ ਵਿਚ ਮਸ਼ਰੂਫ ਰਹਿੰਦਾ ਸੀ। ਸੈਰ ਸਾਡੇ ਸਰੀਰ ਲਈ ਤਾਂ ਬਹੁਤ ਜ਼ਰੂਰੀ ਹੈ ਤੇ ਇਸ ਤੋਂ ਬਿਨਾਂ ਸਭ ਅਧੂਰਾ ਲੱਗਦਾ ਹੈ। ਮੇਰੀ ਖਾਣ-ਪੀਣ ਦੀ ਰੋਜ਼ਾਨਾ ਵੱਖਰੀ ਜਿਹੀ ਰੁਟੀਨ ਸੀ। ਸਵੇਰ ਸਮੇਂ ਦੋ ਪਰੌਂਠੇ, ਮੱਖਣ ਅਤੇ ਲੱਸੀ ਤੇ ਬਾਅਦ ਵਿਚ ਇੱਕ ਮੱਗ ਚਾਹ ਦਾ ਪੀਂਦਾ ਸੀ। ਗਰਮੀ ਦੇ ਦਿਨਾਂ ਵਿਚ ਚਾਹ ਤਿੰਨ ਕੁ ਵਾਰੀ ਅਤੇ ਸਰਦੀਆਂ ਵਿਚ ਪੰਜ-ਛੇ ਵਾਰੀ ਪੀਂਦਾ ਸੀ। ਕਈ ਵਾਰ ਪਕੌੜੇ, ਸਮੋਸੇ, ਪਨੀਰ, ਕੁਲਚੇ ਛੋਲੇ, ਆਂਡਾ ਬਰਗਰ, ਟਿੱਕੀਆਂ ਦਾ ਵੀ ਸ਼ੌਕੀਨ ਸੀ। ਸ਼ਾਮ ਨੂੰ ਬਾਜ਼ਾਰ ਜਾ ਕੇ ਕੁੱਝ ਨਾ ਕੁੱਝ ਖਾ ਹੀ ਲੈਂਦਾ ਸੀ। ਸ਼ਾਮ ਦੀ ਚਾਹ ਘਰ ਵਿਚ ਬੈਠ ਕੇ ਪੀ ਲਈ ਦੀ ਸੀ। ਅਸਲ ਵਿਚ ਮੈਂ ਨਮਕੀਨ ਤੇ ਮਸਾਲੇਦਾਰ ਚੀਜ਼ਾਂ ਦਾ ਸ਼ੌਕੀਨ ਸੀ ਪਰ ਮਿੱਠੇ ਤੋਂ ਪਹਿਲਾਂ ਤੋਂ ਹੀ ਦੂਰ ਰਹਿੰਦਾ ਸੀ। ਉਦੋਂ ਵੀ ਧਾਰਨਾ ਸੀ ਕਿ ਜਿੰਨਾ ਚਿਰ ਸਰੀਰ ਹਜ਼ਮ ਕਰਦਾ ਹੈ ਖਾਈ ਚੱਲੋ, ਕੋਈ ਗੱਲ ਨਹੀਂ। ਰਾਤ ਨੂੰ ਮੀਟ, ਮੱਛੀ ਅਤੇ ਆਂਡੇ ਵੀ ਖਾ ਲੈਂਦਾ ਸੀ। ਇਹ ਵੀ ਉਹ ਸਮਾਂ ਸੀ ਕਿ ਇਕੱਠੇ ਮਿਲ ਬੈਠ ਕੇ ਗੱਲਾਂ-ਬਾਤਾਂ ਮਾਰਦੇ ਸਨ। ਬਾਜ਼ਾਰ ਦੇ ਡੱਬਾ ਬੰਦ ਭੋਜਨ ਪਦਾਰਥਾਂ ਨੂੰ ਖਾਣਾ ਵੀ ਇੱਕ ਸ਼ੌਕ ਸੀ। ਇਸ ਤਰ੍ਹਾਂ ਦਾ ਸਿਲਸਿਲਾ ਚੱਲਦਾ ਰਿਹਾ। ਇੱਕ ਦਿਨ ਇੰਝ ਮਹਿਸੂਸ ਹੋਇਆ ਸੀ ਕਿ ਪਿੰਜਣੀਆਂ ਦੁਖ ਰਹੀਆਂ ਸਨ, ਸਰੀਰ ਟੁੱਟ ਭੱਜ ਰਿਹਾ ਸੀ। ਕਈ ਦਿਨਾਂ ਤੋਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ। ਮੈਂ ਜਾ ਕੇ ਡਾਕਟਰ ਸਾਹਿਬ ਨੂੰ ਦਿਖਾਇਆ। ਉਨ੍ਹਾਂ ਨੇ ਚੈੱਕ ਕਰਨ ਉਪਰੰਤ ਬਲੱਡ ਟੈਸਟ ਕਰਵਾਏ, ਤਾਂ ਡਾਇਬਿਟੀਜ਼ ਆ ਗਈ।



ਡਾਕਟਰ ਸਾਹਿਬ ਨੇ ਪਰਚੀ 'ਤੇ ਕਾਫੀ ਦਵਾਈਆਂ ਲਿਖ ਦਿੱਤੀਆਂ। ਮੈਂ ਅਕਸਰ ਹੀ ਯੂ-ਟਿਊਬ ਦੇਖਦਾ ਹੁੰਦਾ ਸੀ। ਇੱਕ ਦਿਨ ਮੈਂ ਡਾਕਟਰ ਬਿਸਵਾਰੂਪ ਰਾਓ ਚੌਧਰੀ ਦੀ ਵੀਡੀਓ ਦੇਖੀ, ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਜੇਕਰ ਬਲੱਡ ਸ਼ੂਗਰ 250 ਤੋਂ ਘੱਟ ਹੈ, ਤਾਂ ਤੁਸੀਂ ਡਾਇਬਟਿਕ ਨਹੀਂ ਹੋ, ਜੇ 250 ਹੈ ਜਾਂ 250 ਤੋਂ ਵੱਧ ਆਉਂਦੀ ਹੈ, ਤਾਂ ਤੁਸੀਂ ਡਾਇਬਟਿਕ ਹੋ, ਇਹ ਉਨ੍ਹਾਂ ਦਾ ਮੰਨਣਾ ਹੈ। ਉਨ੍ਹਾਂ ਕਿਹਾ, ਇਹ ਤਾਂ ਖਾਣ-ਪੀਣ ਦੀ ਆਦਤ ਸਹੀ ਕਰਕੇ 72 ਘੰਟੇ ਵਿਚ ਠੀਕ ਹੋ ਜਾਂਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਤੁਸੀਂ ਆਪਣਾ ਖਾਣ-ਪੀਣ ਦਾ ਢੰਗ ਬਦਲ ਦਿਓ, ਫਿਰ ਬਿਮਾਰੀਆਂ ਦੂਰ ਭੱਜਣਗੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਦੁੱਧ, ਦੁੱਧ ਤੋਂ ਬਣੇ ਪਦਾਰਥ, ਮਿੱਠਾ, ਮਠਿਆਈਆਂ, ਮਾਸ, ਮੱਛੀ, ਆਂਡਾ, ਡੱਬਾ ਬੰਦ ਭੋਜਨ, ਰਿਫਾਈਂਡ, ਤਾਕਤ ਵਾਲੀਆਂ ਦਵਾਈਆਂ, ਚਾਹ ਅਤੇ ਕਾਫੀ ਬੰਦ ਖਾਣਾ ਬੰਦ ਕਰ ਦਿਓ। ਕਦੇ ਵੀ ਰਾਤ ਨੂੰ 8 ਵਜੇ ਤੋਂ ਬਾਅਦ ਖਾਣਾ ਨਾ ਖਾਓ। ਸਲਾਦ, ਹਰੀਆਂ ਸਬਜ਼ੀਆਂ, ਫਰੂਟ, ਡਰਾਈ ਫਰੂਟ, ਨਾਰੀਅਲ ਪਾਣੀ, ਹੂੰਝਾ ਚਾਹ, ਪੁੰਗਰੀਆਂ ਦਾਲਾਂ, ਖਾਓ। ਕੁੱਝ ਸਮਾਂ ਧੁੱਪ ਵਿਚ ਬਤੀਤ ਕਰੋ। ਆਪਣਾ ਭਾਰ ਤੋਲੋ। ਆਪਣੇ ਭਾਰ ਨੂੰ 10 ਨਾਲ ਗੁਣਾਂ ਕਰੋ। ਉਦਾਹਰਨ ਵਜੋਂ ਜੇ ਭਾਰ 70 ਕਿਲੋ ਹੈ, ਤਾਂ 70 ਕਿੱਲੋ ਨੂੰ 10 ਨਾਲ ਗੁਣਾਂ ਕਰਕੇ 700 ਬਣਦਾ ਹੈ। ਕੋਈ ਤਿੰਨ ਚਾਰ ਫਰੂਟ 700 ਗ੍ਰਾਮ ਲੈ ਕੇ 12 ਵਜੇ ਤੋਂ ਪਹਿਲਾਂ ਖਾ ਲਓ। ਹੋਰ ਕੁੱਝ ਨਹੀਂ ਖਾਣਾ। ਜਦੋਂ ਦੁਪਹਿਰ ਦਾ ਖਾਣਾ, ਖਾਣਾ ਹੋਵੇ ਤਾਂ ਉਸ ਵੇਲੇ ਸਾਡੇ ਭਾਰ ਨੂੰ ਪੰਜ ਨਾਲ ਗੁਣਾ ਕਰੋ। ਜੇਕਰ ਸਾਡਾ ਭਾਰ 70 ਕਿਲੋ ਹੈ, ਤਾਂ 70 ਨੂੰ 5 ਨਾਲ ਗੁਣਾ ਕਰਕੇ ਇਹ 350 ਬਣ ਜਾਂਦਾ ਹੈ। ਇਸ ਲਈ ਖਾਣਾ ਖਾਣ ਤੋਂ ਪਹਿਲਾਂ 350 ਗ੍ਰਾਮ ਸਲਾਦ ਖਾ ਲਓ ਤੇ ਫਿਰ ਘਰ ਵਿਚ ਜੋ ਦੁਪਹਿਰ ਦਾ ਖਾਣਾ ਬਣਿਆ ਹੈ, ਉਹ ਖਾ ਲਓ। ਇਸੇ ਤਰ੍ਹਾਂ ਰਾਤ ਦਾ ਖਾਣਾ ਖਾਣ ਤੋਂ ਪਹਿਲਾਂ, ਆਪਣੇ ਭਾਰ ਅਨੁਸਾਰ ਬਣਦਾ 350 ਗ੍ਰਾਮ ਸਲਾਦ ਖਾ ਲਓ ਤੇ ਫਿਰ ਘਰ ਵਿਚ ਜੋ ਖਾਣਾਂ ਬਣਿਆ ਹੈ, ਉਹ ਖਾ ਲਓ। ਰਾਤ ਦਾ ਖਾਣਾਂ 8 ਵਜੇ ਤੱਕ ਜ਼ਰੂਰ ਖਾ ਲਓ, ਬਾਅਦ ਵਿਚ ਨਹੀਂ ਖਾਣਾ। ਇਹ ਉਨ੍ਹਾਂ ਦੀ ਥਿਊਰੀ ਹੈ। ਇਸ ਲਈ ਮੈਂ ਇਸ ਨੂੰ ਆਧਾਰ ਬਣਾ ਕੇ ਡਾਇਟ ਚਾਰਟ ਬਣਾ ਕੇ ਅਮਲ ਸ਼ੁਰੂ ਕਰ ਦਿੱਤਾ। ਮੈਂ ਪੂਰੀ ਮਿਹਨਤ ਨਾਲ ਪੂਰਾ ਪਰਹੇਜ਼ ਕੀਤਾ। ਪੰਜ ਕੁ ਦਿਨਾਂ ਬਾਅਦ ਜਦੋਂ ਬਲੱਡ ਸ਼ੂਗਰ ਚੈੱਕ ਕਰਾਈ, ਤਾਂ ਠੀਕ ਆਈ। ਮੇਰਾ ਮਨ ਬੜਾ ਖੁਸ਼ ਹੋਇਆ। ਫਿਰ ਮੈਂ ਆਪਣੇ ਖਾਣ-ਪੀਣ ਦਾ ਢੰਗ ਇਸੇ ਤਰ੍ਹਾਂ ਕਰਦਾ ਰਿਹਾ। ਇੱਕ ਦਿਨ ਡਾਕਟਰ ਸਾਹਿਬ ਨੂੰ ਚੈੱਕ ਕਰਾਉਣ ਲਈ ਗਿਆ। ਉਨ੍ਹਾਂ ਨੇ ਰਿਪੋਰਟ ਦੇਖ ਕੇ ਕਿਹਾ, ਹੁਣ ਤਾਂ ਟੈਸਟ ਰਿਪੋਰਟ ਨਾਰਮਲ ਹੈ। ਮੈਂ ਕਿਹਾ ਹਾਂ ਜੀ। ਮੈਂ ਆਪਣੇ ਮਨ ਵਿਚ ਡਾਕਟਰ ਸਾਹਿਬ ਨੂੰ ਕਿਹਾ ਕਿ ਡਾਕਟਰ ਸਾਹਿਬ, ਮੈਂ ਡਾਇਟ ਪਲੈਨ ਬਣਾ ਕੇ, ਖਾਣਾ ਖਾਧਾ ਤੇ ਤੁਹਾਡੇ ਵੱਲੋਂ ਦਿੱਤੀ ਕੋਈ ਵੀ ਦਵਾਈ ਨਹੀਂ ਖਾਧੀ ਤੇ ਮੈਂ ਖਾਣ-ਪੀਣ ਨਾਲ ਹੀ ਆਪਣੇ ਆਪ ਨੂੰ ਠੀਕ ਕਰ ਲਿਆ ਹੈ। ਡਾਕਟਰ ਸਾਹਿਬ ਨੇ ਚੈੱਕ ਕਰਨ ਉਪਰੰਤ ਆਪਣੀ ਪਰਚੀ 'ਤੇ ਦਵਾਈਆਂ ਲਿਖ ਦਿੱਤੀਆਂ। ਇਹ ਦਵਾਈ ਮੈਂ ਖਰੀਦੀ ਹੀ ਨਹੀਂ। ਹੁਣ ਕਰੀਬ ਚਾਰ ਕੁ ਸਾਲ ਹੋ ਗਏ ਹਨ। ਮੈਂ ਕੁਦਰਤੀ ਸ਼ਾਕਾਹਾਰੀ ਭੋਜਨ ਖਾਂਦਾ ਹਾਂ। ਉਦੋਂ ਤੋਂ ਹੀ ਖਾਣ-ਪੀਣ ਬਦਲ ਲਿਆ। ਹਰ ਹਫਤੇ ਬਲੱਡ ਸ਼ੂਗਰ ਚੈੱਕ ਕਰ ਲੈਂਦਾ ਹਾਂ। ਹੁਣ ਇਹ 120 ਤੋਂ ਥੱਲੇ ਰਹਿੰਦੀ ਹੈ, ਜਿਹੜੀ ਅਜੋਕੇ ਡਾਕਟਰਾਂ ਦੀ ਰੇਂਜ ਅਨੁਸਾਰ ਹੈ। ਹੁਣ ਮੈਂ ਪਰਹੇਜ਼ ਵੀ ਦੱਬ ਕੇ ਕਰਦਾ ਹਾਂ। ਹੁਣ ਮੈਂ ਡਾਕਟਰ ਚੌਧਰੀ ਦੇ ਡੀ.ਆਈ.ਪੀ. ਡਾਈਟ ਪਲੈਨ 'ਤੇ ਅਮਲ ਕਰ ਰਿਹਾ ਤੇ ਇਸ ਨੂੰ ਰੋਜ਼ਾਨਾ ਦੀ ਕਾਰਜਸ਼ੈਲੀ ਵਿਚ ਸ਼ਾਮਲ ਕਰ ਲਿਆ ਹੈ। ਹੁਣ ਜ਼ਿੰਦਗੀ ਜਿਉਣ ਲਈ ਖਾ ਰਿਹਾ। ਡਾਕਟਰ ਚੌਧਰੀ ਦਾ ਕਹਿਣਾ ਹੈ ਕਿ ਬਿਲ ਕਲਿੰਟਨ ਨੇ ਆਪਣੇ ਪੰਜ ਸਰਜਰੀ ਆਪਰੇਸ਼ਨ ਕਰਵਾਏ ਸਨ, ਜੋ ਸਫਲ ਨਹੀਂ ਹੋਏ ਸਨ ਤੇ ਫਿਰ ਉਨ੍ਹਾਂ ਨੇ ਭੋਜਨ ਪਦਾਰਥ ਖਾਣ 'ਚ ਤਬਦੀਲੀ ਕੀਤੀ ਤੇ ਸ਼ਾਕਾਹਾਰੀ ਭੋਜਨ ਖਾਧਾ। ਡਾਕਟਰ ਚੌਧਰੀ ਅਨੁਸਾਰ ਡੀ.ਆਈ.ਪੀ. ਡਾਇਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭੋਜਨ ਇੱਕ ਦਵਾਈ ਹੈ।



ਜੇਕਰ ਸਾਡਾ ਭਾਰ 70 ਕਿਲੋ ਹੈ, ਤਾਂ 70 ਨੂੰ 5 ਨਾਲ ਗੁਣਾ ਕਰਕੇ ਇਹ 350 ਬਣ ਜਾਂਦਾ ਹੈ। ਇਸ ਲਈ ਖਾਣਾ ਖਾਣ ਤੋਂ ਪਹਿਲਾਂ 350 ਗ੍ਰਾਮ ਸਲਾਦ ਖਾ ਲਓ ਤੇ ਫਿਰ ਘਰ ਵਿਚ ਜੋ ਦੁਪਹਿਰ ਦਾ ਖਾਣਾ ਬਣਿਆ ਹੈ, ਉਹ ਖਾ ਲਓ। ਇਸੇ ਤਰ੍ਹਾਂ ਰਾਤ ਦਾ ਖਾਣਾ ਖਾਣ ਤੋਂ ਪਹਿਲਾਂ, ਆਪਣੇ ਭਾਰ ਅਨੁਸਾਰ ਬਣਦਾ 350 ਗ੍ਰਾਮ ਸਲਾਦ ਖਾ ਲਓ ਤੇ ਫਿਰ ਘਰ ਵਿਚ ਜੋ ਖਾਣਾਂ ਬਣਿਆ ਹੈ, ਉਹ ਖਾ ਲਓ। ਰਾਤ ਦਾ ਖਾਣਾਂ 8 ਵਜੇ ਤੱਕ ਜ਼ਰੂਰ ਖਾ ਲਓ, ਬਾਅਦ ਵਿਚ ਨਹੀਂ ਖਾਣਾ।

# ਵਹਿਮ ਭਰਮ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
ਪੰਜਾਬ ਮੇਲ USA



ਬਖਤੌਰ ਸੋਹ ਕਹਿੰਦਾ ਕੇਸ ਕੱਟੇ ਤਾਂ ਕੀ ਹੋ ਗਿਆ ਅੰਦਰੋਂ ਤਾਂ ਮੈਂ ਸਿੱਖ ਹੀ ਹਾਂ। ਮਖਿਆ ਹਾਸਾ ਆਉਂਦੈ ਤੇਰੀ ਅਜਿਹੀ ਅਕਲ ਉੱਤੇ। ਸਿੱਖ ਮੋਰਚਿਆਂ ਵਿਚ ਭੱਜ-ਭੱਜ ਕੇ ਸਿੱਖ ਕੈਦੀਆਂ ਨੂੰ ਲੰਗਰ ਛਕਾਉਣ ਵਾਲੇ ਸ਼ਹੀਦ ਭਗਤ ਸਿੰਘ ਨੂੰ ਇੱਕ ਵਾਰ ਉਹ ਵੀ ਖਾਸ ਮਜਬੂਰੀ ਵਿਚ ਕੇਸ ਕਟਾਉਣ 'ਤੇ ਅਗਲਿਆਂ ਨੇ ਕਾਮਰੇਡ + ਆਰੀਆ ਸਮਾਜੀ ਬਣਾ ਦਿੱਤਾ, ਜੋ ਹਰ ਚਿੱਠੀ ੧ਓ ਨਾਲ ਸ਼ੁਰੂ ਕਰਦਾ ਸੀ, ਉਸ ਨੂੰ ਓਮ ਨਾਲ ਚਿੱਠੀਆਂ ਲਿਖਣ ਲਾ ਦਿੱਤਾ। ਆਰੀਆ ਸਮਾਜੀ ਦਾ ਲੇਬਲ ਵੀ ਲਾ ਦਿੱਤਾ, ਜਿੱਥੇ ਕਿਤੇ ਵੀ ਸ਼ਹੀਦ ਭਗਤ ਸਿੰਘ ਜੀ ਦਾ ਬੁੱਤ ਦਿਸੇ, ਉਸ ਨੂੰ ਬਾਊ ਬਣਾ ਕੇ ਪੇਸ਼ ਕੀਤਾ ਹੋਇਆ ਹੈ। ਅਗਲਿਆਂ ਨੇ ਤੇ ਅਸੀਂ ਸੋਚਦੇ ਹਾਂ ਅਸੀਂ ਰੋਜ਼-ਰੋਜ਼ ਕੇਸ ਕਟਵਾ ਕੇ ਸਿੱਖ ਹੀ ਰਹਾਂਗੇ, ਇਹ ਸਾਡਾ ਬਹੁਤ ਵੱਡਾ ਵਹਿਮ ਹੈ, ਭਰਮ ਹੈ। ਮਿੱਤਰ ਪਿਆਰਿਉ, ਸਿੱਖ

## ਇੱਕ ਵਿਚਾਰ

ਕੌਮ ਦਾ ਪੱਖ ਜਾਂ ਸਿੱਖੀ ਦੇ ਸਹੀ ਅਰਥ ਜਾਣਨਾ ਚਾਹੁੰਦੇ ਹੋ, ਤਾਂ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਜੀਵਨੀ ਪੜ੍ਹੋ। ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਜੀ ਦਾ ਜੀਵਨ ਪੜ੍ਹੋ, ਤਾਂ ਜੋ ਸ਼ਾਇਦ ਸਾਡੇ ਅੰਦਰ ਮਰ ਰਹੀ ਸਿੱਖੀ ਜੀਵਤ ਹੋਣਾ ਸ਼ੁਰੂ ਕਰ ਦੇਵੇ (ਵੈਸੇ ਤਾਂ ਸਿੱਖ ਕੌਮ ਵਿਚ ਸਿੱਖੀ ਤੋਂ ਕੁਰਬਾਨ ਹੋਣ ਵਾਲੇ ਗੁਰੂ ਪਿਆਰਿਆਂ ਦੀ ਗਿਣਤੀ ਕਰੋੜਾਂ ਵਿਚ ਹੈ)।



# ਮੀਡੀਆ ਅਤੇ ਸਿਆਸਤ ਦੀ ਖਤਰਨਾਕ ਖੇਡ-ਡੀਪ ਸਟੇਟ

ਸੰਦੀਪ ਕੁਮਾਰ
ਰੂਪਨਗਰ
70098-07121
ਪੰਜਾਬ ਮੇਲ USA



ਪਿਛਲੇ ਦਸ-ਬਾਰਾਂ ਸਾਲਾਂ ਵਿਚ ਭਾਰਤ ਨੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਿਆ ਹੈ। ਅਰਥਵਿਵਸਥਾ, ਤਕਨੀਕ, ਬੁਨਿਆਦੀ ਢਾਂਚਾ, ਅਤੇ ਅੰਤਰਰਾਸ਼ਟਰੀ ਸਬੰਧਾਂ ਵਿਚ ਭਾਰਤ ਦੀ ਪ੍ਰਗਤੀ ਨੇ ਦੁਨੀਆਂ ਦਾ ਧਿਆਨ ਖਿੱਚਿਆ ਹੈ। ਇਹ ਤਰੱਕੀ ਨਾ ਸਿਰਫ਼ ਭਾਰਤੀ ਨਾਗਰਿਕਾਂ ਦੀ ਮਿਹਨਤ ਅਤੇ ਸਰਕਾਰ ਦੀਆਂ ਨੀਤੀਆਂ ਦਾ ਨਤੀਜਾ ਹੈ, ਸਗੋਂ ਇੱਕ ਸਥਿਰ ਅਤੇ ਦੂਰਦਰਸ਼ੀ ਲੀਡਰਸ਼ਿਪ ਦਾ ਵੀ ਪ੍ਰਮਾਣ ਹੈ। ਪਰ, ਇਸ ਸਫਲਤਾ ਦੇ ਨਾਲ-ਨਾਲ ਇੱਕ ਅਜਿਹੀ ਸਥਿਤੀ ਵੀ ਸਾਹਮਣੇ ਆਈ ਹੈ, ਜਿੱਥੇ ਕੁਝ ਵਿਦੇਸ਼ੀ ਸ਼ਕਤੀਆਂ ਅਤੇ ਦੇਸ਼ ਦੇ ਅੰਦਰ ਦੀਆਂ ਕੁਝ ਰਾਜਨੀਤਿਕ ਤਾਕਤਾਂ ਭਾਰਤ ਦੀ ਇਸ ਤਰੱਕੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵਿਚ ਲੱਗੀਆਂ ਹੋਈਆਂ ਹਨ। ਇਨ੍ਹਾਂ ਕੋਸ਼ਿਸ਼ਾਂ ਨੂੰ ਅਕਸਰ 'ਡੀਪ ਸਟੇਟ' ਦੇ ਸੰਕਲਪ ਨਾਲ ਜੋੜਿਆ ਜਾਂਦਾ ਹੈ, ਜੋ ਇੱਕ ਅਜਿਹੀ ਅਣਜਨਤਕ ਸੰਸਥਾਵਾਂ ਜਾਂ ਵਿਅਕਤੀਆਂ ਦੇ ਸਮੂਹ ਨੂੰ ਦਰਸਾਉਂਦਾ ਹੈ, ਜੋ ਸਰਕਾਰੀ ਨੀਤੀਆਂ ਅਤੇ ਦੇਸ਼ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਡੀਪ ਸਟੇਟ ਦੀ ਧਾਰਨਾ ਸਭ ਤੋਂ ਪਹਿਲਾਂ ਪੱਛਮੀ ਦੇਸ਼ਾਂ, ਖਾਸਕਰ ਅਮਰੀਕਾ ਵਿਚ ਚਰਚਾ ਵਿਚ ਆਈ। ਇਹ ਸੰਕਲਪ ਉਨ੍ਹਾਂ ਸੰਸਥਾਵਾਂ ਜਾਂ ਵਿਅਕਤੀਆਂ ਨੂੰ ਸੰਬੋਧਿਤ ਕਰਦਾ ਹੈ, ਜੋ ਸਰਕਾਰ ਦੇ ਅੰਦਰ ਜਾਂ ਬਾਹਰ ਪਰਦੇ ਪਿੱਛੇ ਕੰਮ ਕਰਦੇ ਹਨ ਅਤੇ ਜਨਤਕ ਜਵਾਬਦੇਹੀ ਤੋਂ ਬਚਦੇ ਹੋਏ ਸੱਤਾ ਦੀਆਂ ਲੀਹਾਂ ਨੂੰ ਆਪਣੇ ਹਿੱਤ ਵਿਚ ਮੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਸੰਸਥਾਵਾਂ ਵਿਚ ਸਰਕਾਰੀ ਅਧਿਕਾਰੀ, ਖੁਫੀਆ ਏਜੰਸੀਆਂ, ਸੈਨਿਕ ਅਧਿਕਾਰੀ, ਵਪਾਰਕ ਸਮੂਹ ਜਾਂ ਮੀਡੀਆ ਦੇ ਕੁਝ ਹਿੱਸੇ ਸ਼ਾਮਲ ਹੋ ਸਕਦੇ ਹਨ। ਭਾਰਤ ਦੇ ਸੰਦਰਭ ਵਿਚ, ਡੀਪ ਸਟੇਟ ਨੂੰ ਅਕਸਰ ਅਜਿਹੀਆਂ ਸ਼ਕਤੀਆਂ ਨਾਲ ਜੋੜਿਆ ਜਾਂਦਾ ਹੈ, ਜੋ ਦੇਸ਼ ਦੀ ਤਰੱਕੀ ਨੂੰ ਰੋਕਣ ਜਾਂ ਸਰਕਾਰੀ ਨੀਤੀਆਂ ਨੂੰ ਅਸਫਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਭਾਰਤ ਦੀ ਤਰੱਕੀ ਪਿਛਲੇ ਦਹਾਕੇ ਵਿਚ ਬਹੁਤ ਸਾਰੇ ਖੇਤਰਾਂ ਵਿਚ ਸਪੱਸ਼ਟ ਦਿਖਾਈ ਦਿੱਤੀ ਹੈ। ਅਰਥਵਿਵਸਥਾ ਵਿਚ ਸੁਧਾਰ, ਡਿਜੀਟਲ ਇੰਡੀਆ ਵਰਗੀਆਂ ਪਹਿਲਕਦਮੀਆਂ, ਸਵੱਛ ਭਾਰਤ ਅਭਿਆਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਮਜ਼ਬੂਤ ਸਥਿਤੀ ਨੇ ਦੁਨੀਆਂ ਨੂੰ ਦਿਖਾਇਆ ਹੈ ਕਿ ਭਾਰਤ ਇੱਕ ਮਹਾਨ ਸ਼ਕਤੀ ਵਜੋਂ ਉੱਭਰ ਰਿਹਾ ਹੈ। ਪਰ, ਇਸ ਤਰੱਕੀ ਨੇ ਕਈ ਅਜਿਹੀਆਂ ਸ਼ਕਤੀਆਂ ਨੂੰ ਪਰੇਸ਼ਾਨ ਕੀਤਾ ਹੈ, ਜੋ ਚਾਹੁੰਦੀਆਂ ਹਨ ਕਿ ਭਾਰਤ ਇੱਕ ਵਿਕਾਸਸ਼ੀਲ ਦੇਸ਼ ਦੇ ਰੂਪ ਵਿਚ ਹੀ ਸੀਮਤ ਰਹੇ।

ਡੀਪ ਸਟੇਟ ਦੀ ਧਾਰਨਾ ਸਭ ਤੋਂ ਪਹਿਲਾਂ ਪੱਛਮੀ ਦੇਸ਼ਾਂ, ਖਾਸਕਰ ਅਮਰੀਕਾ ਵਿਚ ਚਰਚਾ ਵਿਚ ਆਈ। ਇਹ ਸੰਕਲਪ ਉਨ੍ਹਾਂ ਸੰਸਥਾਵਾਂ ਜਾਂ ਵਿਅਕਤੀਆਂ ਨੂੰ ਸੰਬੋਧਿਤ ਕਰਦਾ ਹੈ, ਜੋ ਸਰਕਾਰ ਦੇ ਅੰਦਰ ਜਾਂ ਬਾਹਰ ਪਰਦੇ ਪਿੱਛੇ ਕੰਮ ਕਰਦੇ ਹਨ ਅਤੇ ਜਨਤਕ ਜਵਾਬਦੇਹੀ ਤੋਂ ਬਚਦੇ ਹੋਏ ਸੱਤਾ ਦੀਆਂ ਲੀਹਾਂ ਨੂੰ ਆਪਣੇ ਹਿੱਤ ਵਿਚ ਮੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਸੰਸਥਾਵਾਂ ਵਿਚ ਸਰਕਾਰੀ ਅਧਿਕਾਰੀ, ਖੁਫੀਆ ਏਜੰਸੀਆਂ, ਸੈਨਿਕ ਅਧਿਕਾਰੀ, ਵਪਾਰਕ ਸਮੂਹ ਜਾਂ ਮੀਡੀਆ ਦੇ ਕੁਝ ਹਿੱਸੇ ਸ਼ਾਮਲ ਹੋ ਸਕਦੇ ਹਨ। ਭਾਰਤ ਦੇ ਸੰਦਰਭ ਵਿਚ, ਡੀਪ ਸਟੇਟ ਨੂੰ ਅਕਸਰ ਅਜਿਹੀਆਂ ਸ਼ਕਤੀਆਂ ਨਾਲ ਜੋੜਿਆ ਜਾਂਦਾ ਹੈ, ਜੋ ਦੇਸ਼ ਦੀ ਤਰੱਕੀ ਨੂੰ ਰੋਕਣ ਜਾਂ ਸਰਕਾਰੀ ਨੀਤੀਆਂ ਨੂੰ ਅਸਫਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਭਾਰਤ ਦੀ ਤਰੱਕੀ ਪਿਛਲੇ ਦਹਾਕੇ ਵਿਚ ਬਹੁਤ ਸਾਰੇ ਖੇਤਰਾਂ ਵਿਚ ਸਪੱਸ਼ਟ ਦਿਖਾਈ ਦਿੱਤੀ ਹੈ। ਅਰਥਵਿਵਸਥਾ ਵਿਚ ਸੁਧਾਰ, ਡਿਜੀਟਲ ਇੰਡੀਆ ਵਰਗੀਆਂ ਪਹਿਲਕਦਮੀਆਂ, ਸਵੱਛ ਭਾਰਤ ਅਭਿਆਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਮਜ਼ਬੂਤ ਸਥਿਤੀ ਨੇ ਦੁਨੀਆਂ ਨੂੰ ਦਿਖਾਇਆ ਹੈ ਕਿ ਭਾਰਤ ਇੱਕ ਮਹਾਨ ਸ਼ਕਤੀ ਵਜੋਂ ਉੱਭਰ ਰਿਹਾ ਹੈ।

ਭਾਰਤ ਦੇ ਅੰਦਰ, ਵਿਰੋਧੀ ਧਿਰ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿਚ ਰਹੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਮੌਜੂਦਾ ਸਰਕਾਰ ਦੇਸ਼ ਦੇ ਵਿਕਾਸ ਲਈ ਕੋਈ ਵੱਡਾ ਫੈਸਲਾ ਲੈਂਦੀ ਹੈ, ਜਿਵੇਂ ਕਿ ਬੁਨਿਆਦੀ ਢਾਂਚੇ ਦਾ ਵਿਕਾਸ, ਅਰਥਵਿਵਸਥਾ ਸੁਧਾਰ, ਜਾਂ ਵਿਦੇਸ਼ ਨੀਤੀ ਨਾਲ ਜੁੜੇ ਮੁੱਦੇ, ਤਾਂ ਵਿਰੋਧੀ ਧਿਰ ਬਿਨਾਂ ਕਿਸੇ ਠੋਸ ਕਾਰਨ ਦੇ ਇਸ ਦਾ ਵਿਰੋਧ ਕਰਦੀ ਹੈ। ਇਹ ਵਿਰੋਧ ਕਈ ਵਾਰ ਸਰਕਾਰ ਦੀਆਂ ਨੀਤੀਆਂ ਨੂੰ ਅਸਫਲ ਕਰਨ ਦੀ ਕੋਸ਼ਿਸ਼ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਇਸ ਦੇ ਪਿੱਛੇ ਇੱਕ ਸਿਆਸੀ ਮਕਸਦ ਹੋ ਸਕਦਾ ਹੈ। ਜੇਕਰ ਭਾਰਤ ਇਸੇ ਰਫਤਾਰ ਨਾਲ ਤਰੱਕੀ ਕਰਦਾ ਰਿਹਾ, ਤਾਂ ਮੌਜੂਦਾ ਸਰਕਾਰ ਦਾ ਜਨਤਕ ਸਮਰਥਨ ਵਧਦਾ ਜਾਵੇਗਾ, ਜਿਸ ਨਾਲ ਵਿਰੋਧੀ ਧਿਰ ਦੀ ਸੱਤਾ ਵਿਚ ਵਾਪਸੀ ਦੀਆਂ ਸੰਭਾਵਨਾਵਾਂ ਘਟਦੀਆਂ ਜਾਣਗੀਆਂ। ਇਸ ਤੋਂ ਇਲਾਵਾ, ਕੁਝ ਵਿਰੋਧੀ ਲੀਡਰਾਂ ਦੀ ਵਿਦੇਸ਼ੀ ਰਾਜਨੀਤਕ ਨੇਤਾਵਾਂ ਨਾਲ ਮੁਲਾਕਾਤਾਂ ਨੇ ਵੀ ਸਵਾਲ ਖੜ੍ਹੇ ਕੀਤੇ ਹਨ। ਅਜਿਹੇ ਮੌਕਿਆਂ 'ਤੇ ਉਨ੍ਹਾਂ ਨੇਤਾਵਾਂ ਨਾਲ ਮੁਲਾਕਾਤਾਂ ਦੇਖੀਆਂ ਗਈਆਂ ਹਨ, ਜੋ ਭਾਰਤ ਦੀ ਤਰੱਕੀ ਨੂੰ ਰੋਕਣ ਜਾਂ ਭਾਰਤ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ। ਇਹ ਮੁਲਾਕਾਤਾਂ ਸਿਰਫ਼ ਸਿਆਸੀ ਸੰਬੰਧਾਂ ਦੀ ਨੀਂਹ 'ਤੇ ਨਹੀਂ, ਸਗੋਂ ਇੱਕ ਵੱਡੀ ਸਾਜ਼ਿਸ਼ ਦੇ ਹਿੱਸੇ ਵਜੋਂ ਵੀ ਦੇਖੀਆਂ ਜਾਂਦੀਆਂ ਹਨ। 'ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ' ਵਾਲੀ ਕਹਾਵਤ ਇੱਥੇ ਸੱਚ ਜਾਪਦੀ ਹੈ। ਜਦੋਂ ਵਿਰੋਧੀ ਧਿਰ ਦੇ ਨੇਤਾ ਅਜਿਹੀਆਂ ਸ਼ਕਤੀਆਂ ਨਾਲ ਮਿਲਦੇ ਹਨ, ਤਾਂ ਇਹ ਸਵਾਲ ਉੱਠਦਾ ਹੈ ਕਿ ਕੀ ਉਹ ਦੇਸ਼ ਦੇ ਹਿੱਤਾਂ ਨੂੰ ਪਹਿਲ ਦਿੰਦੇ ਹਨ ਜਾਂ ਆਪਣੇ ਸਿਆਸੀ ਮਕਸਦਾਂ ਨੂੰ ਪਹਿਲ ਦਿੰਦੇ ਹਨ?

ਡੀਪ ਸਟੇਟ ਦੀ ਕਾਰਵਾਈ ਦਾ ਇੱਕ ਅਹਿਮ ਹਿੱਸਾ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਜ਼ਰੀਏ ਵੀ ਸਾਹਮਣੇ ਆਉਂਦਾ ਹੈ। ਅੱਜ ਦੇ ਡਿਜੀਟਲ ਯੁੱਗ ਵਿਚ, ਜਿੱਥੇ ਸੋਸ਼ਲ ਮੀਡੀਆ ਜਨਤਕ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ, ਉੱਥੇ ਕੁਝ ਯੂਟਿਊਬਰ, ਪੱਤਰਕਾਰ ਅਤੇ ਸੋਸ਼ਲ ਮੀਡੀਆ ਪ੍ਰਭਾਵਕ ਅਜਿਹੀ ਸਮੱਗਰੀ ਪ੍ਰਕਾਸ਼ਿਤ ਕਰਦੇ ਹਨ, ਜੋ ਸਰਕਾਰ ਅਤੇ ਦੇਸ਼ ਦੀ ਤਰੱਕੀ ਦੇ ਵਿਰੁੱਧ ਜਾਂਦੀ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਵਿਦੇਸ਼ੀ ਸੰਸਥਾਵਾਂ ਜਾਂ ਸ਼ਕਤੀਆਂ ਤੋਂ ਵਿੱਤੀ ਸਹਾਇਤਾ ਮਿਲਣ ਦੀਆਂ ਅਫਵਾਹਾਂ ਵੀ ਸੁਣਾਈ ਦਿੰਦੀਆਂ ਹਨ। ਅਜਿਹੇ ਵਿਅਕਤੀ ਜਾਂ ਸਮੂਹ ਅਕਸਰ ਸਰਕਾਰ ਦੀਆਂ ਨੀਤੀਆਂ 'ਤੇ ਬਿਨਾਂ ਕਿਸੇ ਠੋਸ ਸਬੂਤ ਦੇ ਨਕਾਰਾਤਮਕ ਟਿੱਪਣੀਆਂ ਕਰਦੇ ਹਨ, ਜਿਸ ਨਾਲ ਜਨਤਕ ਵਿਚਾਰਧਾਰਾ ਵਿਚ ਭੰਬਲਭੂਸਾ ਪੈਦਾ ਹੁੰਦਾ ਹੈ। ਉਦਾਹਰਣ ਵਜੋਂ, ਜਦੋਂ ਸਰਕਾਰ ਨੇ ਖੇਤੀ ਸੁਧਾਰਾਂ ਜਾਂ ਵਪਾਰਕ ਨੀਤੀਆਂ ਨਾਲ ਜੁੜੇ ਕੁਝ ਫੈਸਲੇ ਲਏ, ਤਾਂ ਸੋਸ਼ਲ ਮੀਡੀਆ 'ਤੇ ਅਜਿਹੀਆਂ ਅਫਵਾਹਾਂ ਫੈਲਾਈਆਂ ਗਈਆਂ ਕਿ ਇਹ ਨੀਤੀਆਂ ਕਿਸਾਨਾਂ ਜਾਂ ਆਮ ਜਨਤਾ ਦੇ ਵਿਰੁੱਧ ਹਨ। ਇਹ ਅਫਵਾਹਾਂ ਅਕਸਰ ਸੰਗਠਿਤ ਤਰੀਕੇ ਨਾਲ ਫੈਲਾਈਆਂ ਜਾਂਦੀਆਂ ਹਨ, ਜਿਸ ਵਿਚ ਵਿਦੇਸ਼ੀ ਸੰਗਠਨਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਅਜਿਹੀਆਂ ਗਤੀਵਿਧੀਆਂ ਦਾ ਮਕਸਦ ਸਰਕਾਰ ਅਤੇ ਜਨਤਾ ਵਿਚਕਾਰ ਅਵਿਸ਼ਵਾਸ ਪੈਦਾ ਕਰਨਾ ਹੁੰਦਾ ਹੈ, ਜਿਸ ਨਾਲ ਦੇਸ਼ ਦੀ ਤਰੱਕੀ ਦੀ ਰਫਤਾਰ ਨੂੰ ਰੋਕਿਆ ਜਾ ਸਕੇ।

ਡੀਪ ਸਟੇਟ ਦੀ ਕਾਰਵਾਈ ਦਾ ਸਭ ਤੋਂ ਵੱਡਾ ਪਹਿਲੂ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਹੈ। ਕਈ ਅਜਿਹੇ ਦੇਸ਼ ਜਾਂ ਸੰਗਠਨ ਹਨ, ਜੋ ਭਾਰਤ ਦੀ ਤਰੱਕੀ ਨੂੰ ਆਪਣੇ ਹਿੱਤਾਂ ਲਈ ਖਤਰਾ ਮੰਨਦੇ ਹਨ। ਇਹ ਸ਼ਕਤੀਆਂ ਅਕਸਰ ਅਜਿਹੇ ਵਿਅਕਤੀਆਂ ਜਾਂ ਸਮੂਹਾਂ ਨੂੰ ਵਿੱਤੀ ਜਾਂ ਹੋਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੀਆਂ ਹਨ, ਜੋ ਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰ ਸਕਣ। ਇਹ ਸਹਾਇਤਾ ਕਈ ਰੂਪਾਂ ਵਿਚ ਹੋ ਸਕਦੀ ਹੈ—ਜਿਵੇਂ ਕਿ ਵਿੱਤੀ ਫੰਡਿੰਗ, ਸਿਆਸੀ ਸਮਰਥਨ ਜਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ। ਉਦਾਹਰਣ ਵਜੋਂ, ਕੁਝ ਵਿਦੇਸ਼ੀ ਗੈਰ-ਸਰਕਾਰੀ ਸੰਗਠਨ ਅਤੇ ਮੀਡੀਆ ਸੰਸਥਾਵਾਂ ਨੂੰ ਭਾਰਤ ਵਿਰੋਧੀ ਬਿਰਤਾਂਤ ਨੂੰ ਵਧਾਵਾ ਦੇਣ ਦੇ ਇਲਜ਼ਾਮ ਲੱਗੇ ਹਨ। ਇਹ ਸੰਸਥਾਵਾਂ ਅਕਸਰ ਅਜਿਹੇ ਮੁੱਦਿਆਂ ਨੂੰ ਉਛਾਲਦੀਆਂ ਹਨ, ਜੋ ਸਰਕਾਰ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਵੇਂ ਕਿ ਮਨੁੱਖੀ ਅਧਿਕਾਰ, ਵਾਤਾਵਰਣ ਜਾਂ ਧਾਰਮਿਕ ਮੁੱਦੇ। ਇਹ ਮੁੱਦੇ ਜਨਤਕ ਭਾਵਨਾਵਾਂ ਨੂੰ ਉਕਸਾਉਣ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕਰਨ ਦੇ ਉਦੇਸ਼ ਨਾਲ ਚੁੱਕੇ ਜਾਂਦੇ ਹਨ।

ਇਸ ਸਥਿਤੀ ਵਿਚ, ਜਨਤਕ ਜਾਗਰੂਕਤਾ ਅਤੇ ਸਰਕਾਰ ਦੀ ਸੁਚੇਤਤਾ ਸਭ ਤੋਂ ਅਹਿਮ ਹੈ। ਭਾਰਤ ਦੀ ਜਨਤਾ ਨੂੰ ਸਮਝਣਾ ਹੋਵੇਗਾ ਕਿ ਅਜਿਹੀਆਂ ਨਕਾਰਾਤਮਕ ਗਤੀਵਿਧੀਆਂ ਦਾ ਮਕਸਦ ਦੇਸ਼ ਦੀ ਤਰੱਕੀ ਨੂੰ ਰੋਕਣਾ ਹੈ। ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾਣ ਵਾਲੀਆਂ ਅਫਵਾਹਾਂ ਅਤੇ ਗਲਤ ਜਾਣਕਾਰੀਆਂ ਨੂੰ ਪਛਾਣਨ ਦੀ ਸਮਰੱਥਾ ਵਿਕਸਿਤ ਕਰਨੀ ਹੋਵੇਗੀ। ਸਰਕਾਰ ਨੂੰ ਵੀ ਅਜਿਹੀਆਂ ਸੰਸਥਾਵਾਂ ਅਤੇ ਵਿਅਕਤੀਆਂ 'ਤੇ ਨਜ਼ਰ ਰੱਖਣੀ ਹੋਵੇਗੀ, ਜੋ ਵਿਦੇਸ਼ੀ ਸਹਾਇਤਾ ਨਾਲ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹਨ। ਇਸ ਦੇ ਨਾਲ ਹੀ, ਸਰਕਾਰ ਨੂੰ ਜਨਤਕ ਸੰਚਾਰ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਜਨਤਾ ਨੂੰ ਸਰਕਾਰੀ ਨੀਤੀਆਂ ਅਤੇ ਉਨ੍ਹਾਂ ਦੇ ਫਾਇਦਿਆਂ ਬਾਰੇ ਸਹੀ ਅਤੇ ਸਮੇਂ ਸਿਰ ਜਾਣਕਾਰੀ ਮਿਲਣੀ ਚਾਹੀਦੀ ਹੈ। ਇਹ ਜਾਣਕਾਰੀ ਸੋਸ਼ਲ ਮੀਡੀਆ ਅਤੇ ਰਵਾਇਤੀ ਮੀਡੀਆ ਦੋਵਾਂ ਦੇ ਜ਼ਰੀਏ ਪਹੁੰਚਾਈ ਜਾਣੀ ਚਾਹੀਦੀ, ਤਾਂ ਜੋ ਨਕਾਰਾਤਮਕ ਪ੍ਰਚਾਰ ਦਾ ਮੁਕਾਬਲਾ ਕੀਤਾ ਜਾ ਸਕੇ।

ਭਾਰਤ ਦੀ ਤਰੱਕੀ ਦੀ ਰਫਤਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ, ਚਾਹੇ ਉਹ ਵਿਰੋਧੀ ਧਿਰ ਦੀਆਂ ਸਿਆਸੀ ਰਣਨੀਤੀਆਂ ਦੇ ਰੂਪ ਵਿਚ ਹੋਣ, ਚਾਹੇ ਵਿਦੇਸ਼ੀ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਦੇ ਰੂਪ ਵਿਚ, ਡੀਪ ਸਟੇਟ ਦੀ ਕਾਰਵਾਈ ਦਾ ਹਿੱਸਾ ਹੋ ਸਕਦੀਆਂ ਹਨ। ਇਹ ਕਾਰਵਾਈਆਂ ਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰਨ, ਜਨਤਕ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਨ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਅਸਫਲ ਕਰਨ ਦੇ ਮਕਸਦ ਨਾਲ ਕੀਤੀਆਂ ਜਾਂਦੀਆਂ ਹਨ। ਪਰ, ਜੇਕਰ ਜਨਤਾ ਜਾਗਰੂਕ ਰਹੇ ਅਤੇ ਸਰਕਾਰ ਸੁਚੇਤਤਾ ਨਾਲ ਕੰਮ ਕਰੇ, ਤਾਂ ਅਜਿਹੀਆਂ ਸਾਜ਼ਿਸ਼ਾਂ ਨੂੰ ਨਾਕਾਮ ਕੀਤਾ ਜਾ ਸਕਦਾ ਹੈ। ਭਾਰਤ ਨੂੰ ਆਪਣੀ ਤਰੱਕੀ ਦੀ ਰਫਤਾਰ ਨੂੰ ਜਾਰੀ ਰੱਖਣ ਲਈ ਨਾ ਸਿਰਫ਼ ਅੰਦਰੂਨੀ ਸਿਆਸੀ ਏਕਤਾ ਦੀ ਲੋੜ ਹੈ, ਸਗੋਂ ਵਿਦੇਸ਼ੀ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਦੀ ਵੀ ਜ਼ਰੂਰਤ ਹੈ।



# ਭਾਰਤੀ ਮੀਡੀਆ ਦਾ 100 ਸਾਲ ਦਾ ਸਫ਼ਰ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA



ਭਾਰਤੀ ਮੀਡੀਆ ਦਾ 100 ਸਾਲ ਦਾ ਸਫ਼ਰ ਬੜਾ ਦਿਲਚਸਪ, ਬੜਾ ਮਹੱਤਵਪੂਰਨ, ਬੜਾ ਮਾਣਮੱਤਾ ਹੈ। ਸੌ ਸਾਲਾਂ ਦੌਰਾਨ ਇਸਨੇ ਅਨੇਕਾਂ ਉਤਰਾਅ-ਚੜ੍ਹਾਅ ਵੇਖੇ, ਜਿਨ੍ਹਾਂ ਵਿਚ ਅਖਬਾਰਾਂ ਤੋਂ ਆਰੰਭ ਹੋ ਕੇ ਡਿਜ਼ੀਟਲ ਯੁੱਗ ਤੱਕ ਦੀਆਂ ਤਬਦੀਲੀਆਂ ਸ਼ਾਮਲ ਹਨ। ਸ਼ੁਰੂਆਤ ਤੋਂ ਲੈ ਕੇ ਵਿਸ਼ਾਲ ਲੋਕਤੰਤਰ ਦੇ ਚੌਥੇ ਥੰਮ੍ਹ ਤੱਕ ਦੀ ਕਹਾਣੀ ਸ਼ਾਮਲ ਹੈ।

ਭਾਰਤ ਵਿਚ ਪੱਤਰਕਾਰੀ ਦਾ ਆਰੰਭ 1780 ਵਿਚ ਦਾ ਬੰਗਾਲ ਗਜਟ ਨਾਲ ਹੋਇਆ। ਹਿੰਦੀ ਪੱਤਰਕਾਰੀ ਦੀ ਸ਼ੁਰੂਆਤ 1826 ਵਿਚ ਉਦੰਤ ਮਾਰਤੰਡ' ਨਾਲ ਹੋਈ। ਪੰਜਾਬੀ ਪੱਤਕਾਰੀ ਦਾ ਇਤਿਹਾਸਕ ਪਿਛੋਕੜ 1854 (ਦਾ ਪੰਜਾਬੀ) ਅਤੇ 1899 (ਖਾਲਸਾ ਸਮਾਚਾਰ) ਨਾਲ ਜਾ ਜੁੜਦਾ ਹੈ।

ਪਰੰਤੂ ਆਜ਼ਾਦੀ ਦੀ ਲੜਾਈ ਦੌਰਾਨ ਅਤੇ ਜਲ੍ਹਿਆਂਵਾਲੇ ਬਾਗ ਦੀ ਘਟਨਾ ਉਪਰੰਤ ਨਿਭਾਈ ਭੂਮਿਕਾ ਨੇ ਭਾਰਤੀ ਮੀਡੀਆ ਨੂੰ ਰਾਸ਼ਟਰਵਾਦੀ ਭਾਵਨਾ ਅਤੇ ਰਾਸ਼ਟਰੀ ਚੇਤਨਾ ਨਾਲ ਓਤ-ਪੋਤ ਕਰ ਦਿੱਤਾ।

ਅੰਗਰੇਜ਼ਾਂ ਦੁਆਰਾ ਕੀਤੀ ਗਈ ਸਖ਼ਤੀ ਤੇ ਮੈਂਬਰਸ਼ਿਪ ਦੇ ਬਾਵਜੂਦ ਬਹੁਤ ਸਾਰੇ ਸੰਪਾਦਕਾਂ ਅਤੇ ਅਖਬਾਰਾਂ ਨੇ ਸੱਚ ਲਿਖਣਾ ਅਤੇ ਸੱਚਾਈ ਦੇ ਰਾਹ 'ਤੇ ਚੱਲਣਾ ਜਾਰੀ ਰੱਖਿਆ, ਤਾਂ ਇਸ ਨਾਲ ਜਿੱਥੇ ਆਜ਼ਾਦੀ ਲਈ ਸੰਘਰਸ਼ ਨੂੰ ਮਜ਼ਬੂਤੀ ਮਿਲੀ, ਉਥੇ ਭਾਰਤੀ ਪੱਤਰਕਾਰੀ ਵੀ ਪ੍ਰੈੱਸ ਦੀ ਆਜ਼ਾਦੀ ਪ੍ਰਤੀ ਚੇਤੰਨ ਹੋ ਗਈ।

ਭਾਰਤ ਵਿਚ 70000 ਅਖਬਾਰਾਂ ਪ੍ਰਕਾਸ਼ਿਤ ਹੁੰਦੀਆਂ ਹਨ। ਇਸ ਨਾਲ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਅਖਬਾਰਾਂ ਦਾ ਬਾਜ਼ਾਰ ਬਣ ਗਿਆ ਹੈ। ਹਜ਼ਾਰਾਂ ਟੈਲੀਵਿਜ਼ਨ ਚੈਨਲਾਂ ਦੀ ਭਰਮਾਰ ਵਿਚ ਨਿੱਜੀ ਚੈਨਲਾਂ ਦਾ ਬੋਲਬਾਲਾ ਹੈ। ਹਜ਼ਾਰਾਂ ਰੇਡੀਓ ਚੈਨਲ ਹਨ। ਆਨਲਾਈਨ ਮੀਡੀਆ ਦਿਨੋਂ-ਦਿਨ ਵੱਧ ਫੁੱਲ ਰਿਹਾ ਹੈ। ਇੰਟਰਨੈੱਟ ਮੀਡੀਆ, ਸੋਸ਼ਲ ਮੀਡੀਆ, ਡਿਜ਼ੀਟਲ ਮੀਡੀਆ ਦੀ ਪੂਰੀ ਦੁਨੀਆਂ ਵਿਚ ਚਰਚਾ ਹੈ।

ਤਕਨੀਕ ਨੇ ਪੱਤਰਕਾਰਾਂ ਨੇ, ਸੰਪਾਦਕਾਂ ਨੇ, ਡਾਇਰੈਕਟਰਾਂ ਨੇ, ਮੀਡੀਆ ਕਰਮੀਆਂ ਨੇ, ਮਾਹਿਰਾਂ ਨੇ ਇਸਨੂੰ ਇਥੋਂ ਤੱਕ ਪਹੁੰਚਾਇਆ ਹੈ, ਮੌਜੂਦਾ ਆਕਾਰ ਦਿੱਤਾ ਹੈ। ਰੇਡੀਓ, ਟੈਲੀਵਿਜ਼ਨ ਦੀ ਸ਼ੁਰੂਆਤ ਨਾਲ ਭਾਰਤੀ ਮੀਡੀਆ ਨੇ ਇਕ ਨਵੇਂ ਦਾਇਰੇ ਵਿਚ ਪ੍ਰਵੇਸ਼ ਕੀਤਾ। ਸਾਲ 1923 ਵਿਚ ਰੇਡੀਓ ਦਾ ਪ੍ਰਸਾਰਨ ਆਰੰਭ ਹੋਇਆ ਅਤੇ 1959 'ਚ ਟੈਲੀਵਿਜ਼ਨ ਦੀ ਆਮਦ ਨਾਲ ਭਾਰਤੀ ਦਰਸ਼ਕਾਂ ਦੇ ਚਿਹਰੇ ਖਿੜ ਉੱਠੇ।

ਭਾਵੇਂ ਭਾਰਤ ਵਿਚ ਰੇਡੀਓ ਦੀ ਕਹਾਣੀ ਬੜੀ ਲੰਮੀ, ਬੜੀ ਮਜ਼ਬੂਤ, ਬੜੀ ਕਾਰਮਰ, ਬੜੀ ਸਾਰਥਕ ਹੈ ਪਰ ਸਮੇਂ ਨਾਲ ਟੈਲੀਵਿਜ਼ਨ ਦਾ ਬੋਲਬਾਲਾ, ਦਬਦਬਾ ਵੱਧਦਾ ਗਿਆ। ਜਦ ਭਾਰਤੀ ਮੀਡੀਆ ਦੀ ਕਹਾਣੀ ਪੜ੍ਹਨ-ਫਰੋਲਣ ਲੱਗਦੇ ਹਾਂ, ਤਾਂ ਪ੍ਰਿੰਟ ਮੀਡੀਆ, ਰੇਡੀਓ ਅਤੇ ਟੈਲੀਵਿਜ਼ਨ ਵਿਚੋਂ ਕੋਈ ਕਿਸੇ ਤੋਂ ਘੱਟ ਨਹੀਂ। ਤਿੰਨਾਂ ਦਾ ਦੇਸ਼ ਲਈ, ਸਮਾਜ ਲਈ, ਲੋਕਾਂ ਲਈ ਯੋਗਦਾਨ ਇਕ ਦੂਸਰੇ ਤੋਂ ਵੱਧ ਹੈ। ਲੰਮਾ ਸਮਾਂ ਇਹ ਜ਼ਿੰਮੇਵਾਰੀ ਰੇਡੀਓ ਨੇ ਨਿਭਾਈ। ਰੇਡੀਓ ਥੋੜ੍ਹਾ ਮੱਧਮ ਪਿਆ, ਤਾਂ ਇਹ ਜ਼ਿੰਮੇਵਾਰੀ ਦੂਰਦਰਸ਼ਨ ਨੇ ਆਪਣੇ ਮੋਢਿਆਂ 'ਤੇ ਚੁੱਕ ਲਈ। ਅਖਬਾਰਾਂ ਤਾਂ ਆਰੰਭ ਤੋਂ ਅੱਜ ਤੱਕ ਇਹ ਜ਼ਿੰਮੇਵਾਰੀ ਲਗਾਤਾਰ ਨਿਭਾ ਹੀ ਰਹੀਆਂ ਹਨ। ਅਖਬਾਰਾਂ ਹੀ ਜਿਨ੍ਹਾਂ ਸਦਕਾ ਭਾਰਤੀ ਮੀਡੀਆ ਵਿਚ ਇਕ ਬੇਲੈਂਸ ਬਣਿਆ ਹੋਇਆ ਹੈ ਕਿਉਂਕਿ ਟੈਲੀਵਿਜ਼ਨ ਨਿਊਜ਼ ਚੈਨਲਾਂ ਨੇ ਮੀਡੀਆ ਦੀ ਮਰਿਯਾਦਾ ਨੂੰ ਲਾਂਭੇ ਧਰ ਕੇ ਆਪੋ ਆਪਣੀਆਂ ਮਰਜ਼ੀ ਮੁਤਾਬਕ ਚੈਨਲ ਚਲਾਉਣੇ ਆਰੰਭ ਕਰ ਦਿੱਤੇ ਹਨ।

ਜਿਵੇਂ-ਜਿਵੇਂ ਮੀਡੀਆ ਦਾ ਪ੍ਰਚਾਰ ਪ੍ਰਸਾਰ ਵੱਧ ਰਿਹਾ ਹੈ, ਤਿਵੇਂ-ਤਿਵੇਂ ਚੁਣੌਤੀਆਂ ਵੀ ਵੱਧਦੀਆਂ ਜਾ ਰਹੀਆਂ ਹਨ। ਡਿਜ਼ੀਟਲ ਕ੍ਰਾਂਤੀ ਆਪਣੇ ਆਪ ਵਿਚ ਇਕ ਚੁਣੌਤੀ ਹੈ। ਸਮਾਰਟ ਫੋਨ ਅਤੇ ਇੰਟਰਨੈੱਟ ਦੇ ਤਾਲਮੇਲ ਨੇ ਸੂਚਨਾ ਤੇ ਸਮੱਗਰੀ ਦੇ ਅੰਬਾਰ ਲਾ ਦਿੱਤੇ ਹਨ। ਭਾਸ਼ਾ ਕੋਈ ਵੀ ਹੋਵੇ ਸੂਚਨਾ ਤੇ ਸਮੱਗਰੀ ਦੀ ਕਮੀ ਨਹੀਂ ਰਹੀ। ਅਜੋਕੇ ਸਮਿਆਂ ਦਾ ਇਹ ਸਭ ਤੋਂ ਵੱਡਾ ਬਦਲਾਅ ਹੈ।

ਸਮਾਂ ਕੋਈ ਵੀ ਹੋਵੇ, ਹਾਲਾਤ ਕੋਈ ਵੀ ਹੋਣ, ਮੀਡੀਆ ਦੇ ਮੋਢਿਆਂ 'ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਹਮੇਸ਼ਾ ਰਹਿੰਦੀ ਹੈ। ਅੱਜ ਮੀਡੀਆ ਦੀ ਪਹਿਲੀ ਤਰਜੀਹ ਟੀ.ਆਰ.ਪੀ. ਬਣ ਗਈ ਹੈ। ਉਹਦੇ ਲਈ ਤਰ੍ਹਾਂ-ਤਰ੍ਹਾਂ ਦੇ ਹੱਥ-ਕੰਡੇ ਅਪਣਾਏ ਜਾਣ ਲੱਗੇ ਹਨ। ਨਤੀਜੇ ਵਜੋਂ ਭਾਰਤੀ ਮੀਡੀਆ ਵੱਖ-ਵੱਖ ਗਰੁੱਪਾਂ, ਵੱਖ-ਵੱਖ ਧੜਿਆਂ 'ਚ ਵੰਡਿਆ ਗਿਆ ਹੈ। ਪਾਠਕ ਨੂੰ, ਦਰਸ਼ਕ ਨੂੰ, ਲੋਕਾਂ ਨੂੰ ਸਹੀ ਜਾਣਕਾਰੀ ਦੀ ਥਾਂ ਸਨਸਨੀਖੇਜ਼ ਖ਼ਬਰਾਂ ਪਰੋਸੀਆਂ ਜਾ ਰਹੀਆਂ ਹਨ। ਸਹੀ, ਸੰਤੁਲਿਤ ਤੇ ਨਿਰਪੱਖ ਖ਼ਬਰਾਂ ਬੀਤੇ ਦੀ ਗੱਲ ਹੋ ਗਈ ਹੈ। ਅਜੋਕੇ ਮੀਡੀਆ ਦੌਰ ਦਾ ਇਹ ਸਭ ਤੋਂ ਵੱਡਾ, ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲਾ ਦੁਖਾਂਤ ਹੈ।

ਭਾਵੇਂ ਇੰਟਰਨੈੱਟ ਮੀਡੀਆ ਪ੍ਰਗਟਾਵੇ ਦੀ ਆਜ਼ਾਦੀ ਨੂੰ ਨਵੀਆਂ ਉਚਾਈਆਂ 'ਤੇ ਲੈ ਗਿਆ ਹੈ ਪਰੰਤੂ ਇਸਦੀ ਦੁਰਵਰਤੋਂ ਅਤੇ ਬੇਤਹਾਸ਼ਾ ਗੈਰ-ਮਿਆਰੀ ਸਮੱਗਰੀ ਇਸਨੂੰ ਨਵੀਆਂ ਨਿਵਾਣਾਂ ਵੱਲ ਵੀ ਖਿੱਚ ਰਹੀ ਹੈ। ਇਸ ਸਮੱਸਿਆ ਕਾਰਨ ਜਿਥੇ ਨਿੱਜਤਾ ਦੇ ਅਧਿਕਾਰਾਂ 'ਤੇ ਸਵਾਲੀਆ ਚਿੰਨ੍ਹ ਲੱਗ ਗਏ ਹਨ ਉਥੇ ਸਮਾਜ ਲਈ ਵੀ ਅਨੇਕਾਂ ਚੁਣੌਤੀਆਂ ਪੈਦਾ ਹੋ ਗਈਆਂ ਹਨ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤੀ ਮੀਡੀਆ ਦਾ ਬੀਤੇ 100 ਸਾਲ ਦਾ ਸਫ਼ਰ ਸਫ਼ਲਤਾ, ਸੰਘਰਸ਼ ਅਤੇ ਸਵੈਮਾਣ ਦੀ ਮਾਣਮੱਤੀ ਗਾਥਾ ਹੈ। ਸਫ਼ਲਤਾ, ਸੰਘਰਸ਼ ਤੇ ਸਵੈਮਾਣ ਦਾ ਇਹ ਸਫ਼ਰ ਅੱਜ ਵੀ ਜਾਰੀ ਹੈ ਪਰੰਤੂ ਸਮੁੱਚਾ ਦ੍ਰਿਸ਼ ਬਦਲ ਗਿਆ ਹੈ। ਅੱਜ ਇਕ ਪਾਸੇ ਇਸਨੇ ਮੀਡੀਆ ਮਰਿਯਾਦਾ ਨੂੰ ਨਿਭਾਉਣਾ ਹੈ, ਦੂਸਰੇ ਪਾਸੇ ਆਪਣੀ ਹੋਂਦ ਦੀ ਲੜਾਈ ਲੜਨੀ ਹੈ। ਪੈਂਡਾ ਵੀ ਔਖਾ ਹੈ, ਮੰਜ਼ਿਲ ਵੀ ਦੂਰ ਹੈ।




## ਯਾਦਾਂ ਦੇ ਝਰੋਖੇ ਚੋਂ: 2

# ਸਪੁਰਦਿ ਆਤਿਸ਼ ਬਨਾਮ ਸਪੁਰਦਿ ਖ਼ਾਕ

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)
ਪੰਜਾਬ ਮੇਲUSA



ਉਨੀਂ ਸੌ ਛਿਆਨਵੇਂ ਦੀ ਵਿਸਾਖੀ 'ਤੇ ਮੈਂ ਅਤੇ ਲੁਧਿਆਣਾ ਤੋਂ ਪਰਮਜੀਤ ਸਿੰਘ ਬਾਗੜੀਆ ਸਿੱਖ ਯਾਤਰੂਆਂ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਤਰਫੋਂ ਭੇਜੇ ਗਏ ਜਥੇ ਨਾਲ਼ ਪਾਕਿਸਤਾਨ ਗਏ। ਅਸੀਂ ਤਦੋਂ ਲੁਧਿਆਣਾ ਤੋਂ ਛਪਦੇ 'ਕੌਮਾਂਤਰੀ ਪੰਜ ਦਰਿਆ' ਮੰਥਲੀ ਨਿਊਜ਼ ਮੈਗਜ਼ੀਨ ਵਿਚ ਬਤੌਰ ਸਬ ਐਡੀਟਰ ਕੰਮ ਕਰਦੇ ਸਾਂ। ਮੁੱਖ ਸੰਪਾਦਕ ਅਤੇ ਮਾਲਕ ਉਘੇ ਉਦਯੋਗਪਤੀ ਅਤੇ ਪੰਜਾਬੀ ਚਿੰਤਕ ਸਰਦਾਰ ਅਸ਼ੋਕ ਸਿੰਘ ਗਰਚਾ ਸਨ। ਕੁਝ ਆਰਟੀਕਲਜ਼ ਦੀ ਤਿਆਰੀ ਅਤੇ ਲਹਿੰਦੇ ਪੰਜਾਬ ਦੀ ਤਰਜ਼-ਏ-ਜ਼ਿੰਦਗੀ ਨੂੰ ਨੇੜਿਉਂ ਗਾਹੁਣ ਲਈ ਉਨ੍ਹਾਂ ਦੇ ਹੁਕਮ 'ਤੇ ਸਾਨੂੰ ਵਾਹਗਿਓਂ ਪਾਰ ਜਾਣਾ ਨਸੀਬ ਹੋਇਆ। ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਤੋਂ ਬਾਅਦ ਸਾਡਾ ਆਖਰੀ ਪੜਾਅ ਲਾਹੌਰ ਵਿਖੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸੀ। ਸ਼ਾਹੀ ਕਿਲ੍ਹਾ, ਲਾਹੌਰ ਯੂਨੀਵਰਸਿਟੀ, ਓਰੀਐਂਟਲ ਕਾਲਜ, ਕਈ ਉਮਦਾ ਸ਼ਖ਼ਸੀਅਤਾਂ ਨੂੰ ਮਿਲਦਿਆਂ ਅਤੇ ਲਾਹੌਰ ਦੇ ਬਾਜ਼ਾਰਾਂ ਦਾ ਭ੍ਰਮਣ ਕਰਦਿਆਂ ਸ਼ਾਮ ਨੂੰ ਮੀਨਾਰਿ-ਪਾਕਿਸਤਾਨ ਦੇਖਣ ਗਏ। ਉਥੇ ਸਾਨੂੰ ਪੰਜਾਬੀ ਲਿਖਾਰੀ ਅਤੇ ਚਿੰਤਕ ਜਨਾਬ ਇਕਬਾਲ ਕੈਸਰ ਨੇ ਮੁਲਾਕਾਤ ਲਈ ਸਮਾਂ ਨੀਅਤ ਕੀਤਾ ਹੋਇਆ ਸੀ। ਉਸ ਤੋਂ ਪਹਿਲਾਂ ਹੀ ਮੁਸਲਿਮ ਮੁੰਡਿਆਂ ਦੀ ਭੀੜ ਨੇ ਸਾਨੂੰ ਘੇਰ ਲਿਆ। ਚੜ੍ਹਦੇ ਪੰਜਾਬੋਂ ਸਿੱਖ ਨੌਜਵਾਨਾਂ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਏ। ਕੀ ਖਾਣਾ ਐ, ਕੀ ਪੀਣਾ ਏ? ਚਲੋ 'ਟੇਸ਼ਣ 'ਤੇ ਚੱਲਦੇ ਆਂ, ਉਥੇ ਸ਼ਾਮ ਨੂੰ ਬੜੀ ਰੌਣਕ ਸਜਦੀ ਏ। ਨਹੀਂ ਪੰਜਾਬੀ ਫਿਲਮ ਦੇਖ ਕੇ ਆਉਂਦੇ ਆਂ। ਨਹੀਂ ਇਥੇ ਹੀ ਕੁੱਝ ਖਾਨੇ-ਪੀਨੇ ਆਂ, ਆਓ ਘਾਹ 'ਤੇ ਹੀ ਮਜਮ੍ਹਾ ਲਾ ਲਈਏ... ਵਗੈਰਾ-ਵਗੈਰਾ। ਤਰ੍ਹਾਂ-ਤਰ੍ਹਾਂ ਦੇ ਰੰਗ-ਬਿਰੰਗੇ ਸਵਾਲਾਂ ਦੀ ਉਨ੍ਹਾਂ ਸਾਡੇ ਅੱਗੇ ਝੜੀ ਲਾ ਦਿੱਤੀ। ਅਸੀਂ ਉਨ੍ਹਾਂ ਤੋਂ ਵਿਦਾਇਗੀ ਲੈਣ ਲੱਗੇ, ਤਾਂ ਇਕ ਮੁਸਲਿਮ ਨੌਜਵਾਨ ਬੋਲਿਆ, "ਤੁਹਾਡੀ ਸਿੱਖ ਕੌਮ ਵੀ ਯਾਰ ਬੜੀ ਜ਼ਾਲਮ ਅਤੇ ਨਿਰਦਈ ਏ। ਤੁਸੀਂ ਆਪਣੇ ਮੁਰਦਿਆਂ ਨੂੰ ਸਪੁਰਦਿ ਆਤਿਸ਼ (ਅਗਨ ਭੇਂਟ) ਕਰ ਦਿੰਦੇ ਹੋ। ਤੁਹਾਨੂੰ ਤਰਸ ਨਹੀਂ ਆਉਂਦਾ?" ਮੈਨੂੰ ਵੀ ਯਕਦਮ ਗੱਲ ਫੁਰ ਗਈ। ਮੈਂ ਉਨਾਂ ਨੂੰ ਪੁੱਛਿਆ ਕਿ ਤੁਹਾਨੂੰ ਵੀ ਆਪਣੇ ਮੁਰਦਿਆਂ 'ਤੇ ਤਰਸ ਨਹੀਂ ਆਉਂਦਾ? ਪੁੱਛਣ ਲੱਗੇ, ਉਹ ਕਿਵੇਂ? ਮੈਂ ਕਿਹਾ, ਤੁਸੀਂ ਛੇ ਫੁੱਟ ਡੂੰਘਾ ਟੋਆ ਪੁੱਟ ਕੇ ਮੁਰਦੇ ਨੂੰ ਸਪੁਰਦਿ ਖ਼ਾਕ (ਮਿੱਟੀ ਵਿਚ ਦਫ਼ਨ) ਕਰ ਦਿੰਦੇ ਹੋ। ਜੇ ਵਿਚਾਰੇ ਦਾ ਵਿਚ ਸਾਹ ਘੁੱਟ ਹੋ ਗਿਆ ਤਾਂ? -ਤਾਂ ਸਾਰੇ ਪਾਸੇ ਹਾਸੇ ਦੀ ਫ਼ੁਹਾਰ ਫੁੱਟ ਗਈ।



# ਕਿਉਂ ਵੱਧ ਰਹੇ ਮਨੁੱਖ ਤੇ ਪਸ਼ੂ ਹਾਦਸੇ



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



ਅਜੋਕੇ ਤੇਜ਼ ਰਫ਼ਤਾਰੀ ਯੁੱਗ ਵਿਚ ਜਿੱਥੇ ਵਸਤੂਵਾਦ ਨੇ ਜੀਵਨ ਦੀ ਰਫ਼ਤਾਰ ਨੂੰ ਤੇਜ਼ ਕੀਤਾ ਹੈ, ਉੱਥੇ ਹੀ ਸੜਕਾਂ 'ਤੇ ਮਨੁੱਖ ਤੇ ਪਸ਼ੂਆਂ ਦੇ ਵੱਧ ਰਹੇ ਹਾਦਸੇ ਦੁਨੀਆਂ ਭਰ ਵਿਚ ਇੱਕ ਗੰਭੀਰ ਸਮੱਸਿਆ ਦੇ ਤੌਰ 'ਤੇ ਉਭਰ ਕੇ ਸਾਹਮਣੇ ਆ ਰਹੇ ਹਨ। ਇਹ ਮਨੁੱਖਾਂ ਅਤੇ ਪਸ਼ੂਆਂ ਦੇ ਹਾਦਸੇ ਨਾ ਸਿਰਫ਼ ਮਾਲ ਸੰਪਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਮਨੁੱਖਾਂ ਅਤੇ ਪਸ਼ੂਆਂ ਦੀ ਮੌਤ ਦਾ ਕਾਰਨ ਵੀ ਬਣਦੇ ਹਨ। ਕਈ ਵਾਰੀ ਅਜਿਹੇ ਹਾਦਸਿਆਂ ਦੇ ਨਤੀਜੇ ਵਜੋਂ ਗੰਭੀਰ ਮਨੁੱਖੀ ਚੋਟਾਂ ਅਤੇ ਮੌਤਾਂ ਹੁੰਦੀਆਂ ਹਨ। ਬਹੁਤ ਵਾਰੀ ਇਹ ਰਾਸ਼ਟਰੀ ਰਸਤਿਆਂ ਅਤੇ ਹਾਈਵੇਆਂ 'ਤੇ ਆਮ ਟ੍ਰੈਫਿਕ ਨੂੰ ਵਿਘਟਿਤ ਕਰ ਸਕਦੇ ਹਨ। ਇਹ ਮਨੁੱਖਾਂ ਅਤੇ ਪਸ਼ੂਆਂ ਦੇ ਹਾਦਸੇ ਹਾਦਸਾਗ੍ਰਸਤ ਦੇ ਪਰਿਵਾਰਾਂ 'ਤੇ ਵੱਡਾ ਆਰਥਿਕ ਬੋਝ ਪਾਉਂਦੇ ਹਨ।

## ਸਮੱਸਿਆ ਦਾ ਬਿਆਨ ਅਤੇ ਪੈਮਾਨਾ

ਅੱਜਕੱਲ੍ਹ ਵਾਹਨਾਂ ਅਤੇ ਪਸ਼ੂਆਂ ਦੇ ਵਿਚਕਾਰ ਟਕਰਾਅ ਸੜਕਾਂ 'ਤੇ ਹਾਦਸਿਆਂ ਦਾ ਇੱਕ ਆਮ ਕਾਰਨ ਬਣ ਚੁੱਕਾ ਹੈ। ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸਰਕਾਰਾਂ ਦੇ ਡਾਟਾ ਅਤੇ ਮੀਡੀਆ ਨੇ ਸੜਕਾਂ 'ਤੇ ਘੁੰਮਣ ਵਾਲੇ ਪਸ਼ੂਆਂ ਨਾਲ ਸਬੰਧਿਤ ਸੈਂਕੜੇ ਮਨੁੱਖੀ ਨੁਕਸਾਨ ਅਤੇ ਕਈ ਦਰਦਨਾਕ ਹਾਦਸਿਆਂ ਦੀ ਰਿਪੋਰਟ ਕੀਤੀ ਹੈ। ਪੁਲਿਸ ਅਤੇ ਪ੍ਰਸ਼ਾਸਕੀ ਰਿਕਾਰਡ ਅਨੁਸਾਰ ਦੁਨੀਆਂ ਭਰ ਵਿਚ ਪਿਛਲੇ ਕੁਝ ਸਾਲਾਂ ਵਿਚ ਹੋਏ ਸੜਕ ਹਾਦਸਿਆਂ ਦੇ ਕਾਰਨ ਸੈਂਕੜੇ ਮੌਤਾਂ ਅਤੇ ਗੰਭੀਰ ਸੱਟਾਂ ਫੇਟਾਂ ਦਾ ਹਵਾਲਾ ਦਰਸਾਉਂਦੇ ਹਨ, ਜੋ ਕਿ ਵਾਹਨਾਂ ਤੇ ਪਸ਼ੂਆਂ ਦੇ ਟਕਰਾਅ ਨਾਲ ਜੁੜੇ ਹੋਏ ਹਨ।

## ਇੱਕ ਦੁੱਖਦਾਇਕ ਉਦਾਹਰਨ: ਰਾਜਵੀਰ ਜਵੰਦਾ

ਪ੍ਰਸਿੱਧ ਨੌਜਵਾਨ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਹਾਲੀਆ ਮੌਤ ਜਿਸ ਵਿਚ ਉਹ ਆਵਾਰਾ ਪਸ਼ੂਆਂ ਨਾਲ ਟਕਰਾ ਗਏ ਸਨ ਅਤੇ ਬਾਅਦ ਵਿਚ ਆਪਣੇ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਇਸ ਦਰਦਨਾਕ ਮਨੁੱਖੀ ਹਾਦਸੇ ਨੇ ਇਸ ਖ਼ੂਨੀ ਸਮੱਸਿਆ ਦਾ ਜਨਤਕ ਧਿਆਨ ਖਿੱਚਿਆ ਹੈ ਅਤੇ ਨਿਆਂਪਾਲਿਕਾ ਅਤੇ ਪ੍ਰਸ਼ਾਸਕੀ ਧਿਆਨ ਨੂੰ ਉਤਪੰਨ ਕੀਤਾ ਹੈ। ਹਿਮਾਚਲ ਪ੍ਰਦੇਸ਼ ਹਾਈ ਕੋਰਟ ਅਤੇ ਰਾਜ ਅਧਿਕਾਰੀਆਂ ਨੇ ਇਸ ਘਟਨਾ ਤੋਂ ਬਾਅਦ ਆਵਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਸਰਕਾਰੀ ਏਜੰਸੀਆਂ ਤੋਂ ਜਵਾਬ ਮੰਗਿਆ ਹੈ। ਇਹ ਕੇਸ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਇੱਕ ਇਕੱਲੀ ਘਟਨਾ ਵਿਸ਼ਾਲ ਸ਼ਾਸਕੀ ਖਾਮੀਆਂ (ਗਲੀ ਕੂਚਿਆਂ ਦਾ ਕੂੜਾ ਪ੍ਰਬੰਧਨ, ਹਾਈਵੇਆਂ 'ਤੇ ਪਸ਼ੂਆਂ ਦੀ ਨਿਗਰਾਨੀ, ਐਮਰਜੈਂਸੀ ਰਾਹਤ) ਦੀਆਂ ਖਾਮੀਆਂ ਨੂੰ ਖੋਲ੍ਹ ਸਕਦੀ ਹੈ।

## ਆਵਾਰਾ ਪਸ਼ੂਆਂ ਦੇ ਸੜਕਾਂ 'ਤੇ ਆਉਣ ਦਾ ਕਾਰਨ

ਆਵਾਰਾ ਪਸ਼ੂਆਂ ਦੇ ਸੜਕਾਂ ਦੇ ਰਸਤੇ 'ਤੇ ਆਉਣ ਦੇ ਕਈ ਕਾਰਨ ਹਨ:

1. **ਸ਼ਹਿਰੀ ਕੂੜਾ ਕੱਚਰਾ ਅਤੇ ਖਾਣ-ਪੀਣ ਦੀ ਉਪਲਬਧਤਾ:** ਕੂੜੇ ਦੇ ਢੇਰ ਅਤੇ ਖੁੱਲ੍ਹੇ ਕੱਚਰੇ ਨੇ ਸ਼ਹਿਰ ਦੀਆਂ ਗਲੀਆਂ ਵਿਚ ਆਵਾਰਾ ਜਾਨਵਰਾਂ ਨੂੰ ਆਪਣੇ ਵੱਲ ਖਿੱਚਿਆ ਹੈ। ਢੰਗ ਨਾਲ ਪ੍ਰਬੰਧਿਤ ਨਾ ਕੀਤਾ ਗਿਆ ਸ਼ਹਿਰ ਦਾ ਕੂੜਾ ਇਸ ਸਮੱਸਿਆ ਦਾ ਮੁੱਖ ਕਾਰਨ ਮੰਨਿਆ ਗਿਆ ਹੈ।
2. **ਆਵਾਰਾ ਛੱਡਣਾ:** ਆਰਥਿਕ ਦਬਾਅ, ਕੁਝ ਰਾਜਾਂ ਵਿਚ ਕਤਲ 'ਤੇ ਨਿਯਮ ਅਤੇ ਅਣਉਪਯੋਗ ਪਸ਼ੂਆਂ ਨੂੰ ਨਾ ਰੱਖਣ ਲਈ ਮਾਲਕਾਂ ਲਈ ਕਮਜ਼ੋਰ ਕਾਨੂੰਨ ਨੇ ਜਾਨਵਰਾਂ ਨੂੰ ਆਵਾਰਾ ਛੱਡਣ ਜਾਂ ਅਣਕਾਬੂ ਚਰਾਈ ਵਿਚ ਯੋਗਦਾਨ ਦਿੱਤਾ ਹੈ।
3. **ਆਵਾਰਾ ਜਾਨਵਰਾਂ ਲਈ ਰਹਿਣ ਬਸੇਰਿਆਂ ਦੀ ਘਾਟ:** ਨਗਰੀ ਅਧਿਕਾਰੀਆਂ ਕੋਲ ਅਕਸਰ ਘੱਟ ਗਿਣਤੀ ਬਚਾਅ ਟੀਮਾਂ ਅਤੇ ਹਾਈਵੇਜ਼ ਤੋਂ ਪਸ਼ੂਆਂ ਨੂੰ ਸੁਰੱਖਿਅਤ ਤਰੀਕੇ ਨਾਲ ਹਟਾਉਣ ਲਈ ਆਵਾਜਾਈ ਦੀ ਘਾਟ ਹੁੰਦੀ ਹੈ। ਨਿਆਂਪਾਲਿਕਾ ਦੇ ਹੁਕਮ ਅਤੇ ਮੀਡੀਆ ਦੀ ਕਵਰੇਜ ਅਕਸਰ ਸਮਰੱਥਾ ਵਾਲੀਆਂ ਹੈਲਪਲਾਈਨਾਂ ਅਤੇ ਸੁਧਾਰ ਯੁਕਤ ਨਗਰੀ ਕਾਰਵਾਈ ਦੀ ਸਿਫਾਰਿਸ਼ ਕਰਦੀ ਹੈ।
4. **ਫੈਂਸਿੰਗ ਰਹਿਤ ਸੜਕ ਡਿਜ਼ਾਈਨ, ਖ਼ਰਾਬ ਰੋਸ਼ਨੀ** : ਰਾਤ ਦੇ ਸਮੇਂ ਤੇਜ਼ ਗਤੀ, ਅਣਉਪਯੋਗ ਹਾਈਵੇ ਫੈਂਸਿੰਗ ਅਤੇ ਸੀਮਿਤ ਰੌਸ਼ਨੀ ਪਸ਼ੂ-ਵਾਹਨ ਟਕਰਾਵਾਂ ਨੂੰ ਹੋਰ ਵੀ ਖਤਰਨਾਕ ਬਣਾਉਂਦੀਆਂ ਹਨ।

## ਮਨੁੱਖ, ਪਸ਼ੂ ਅਤੇ ਪ੍ਰਣਾਲੀਕ ਪ੍ਰਭਾਵ

**ਮਨੁੱਖੀ ਲਾਗਤ:** ਮਨੁੱਖਾਂ ਅਤੇ ਪਸ਼ੂਆਂ ਦੇ ਟਕਰਾਵਾਂ ਦੇ ਨਤੀਜ਼ੇ ਵਜੋਂ ਦੋਹਾਂ ਦੀਆਂ ਮੌਤਾਂ ਅਤੇ ਗੰਭੀਰ ਸੱਟਾਂ ਫੇਟਾਂ ਹੁੰਦੀਆਂ ਹਨ (ਖਾਸ ਕਰਕੇ ਦੋ ਪਹੀਆ ਵਾਲੇ ਸਵਾਰੀਆਂ ਵਿਚ) ਅਤੇ ਪਰਿਵਾਰਾਂ 'ਦਾ ਆਰਥਿਕ ਨੁਕਸਾਨ ਹੁੰਦਾ ਹੈ। ਉੱਚ-ਪ੍ਰੋਫਾਈਲ ਮੌਤਾਂ ਨੇ ਜਨਤਾ ਦੇ ਗੁੱਸੇ ਨੂੰ ਵਧਾਇਆ ਹੈ ਅਤੇ ਜਵਾਬਦੇਹੀ ਦੀ ਮੰਗ ਕੀਤੀ ਹੈ।

## ਪਸ਼ੂਆਂ ਦਾ ਦੁੱਖ

ਬਹੁਤ ਪਸ਼ੂ ਅਕਸਰ ਇਨ੍ਹਾਂ ਟਕਰਾਵਾਂ ਵਿਚ ਮਰ ਜਾਂ ਗੰਭੀਰ ਚੋਟਾਂ ਦਾ ਸ਼ਿਕਾਰ ਹੁੰਦੇ ਹਨ। ਮੀਡੀਆ ਦੀਆਂ ਰਿਪੋਰਟਾਂ ਨੇ ਸੜਕ ਹਾਦਸਿਆਂ ਵਿਚ ਸੈਂਕੜੇ ਪਸ਼ੂਆਂ ਦੀ ਮੌਤ ਦਾ ਹਿਸਾਬ ਕੀਤਾ ਹੈ।

## ਸਿਸਟਮ ਲਾਗਤ:

ਐਮਰਜੈਂਸੀ ਪ੍ਰਤੀਕ੍ਰਿਆ, ਹਸਪਤਾਲਾਂ ਵਿਚ ਟ੍ਰਾਮਾ ਦੇ ਇਲਾਜ, ਸੜਕਾਂ ਦੀ ਬੰਦਿਸ਼ ਅਤੇ ਵਾਹਨਾਂ ਨੂੰ ਹੋਣ ਵਾਲਾ ਨੁਕਸਾਨ ਲੋਕ ਸੇਵਾਵਾਂ ਅਤੇ ਨਿੱਜੀ ਨਾਗਰਿਕਾਂ 'ਤੇ ਵੱਡਾ ਆਰਥਿਕ ਬੋਝ ਪਾਉਂਦਾ ਹੈ।

## ਨੀਤੀ-ਆਧਾਰਿਤ ਹੱਲ

ਇੱਕ ਪ੍ਰਭਾਵਸ਼ਾਲੀ ਜਵਾਬ ਨੂੰ ਇੱਕਠਾ ਕੀਤਾ ਜਾਣਾ ਚਾਹੀਦਾ ਹੈ, ਜੋ ਰੋਕਥਾਮ (ਆਧਾਰਭੂਤ ਢਾਂਚਾ ਅਤੇ ਨਗਰੀ ਸੇਵਾਵਾਂ), ਤੇਜ਼ ਹਟਾਉਣ/ਪੁਨਰਹਬਿਲਿਟੇਸ਼ਨ, ਛੱਡਣ ਦੇ ਲਈ ਕਾਨੂੰਨੀ ਰੋਕਥਾਮ ਅਤੇ ਪਸ਼ੂਆਂ ਨੂੰ ਮਨੁੱਖਤਾ ਨਾਲ ਸਲੂਕ ਕਰਨ ਵਾਲੀਆਂ ਸੁਰੱਖਿਆਵਾਂ ਨੂੰ ਜੋੜਦਾ ਹੈ।

## ੳ. ਢਾਂਚਾ ਅਤੇ ਇੰਜੀਨੀਅਰਿੰਗ

1. **ਫੈਂਸਿੰਗ ਅਤੇ ਨਿਯੰਤਰਿਤ ਪਾਸੇ।**
ਹਾਈਵੇਜ਼ 'ਤੇ ਫੈਂਸਿੰਗ, ਜਾਨਵਰਾਂ ਦੇ ਰੋਕਥਾਮ ਲਈ ਪ੍ਰਾਥਮਿਕਤਾ ਦੇਣਾ ਅਤੇ ਜਿੱਥੇ ਸੰਭਵ ਹੋਵੇ ਉੱਥੇ ਢੰਗ ਨਾਲ ਡਿਜ਼ਾਇਨ ਕੀਤੇ ਗਏ ਅੰਡਰਪਾਸ/ਓਵਰਪਾਸ।
2. **ਸੁਚੱਜਾ ਪ੍ਰਕਾਸ਼ ਅਤੇ ਪ੍ਰਤੀਬਿੰਬ।**
ਸੜਕ ਦੀ ਸੁਚੱਜੀ ਰੋਸ਼ਨੀ, ਪ੍ਰਤੀਬਿੰਬਿਤ ਸਾਈਨਜ਼ ਅਤੇ ਨਿਸ਼ਾਨਿਆਂ 'ਤੇ ਲੋਡ-ਕੋਸਟ ਉਪਾਅ (ਜਿਵੇਂ ਕਿ ਲਕੜੀਆਂ ਦੇ ਕੋਣਾਂ ਜਾਂ ਪਸ਼ੂਆਂ ਦੇ ਕਾਲਰ 'ਤੇ ਪ੍ਰਤੀਬਿੰਬਿਤ ਬੈਂਡ) ਰਾਤ ਦੇ ਸਮੇਂ ਟਕਰਾਵਾਂ ਦੇ ਖਤਰੇ ਨੂੰ ਘਟਾ ਸਕਦੇ ਹਨ।
3. **ਟਰੈਫਿਕ ਸ਼ਾਂਤ ਕਰਨ ਅਤੇ ਚੇਤਾਵਨੀ ਪ੍ਰਣਾਲੀਆਂ।**
ਰੰਬਲ ਸਟਰਿੱਪ, ਉੱਚ-ਘਟਨਾ ਵਾਲੇ ਖੇਤਰਾਂ ਵਿਚ ਘੱਟ ਗਤੀ ਦੀ ਸੀਮਾ ਅਤੇ ਗਤੀਸ਼ੀਲ ਪਸ਼ੂ-ਚੇਤਾਵਨੀ ਸਾਈਨਜ਼ ਇਸ ਸਮੱਸਿਆ ਨੂੰ ਹੱਲ ਕਰਨ ਵਿਚ ਅਹਿਮ ਭੂਮਿਕਾ ਅਦਾ ਕਰ ਸਕਦੇ ਹਨ।

## ਅ. ਨਗਰੀ ਸੇਵਾਵਾਂ ਅਤੇ ਪਸ਼ੂ ਪ੍ਰਬੰਧਨ

1. **ਖਾਸ ਰਿਪੋਰਟਿੰਗ ਅਤੇ ਤੇਜ਼-ਪ੍ਰਤੀਕ੍ਰਿਆ ਹੈਲਪਲਾਈਨਾਂ।**
ਇੱਕ ਹੀ ਨੰਬਰ ਰਿਪੋਰਟਿੰਗ ਪ੍ਰਣਾਲੀ ਜੋ ਨਗਰੀ ਪਸ਼ੂ ਸਕਵਾਇਡਾਂ ਅਤੇ ਟ੍ਰੈਫਿਕ ਪੁਲਿਸ ਨੂੰ ਜੋੜਦੀ ਹੈ, ਤਾਂ ਕਿ ਆਵਾਰਾ ਛੱਡੇ ਹੋਏ ਪਸ਼ੂਆਂ ਨੂੰ ਜਲਦੀ ਹਟਾਇਆ ਜਾ ਸਕੇ।
2. **ਚੰਗੇ ਰਹਿਣ ਬਸੇਰੇ ਅਤੇ ਇਲਾਜ ਕੇਂਦਰ।**
ਸਥਾਨਕ ਸਰਕਾਰਾਂ ਨੂੰ ਚੰਗੀ ਤਰ੍ਹਾਂ ਚੱਲ ਰਹੇ ਸ਼ੈਲਟਰ ਜਾਂ ਰਹਿਣ ਬਸੇਰੇ ਚਲਾਉਣੇ ਅਤੇ ਪ੍ਰਮਾਣਿਤ ਕਰਨੇ ਚਾਹੀਦੇ ਹਨ, ਜੋ ਪਸ਼ੂਆਂ ਨੂੰ ਰੱਖਣ, ਇਲਾਜ ਕਰਨ ਅਤੇ ਸੰਭਵ ਹੋਣ 'ਤੇ ਮਾਲਿਕਾਂ ਨਾਲ ਮੁੜ ਮਿਲਾਉਣ ਯੋਗ ਹੋਣ।
3. **ਕੱਚਰੇ ਦੇ ਪ੍ਰਬੰਧਨ ਵਿਚ ਸੁਧਾਰ।**
ਖੁੱਲ੍ਹੇ ਕੂੜਾ ਘਰਾਂ ਨੂੰ ਰੋਕਣ ਲਈ ਕਾਨੂੰਨੀ ਸੁਧਾਰ ਬਣਾਏ ਜਾਣ ਚਾਹੀਦੇ ਹਨ ਅਤੇ ਸੜਕ-ਸਤਹ ਦੇ ਕੱਚਰੇ ਦੀ ਇਕੱਤਰਤਾ ਵਿਚ ਸੁਧਾਰ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ, ਜਿਸ ਨਾਲ ਉਹ ਖਾਣ-ਪੀਣ ਦਾ ਖੱਚਰਾਂ (ਫੂਡ ਵੈਸਟ) ਹਟਾਇਆ ਜਾ ਸਕਦਾ ਹੈ, ਜੋ ਪਸ਼ੂਆਂ ਨੂੰ ਸੜਕਾਂ 'ਤੇ ਆਕਰਸ਼ਿਤ ਕਰਦਾ ਹੈ।
4. **ਸਟਰਿਲਾਈਜ਼ੇਸ਼ਨ, ਟੈਗਿੰਗ ਅਤੇ ਰਿਕਾਰਡ।**
ਜਿੱਥੇ ਯੋਗ ਹੋਵੇ ਮਾਲਕੀ ਪਸ਼ੂਆਂ ਦੀ ਪਛਾਣ (ਟੈਗ/ਮਾਈਕ੍ਰੋਚਿਪ) ਨਾਲ ਸਟਰਿਲਾਈਜ਼ੇਸ਼ਨ ਨੂੰ ਜੋੜਨਾ ਜਿੱਥੇ ਅਵਾਰਾ ਛੱਡੇ ਹੋਏ ਆਬਾਦੀਆਂ ਵਿਚ ਮਾਦਾ ਜਾਨਵਰ ਦਾ ਸ਼ਾਮਲ ਹੋਣਾ ਆਬਾਦੀ ਵਾਧੇ ਵਿਚ ਯੋਗਦਾਨ ਦੇ ਸਕਦਾ ਹੈ।

## ੲ. ਸਮੁਦਾਇਕ ਪ੍ਰੋਤਸਾਹਨ ਅਤੇ ਮਾਲਿਕ ਦੀ ਜਵਾਬਦੇਹੀ

1. **ਮਾਲਿਕਾਂ ਦੀ ਰਜਿਸਟ੍ਰੇਸ਼ਨ ਅਤੇ ਜਵਾਬਦੇਹੀ।**
ਇਹ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ ਕਿ ਜਾਨਵਰਾਂ ਦੇ ਮਾਲਿਕਾਂ ਨੂੰ ਪਸ਼ੂਆਂ ਨੂੰ ਰਜਿਸਟਰ ਕਰਨ ਅਤੇ ਦੇਖਭਾਲ ਯਕੀਨੀ ਬਣਾਉਣ ਦੀ ਲੋੜ ਹੈ; ਜਾਣਬੁੱਝ ਕੇ ਆਵਾਰਾ ਛੱਡਣ ਲਈ ਸਜ਼ਾਵਾਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
2. **ਮਨੁੱਖਤਾ ਨਾਲ ਪਸ਼ੂ ਘਰਾਂ ਵਿਚ ਛੱਡਣ ਲਈ ਪ੍ਰੋਤਸਾਹਨ।**
ਆਵਾਰਾ ਛੱਡਣ ਦੀ ਬਜਾਏ ਪਸ਼ੂਆਂ ਨੂੰ ਪਸ਼ੂ ਘਰਾਂ (ਸ਼ੈਲਟਰ ਘਰਾਂ) ਵਿਚ ਛੱਡਣ ਲਈ ਮਾਲਿਕਾਂ ਨੂੰ ਛੋਟੀ ਆਰਥਿਕ ਜਾਂ ਸੇਵਾ ਸੰਬੰਧੀ ਪ੍ਰੋਤਸਾਹਨ ਦਿੱਤੇ ਜਾਣ ਚਾਹੀਦੇ ਹਨ।

## ਕਾਨੂੰਨੀ ਅਤੇ ਨਿਯਮਕ ਢਾਂਚਾ – ਹੱਕਾਂ ਅਤੇ ਜਨਤਾ ਦੀ ਸੁਰੱਖਿਆ ਵਿਚ ਸੰਤੁਲਨ

ਭਾਰਤ ਦੇ ਸੰਵਿਧਾਨਿਕ ਅਤੇ ਕਾਨੂੰਨੀ ਢਾਂਚੇ ਨੇ ਪਹਿਲਾਂ ਹੀ ਪਸ਼ੂਆਂ ਦੀ ਭਲਾਈ ਨੂੰ ਮੰਨਿਆ ਹੈ ਅਤੇ ਰਾਜ ਅਤੇ ਨਾਗਰਿਕਾਂ 'ਤੇ ਕਾਨੂੰਨ ਲਗਾਏ ਹਨ। ਪਸ਼ੂਆਂ ਦੇ ਪ੍ਰਤੀ ਬੇਇਨਸਾਫੀ ਰੋਕਣ ਦੇ ਕਾਨੂੰਨ, ਸਬੰਧਿਤ ਨਿਯਮ (ਜਿਵੇਂ ਕਿ ਕੁੱਤਿਆਂ ਲਈ ਪਸ਼ੂ ਜਨਨ ਨਿਯੰਤਰਣ) ਅਤੇ ਸੰਵਿਧਾਨਿਕ ਨਿਰਦੇਸ਼ ਇਕ ਨੈਤਿਕ ਅਤੇ ਕਾਨੂੰਨੀ ਆਧਾਰ ਪ੍ਰਦਾਨ ਕਰਦੇ ਹਨ। ਪਰੰਤੂ ਕਾਰਜਕਾਰੀ ਖਾਮੀਆਂ ਹਨ, ਜਿਵੇਂ ਕਿ ਲਾਗੂ ਕਰਨ ਵਿਚ, ਅਧਿਕਾਰਾਂ ਦੇ ਅਧਿਕਾਰ (ਪੰਚਾਇਤ, ਰਾਜ ਟਰਾਂਸਪੋਰਟ, ਪਸ਼ੂ ਪਾਲਣ) ਵਿਚ ਝਗੜਾ ਅਤੇ ਛੱਡੇ ਹੋਏ ਆਵਾਰਾ ਪਸ਼ੂਆਂ ਲਈ ਸਾਫ਼, ਕਾਰਜਕਾਰੀ ਪ੍ਰੋਟੋਕੋਲ ਦੀ ਘਾਟ।

## ਕਾਨੂੰਨੀ ਤੌਰ 'ਤੇ ਸੁਸੰਗਤ ਪਹੁੰਚ

ਛੱਡੇ ਹੋਏ ਵੱਡੇ ਆਵਾਰਾ ਪਸ਼ੂਆਂ ਦੇ ਪ੍ਰਬੰਧ ਲਈ ਇੱਕ ਮਾਡਲ ਰਾਜ ਕਾਨੂੰਨ ਜਾਂ ਪ੍ਰੋਟੋਕੋਲ। ਕੇਂਦਰੀ ਮਾਰਗਦਰਸ਼ਨ ਨੂੰ ਵੈਟਰਨਰੀ ਟੀਮਾਂ, ਸ਼ਹਿਰੀ ਪ੍ਰਸ਼ਾਸਕਾਂ ਅਤੇ ਪਸ਼ੂ ਭਲਾਈ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰਕੇ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜੋ ਨਿਯਮਿਤ ਮਿਆਰ ਸਥਾਪਿਤ ਕਰੇਗਾ: (ਕ) ਆਵਾਰਾ ਪਸ਼ੂਆਂ ਨੂੰ ਜਲਦੀ ਹਟਾਉਣਾ; (ਖ) ਮਨੁੱਖੀ ਤਰੀਕੇ ਨਾਲ ਕੈਦ ਕਰਨਾ; (ਗ) ਰਿਕਾਰਡ-ਕੀਪਿੰਗ ਅਤੇ ਟੈਗਿੰਗ; (ਘ) ਛੱਡਣ ਲਈ ਮਾਲਿਕ ਦੀ ਜਵਾਬਦੇਹੀ; ਅਤੇ (ङ) ਮੌਤ ਜਾਂ ਲੰਬੇ ਸਮੇਂ ਲਈ ਪਸ਼ੂ ਘਰਾਂ (ਸ਼ੈਲਟਰਿੰਗ) ਲਈ ਮਾਪਦੰਡ ਜੋ ਲਾਜ਼ਮੀ ਅਤੇ ਮਨੁੱਖਤਾ ਵਾਲੇ ਹੋਣ।

## ਕਾਨੂੰਨੀ ਰਿਪੋਰਟਿੰਗ ਅਤੇ ਡੇਟਾ ਇਕੱਤਰ ਕਰਨ ਦੀ ਲੋੜ।

ਪਸ਼ੂ ਭਲਾਈ ਬੋਰਡ ਤੋਂ ਇਹ ਲਾਜ਼ਮੀ ਹੈ ਕਿ ਉਹ ਪਸ਼ੂ ਸੰਬੰਧੀ ਸੜਕ ਹਾਦਸਿਆਂ ਨੂੰ ਇੱਕ ਮਿਆਰੀ ਕੋਡ ਦੀ ਵਰਤੋਂ ਕਰਕੇ ਲਾਗੂ ਕੀਤੇ ਜਾਣ, ਤਾਂ ਜੋ ਹੌਟਸਪੌਟਾਂ ਦੀ ਪ੍ਰਾਥਮਿਕਤਾ ਕਰਨ ਅਤੇ ਨੀਤੀ ਦੇ ਪ੍ਰਭਾਵ ਨੂੰ ਮਾਪਣ ਵਿਚ ਸਹਾਇਤਾ ਮਿਲ ਸਕੇ।

## ਮੁਆਵਜ਼ਾ ਅਤੇ ਪੀੜਤ ਸਹਾਇਤਾ ਯੋਜਨਾ।

ਜਿੱਥੇ ਪ੍ਰਮਾਣਿਕ ਬੇਪਰਵਾਹੀ ਨੇ ਕਿਸੇ ਮੌਤ ਵਿਚ ਯੋਗਦਾਨ ਦਿੱਤਾ, ਉੱਥੇ ਪੀੜਤ ਰਾਹਤ ਲਈ ਇੱਕ ਪ੍ਰਸ਼ਾਸਕੀ ਰਸਤਾ ਪ੍ਰਦਾਨ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਜ਼ਿੰਮੇਵਾਰ ਨਾਗਰਿਕ ਤੋਂ ਖ਼ਰਚ ਜਾਂ ਮੁਆਵਜ਼ਾ ਲੈਣਾ ਚਾਹੀਦਾ ਹੈ।

## ਪਸ਼ੂਆਂ ਦੇ ਹੱਕਾਂ ਲਈ ਸੁਰੱਖਿਆਵਾਂ।

ਕਿਸੇ ਵੀ ਕਾਨੂੰਨੀ ਢਾਂਚੇ ਨੂੰ ਪਸ਼ੂਆਂ ਦੇ ਪ੍ਰਤੀ ਬੇਇਨਸਾਫੀ ਰੋਕਣ ਦੇ ਕਾਨੂੰਨ ਦੇ ਨਾਲ ਹਮਦਰਦ ਮਨੁੱਖੀ ਵਿਹਾਰ ਕਰਨ ਦੀ ਲੋੜ ਹੈ ਅਤੇ ਕੈਦ/ਕੈਦ ਕਰਨ ਦੇ ਕਾਰਜਾਂ ਵਿਚ ਗੈਰਕਾਨੂੰਨੀ ਕਤਲ ਜਾਂ ਬੇਇਨਸਾਫੀ ਨੂੰ ਰੋਕਣਾ ਚਾਹੀਦਾ ਹੈ। ਪਸ਼ੂ ਘਰਾਂ (ਸ਼ੈਲਟਰਾਂ) ਅਤੇ ਬਚਾਅ ਸਕੁਆਇਡਾਂ ਨੂੰ ਵੈਟਰਨਰੀ ਨਿਗਰਾਨੀ ਦੇ ਤਹਿਤ ਕੰਮ ਕਰਨਾ ਚਾਹੀਦਾ ਹੈ।

ਸੜਕਾਂ 'ਤੇ ਛੱਡੇ ਹੋਏ ਆਵਾਰਾ ਪਸ਼ੂਆਂ ਦੀ ਸਮੱਸਿਆ ਸੜਕ ਸੁਰੱਖਿਆ, ਸ਼ਹਿਰੀ ਪ੍ਰਸ਼ਾਸਨ ਅਤੇ ਪਸ਼ੂ ਭਲਾਈ ਦੇ ਰਾਹ ਵਿਚ ਇੱਕ ਨੀਤੀ ਚੁਣੌਤੀ ਦਰਸਾਉਂਦੀ ਹੈ। ਨੌਜਵਾਨ ਗਾਇਕ ਰਾਜਵੀਰ ਜਵੰਦਾ ਦੀ ਦੁਖਦਾਈ ਘਟਨਾ ਇਸ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਸੈਂਕੜੇ ਜੀਵਨ ਇਸ ਕਰਕੇ ਨਹੀਂ ਗੁਆਚੇ ਕਿ ਆਵਾਰਾ ਪਸ਼ੂਆਂ ਸੜਕਾਂ 'ਤੇ ਹਨ ਪਰ ਇਸ ਲਈ ਕਿ ਸਰਕਾਰਾਂ ਇੱਕ ਯੋਗ ਪ੍ਰਬੰਧਨ ਪ੍ਰਣਾਲੀ ਪ੍ਰਦਾਨ ਕਰਨ ਵਿਚ ਅਸਫਲ ਰਹੀਆਂ ਹਨ, ਜਿਸ ਨਾਲ ਪਸ਼ੂ ਜਨਨ ਨਿਯੰਤਰਣ, ਹਾਈਵੇ ਸੁਰੱਖਿਆ ਅਤੇ ਕਾਨੂੰਨੀ ਜਵਾਬਦੇਹੀ ਦੀਆਂ ਖਾਮੀਆਂ ਇਸ ਤਰ੍ਹਾਂ ਦੇ ਟਕਰਾਵਾਂ ਨੂੰ ਰੋਕਣ ਵਿਚ ਅਸਫ਼ਲ ਹਨ। ਇੱਕ ਨੈਤਿਕ, ਮਨੁੱਖੀ ਕਾਨੂੰਨੀ ਢਾਂਚਾ ਜੋ ਕਾਰਜਕਾਰੀ ਸ਼ਹਿਰੀ ਉਪਾਅ (ਹੈਲਪਲਾਈਨਾਂ, ਸ਼ੈਲਟਰ, ਕੂੜਾ ਪ੍ਰਬੰਧਨ (ਵੈਸਟ ਨਿਯੰਤਰਣ), ਖਾਸ ਇੰਜੀਨੀਅਰਿੰਗ (ਫੈਂਸਿੰਗ, ਰੌਸ਼ਨੀ) ਅਤੇ ਸਮੁਦਾਇਕ ਪ੍ਰੋਤਸਾਹਨ ਨਾਲ ਮਿਲ ਕੇ ਇਸ ਭਾਰ ਨੂੰ ਘੱਟ ਕਰ ਸਕਦਾ ਹੈ। ਐਸਾ ਜਵਾਬ ਮਨੁੱਖੀ ਜੀਵਨ ਅਤੇ ਗਤੀਸ਼ੀਲਤਾ ਦੀ ਸੁਰੱਖਿਆ ਕਰਦਾ ਹੈ, ਜਿਸ ਨਾਲ ਪਸ਼ੂਆਂ ਨੂੰ ਧਿਆਨ ਨਾਲ ਸੰਭਾਲਣ ਦੀ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਦਾ ਆਦਰ ਕੀਤਾ ਜਾਂਦਾ ਹੈ, ਇਹ ਹੀ ਇਸ ਸਮੱਸਿਆ ਦਾ ਇਕੱਲਾ ਟਿਕਾਊ ਹੱਲ ਹੈ।

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



# ਹਰਾ ਪੈੱਨ ਬਨਾਮ ਪੀਲਾ ਪੰਜਾ

**ਮਈ ਮਹੀਨੇ ਅਚਾਨਕ ਪੰਜਾਬ ਦੇ ਸਿਰਮੌਰ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋ ਜਾਂਦਾ ਹੈ, ਜਿੱਥੇ 'ਆਪ' ਸਰਕਾਰ ਪਹਿਲੀ ਵਾਰ ਜਵਾਬਦੇਹ ਬਣਦੀ ਹੈ। ਸ਼ਾਇਦ ਇਹੀ ਕਾਰਨ ਹੋ ਸਕਦੈ ਜਾਂ ਫਿਰ ਕੁਰਸੀ ਮਿਲਣ 'ਤੇ ਪਾਰਟੀ ਦੇ ਵਰਕਰਾਂ, ਵਲੰਟੀਅਰਾਂ, ਆਗੂਆਂ ਤੇ ਮੰਤਰੀਆਂ ਦੇ ਰਵੱਈਏ 'ਚ ਇੱਕਦਮ ਆਈ ਤਬਦੀਲੀ ਵੀ ਮੁੱਖ ਮੰਤਰੀ ਵੱਲੋਂ ਛੱਡੀ ਸੰਗਰੂਰ ਦੀ ਸੀਟ ਹਾਰਨ ਦਾ ਕਾਰਨ ਹੋ ਸਕਦੈ। ਸੋਚਣ ਵਾਲੀ ਗੱਲ ਹੈ ਕਿ ਤਿੰਨ ਕੁ ਮਹੀਨੇ ਪਹਿਲਾਂ 92 ਸੀਟਾਂ ਜਿੱਤਣ ਵਾਲੀ ਪਾਰਟੀ ਸੰਗਰੂਰ ਲੋਕ ਸਭਾ ਦੀ ਸੀਟ ਨਾ ਬਚਾਅ ਸਕੀ।**

ਗੱਲ ਸ਼ੁਰੂ ਤੋਂ ਹੀ ਸ਼ੁਰੂ ਕਰਦਾਂ, ਜਦੋਂ ਸਤੌਜ ਆਲੇ ਮਾਸਟਰ ਦੇ ਮੁੰਡੇ ਨੂੰ ਕੋਈ ਨਹੀਂ ਸੀ ਜਾਣਦਾ। ਸੁਰਸੰਗਮ ਵਾਲੇ ਜਰਨੈਲ ਘੁਮਾਣ ਹੁਰਾਂ ਨੇ ਕੁਲਫ਼ੀ ਗਰਮਾ-ਗਰਮ ਰਾਹੀਂ ਇੱਕ ਕਾਮੇਡੀਅਨ ਮੁੰਡੇ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਤੇ ਸਤੌਜ ਵਾਲੇ ਮਾਸਟਰ ਦਾ ਮੁੰਡਾ ਭਗਵੰਤ ਮਾਨ ਦਿਨਾਂ 'ਚ ਮਸ਼ਹੂਰ ਹੋ ਗਿਆ। ਫਿਰ ਮਿੱਠੀਆਂ ਮਿਰਚਾਂ ਤੇ ਨਾਲੋਂ-ਨਾਲ ਜੁਗਨੂੰ ਮਸਤ ਮਸਤ, ਜੁਗਨੂੰ ਹਾਜ਼ਰ ਹੈ, ਜੁਗਨੂੰ ਕਹਿੰਦਾ ਹੈ ਤੋਂ ਇਲਾਵਾ ਜਗਤਾਰ ਜੱਗੀ ਤੇ ਫਿਰ ਰਾਣਾ ਰਣਬੀਰ ਨਾਲ ਸਟੇਜਾਂ 'ਤੇ ਕੀਤੇ ਕਾਮੇਡੀ ਸ਼ੋਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੱਕ ਸਮੇਂ ਸਵ. ਜਸਵਿੰਦਰ ਭੱਲਾ ਤੇ ਗੁਰਪ੍ਰੀਤ ਘੁੱਗੀ ਹੋਰਾਂ ਨਾਲ ਮੁਕਾਬਲਾ ਚੱਲਦਾ ਰਹਿੰਦਾ ਸੀ। ਫਿਰ ਫਿਲਮਾਂ ਵਿਚ ਵੀ ਹੱਥ ਅਜਮਾਇਆ। ਇਸ ਉਪਰੰਤ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਰਾਹੀਂ ਰਾਜਨੀਤੀ 'ਚ ਪੈਰ ਧਰਾਵਾ ਕੀਤਾ। ਉਪਰੰਤ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕੀਤੀ। ਫਿਰ ਦੋ ਵਾਰ ਸੰਗਰੂਰ ਦੇ ਲੋਕਾਂ ਨੇ ਭਗਵੰਤ ਮਾਨ ਹੋਰਾਂ ਨੂੰ ਮੈਂਬਰ ਪਾਰਲੀਮੈਂਟ ਬਣਾ ਕੇ ਦਿੱਲੀ ਭੇਜਿਆ।

ਦਿਨੋਂ-ਦਿਨ ਲੋਕਪ੍ਰਿਯਤਾ ਵਧਦੀ ਗਈ। ਰਵਾਇਤੀ ਪਾਰਟੀਆਂ ਦੇ ਝੰਬੇ ਸਮੁੱਚੇ ਪੰਜਾਬੀਆਂ ਨੇ 2022 ਦੀ ਵਾਗਡੋਰ ਆਮ ਆਦਮੀ ਪਾਰਟੀ ਨੂੰ ਸੌਂਪ ਦਿੱਤੀ। ਆਮ ਆਦਮੀ ਪਾਰਟੀ ਨੂੰ 92 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਹਾਸਲ ਹੋਇਆ, ਉਂਝ ਇਹ ਗੱਲ ਵੱਖਰੀ ਹੈ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਜਿਤਾਉਣ ਦੇ ਨਾਲ-ਨਾਲ ਉਨਾ ਹੀ ਗੁੱਸਾ ਦੋਵੇਂ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੀ ਕੱਢਿਆ ਸੀ।

ਖ਼ੈਰ, ਮੁੱਖ ਮੰਤਰੀ ਬਣਦਿਆਂ ਹੀ ਭਗਵੰਤ ਮਾਨ ਨੇ ਪੰਜਾਬ ਪੱਖੀ ਫ਼ੈਸਲਿਆਂ ਦੀ ਝੜੀ ਲਾ ਦਿੱਤੀ। ਮੁੱਖ ਮੰਤਰੀ ਸਾਹਿਬ ਸਰਕਾਰ ਬਣਦੇ ਸਾਰ ਕਹਿੰਦੇ ਹੁੰਦੇ ਸੀ ਕਿ ਪੰਜਾਬ ਦੇ ਲੋਕਾਂ ਨੇ ਮੈਨੂੰ ਹਰਾ ਪੈੱਨ ਚਲਾਉਣ ਦੀ ਤਾਕਤ ਦਿੱਤੀ ਹੈ, ਹੁਣ ਮੈਂ ਸਰਕਾਰੀ ਖਜ਼ਾਨੇ ਦਾ ਮੂੰਹ ਲੋਕਾਂ ਵੱਲ ਖੋਲ੍ਹ ਦੇਣਾ ਹੈ। ਹਰਮਨ-ਪਿਆਰਤਾ ਹੋਰ ਮਕਬੂਲ ਹੋਣ ਲੱਗੀ। ਪੰਜਾਬ ਨੂੰ ਰੰਗਲਾ ਬਣਾਉਣ ਲਈ ਹਰੇ ਪੈੱਨ ਦੀ ਰੱਜ ਕੇ ਵਰਤੋਂ ਕੀਤੀ। ਹੁਣ ਤੱਕ ਵਿਰੋਧੀਆਂ ਕੋਲ ਉਨ੍ਹਾਂ ਖ਼ਿਲਾਫ਼ ਬੋਲਣ ਲਈ ਕੁਝ ਵੀ ਨਹੀਂ ਸੀ ਬਚਿਆ, ਉਂਝ ਭਾਵੇਂ ਵਿਰੋਧ ਕਰਨ ਲਈ ਵਿਰੋਧ ਕਰਨਾ ਹੀ ਹੁੰਦਾ ਹੈ।

ਮਈ ਮਹੀਨੇ ਅਚਾਨਕ ਪੰਜਾਬ ਦੇ ਸਿਰਮੌਰ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋ ਜਾਂਦਾ ਹੈ, ਜਿੱਥੇ 'ਆਪ' ਸਰਕਾਰ ਪਹਿਲੀ ਵਾਰ ਜਵਾਬਦੇਹ ਬਣਦੀ ਹੈ। ਸ਼ਾਇਦ ਇਹੀ ਕਾਰਨ ਹੋ ਸਕਦੈ ਜਾਂ ਫਿਰ ਕੁਰਸੀ ਮਿਲਣ 'ਤੇ ਪਾਰਟੀ ਦੇ ਵਰਕਰਾਂ, ਵਲੰਟੀਅਰਾਂ, ਆਗੂਆਂ ਤੇ ਮੰਤਰੀਆਂ ਦੇ ਰਵੱਈਏ 'ਚ ਇੱਕਦਮ ਆਈ ਤਬਦੀਲੀ ਵੀ ਮੁੱਖ ਮੰਤਰੀ ਵੱਲੋਂ ਛੱਡੀ ਸੰਗਰੂਰ ਦੀ ਸੀਟ ਹਾਰਨ ਦਾ ਕਾਰਨ ਹੋ ਸਕਦੈ। ਸੋਚਣ ਵਾਲੀ ਗੱਲ ਹੈ ਕਿ ਤਿੰਨ ਕੁ ਮਹੀਨੇ ਪਹਿਲਾਂ 92 ਸੀਟਾਂ ਜਿੱਤਣ ਵਾਲੀ ਪਾਰਟੀ ਸੰਗਰੂਰ ਲੋਕ ਸਭਾ ਦੀ ਸੀਟ ਨਾ ਬਚਾਅ ਸਕੀ। ਇਸ ਤੋਂ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਗਵੰਤ ਮਾਨ ਨੂੰ 533237 ਵੋਟਾਂ ਪਈਆਂ ਸਨ ਤੇ ਉਹ ਆਪਣੇ ਵਿਰੋਧੀ ਸਵ. ਸੁਖਦੇਵ ਸਿੰਘ ਢੀਂਡਸਾ ਨੂੰ 211721 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਸੰਗਰੂਰ ਤੋਂ ਸੰਸਦ ਮੈਂਬਰ ਬਣੇ ਸਨ। ਫਿਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਗਵੰਤ ਮਾਨ ਨੂੰ 413561 ਵੋਟਾਂ ਪਈਆਂ ਤੇ ਉਹ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 110211 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਸੰਗਰੂਰ ਤੋਂ ਦੂਜੀ ਵਾਰ ਸੰਸਦ ਮੈਂਬਰ ਬਣੇ ਸਨ।




ਇਧਰ ਮੁੱਖ ਮੰਤਰੀ ਦੇ ਹਰੇ ਪੈੱਨ ਨੇ ਫੇਰ ਰਫ਼ਤਾਰ ਫੜੀ। ਸਰਕਾਰ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟੌਲਰਐਂਸ ਦੀ ਨੀਤੀ ਨੇ ਪੰਜਾਬੀਆਂ ਨੂੰ ਰਾਹਤ ਦਿੱਤੀ। ਅੰਦਰੋ ਅੰਦਰੀ ਭ੍ਰਿਸ਼ਟ ਅਧਿਕਾਰੀ ਪੰਜਾਬ ਸਰਕਾਰ ਤੋਂ ਦੁਖੀ ਹਨ, ਕਿਉਂਕਿ ਉਨ੍ਹਾਂ ਦਾ ਤੋਰੀ ਫੁਲਕਾ ਬੰਦ ਜਾਂ ਘੱਟ ਹੋ ਗਿਆ ਹੈ। ਪਰ ਅੰਦਰਖਾਤੇ ਰਿਸ਼ਵਤ ਹਾਲੇ ਵੀ ਚੱਲ ਰਹੀ ਹੈ ਜਾਂ ਕਹਿ ਲਓ ਕਿ ਹੁਣ ਰਿਸ਼ਵਤ ਲੈਣ ਦੇ ਢੰਗ ਤਰੀਕੇ ਬਦਲ ਗਏ ਹਨ। ਇਸ ਤੋਂ ਇਲਾਵਾ ਮੁਫ਼ਤ ਬਿਜਲੀ, ਐੱਨ.ਆਰ.ਆਈਜ਼ ਦੀਆਂ ਜਾਇਦਾਦਾਂ 'ਤੇ ਕੀਤੇ ਨਾਜਾਇਜ਼ ਕਬਜ਼ੇ ਛੁਡਾਉਣੇ, ਬੇਰੁਜ਼ਗਾਰਾਂ ਨੂੰ ਨੌਕਰੀਆਂ ਵਰਗੇ ਫ਼ੈਸਲੇ ਸ਼ਲਾਘਾਯੋਗ ਹਨ। ਬਹੁਗਿਣਤੀ ਔਰਤਾਂ ਨੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਲਣ ਕਾਰਨ ਆਪਣੇ ਘਰ ਵਾਲਿਆਂ ਤੋਂ ਚੋਰੀ ਵੀ 'ਆਪ' ਨੂੰ ਵੋਟਾਂ ਪਾਈਆਂ ਸਨ, ਪਰ ਸਾਢੇ ਤਿੰਨ ਸਾਲ ਬੀਤਣ 'ਤੇ ਵੀ ਇਹ ਵਾਅਦਾ ਪੂਰਾ ਨਹੀਂ ਹੋਇਆ।



ਨਸ਼ਿਆਂ ਨੂੰ ਠੱਲ੍ਹਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ, ਜਿਸ ਤਹਿਤ 'ਯੁੱਧ ਨਸ਼ਿਆਂ ਵਿਰੁੱਧ' ਇਸ ਸਰਕਾਰ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ। ਪੰਜਾਬੀਆਂ ਵੱਲੋਂ ਦਿੱਤੇ ਹਰੇ ਪੈੱਨ ਨਾਲ ਤੁਸੀਂ ਨਸ਼ਾ ਤਸਕਰਾਂ ਵੱਲੋਂ ਬਣਾਈਆਂ ਜਾਇਦਾਦਾਂ 'ਤੇ ਪੀਲਾ ਪੰਜਾ ਚਲਾਉਣ ਦਾ ਹੁਕਮ ਦਿੱਤਾ ਹੈ। ਬਹੁਤ ਚੰਗੀ ਗੱਲ ਹੈ, ਇਹ ਬਹੁਤ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ ਪਰ ਦੇਖਦੇ ਹਾਂ ਕਿ ਇਸ ਮੁਹਿੰਮ ਤਹਿਤ ਛੋਟੇ-ਮੋਟੇ ਤਸਕਰਾਂ ਦੇ ਘਰਾਂ ਉੱਤੇ ਹੀ ਇਹ ਪੀਲਾ ਪੰਜਾ ਚੱਲਿਆ ਹੈ। ਉਮੀਦ ਹੈ ਕਿ ਮੁੱਖ ਮੰਤਰੀ ਸਾਹਿਬ ਦਾ ਹਰਾ ਪੈੱਨ ਨਸ਼ੇ ਦੇ ਮੋਟੇ ਤੇ ਵੱਡੇ ਤਸਕਰਾਂ ਤੇ ਸੌਦਾਗਰਾਂ ਦੀਆਂ ਕੋਠੀਆਂ 'ਤੇ ਵੀ ਚੱਲੇਗਾ।

ਦਿੱਲੀ ਦੀਆਂ ਬਰੂਹਾਂ ਉਤੇ ਕਿਸਾਨ ਅੰਦੋਲਨ-1 ਦੌਰਾਨ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਕਿਸਾਨਾਂ ਨੂੰ ਬਿਨਾਂ ਸ਼ਰਤ ਹਮਾਇਤ ਹਾਸਲ ਸੀ। ਉਹੀ ਕਿਸਾਨਾਂ ਨੇ ਵੀ ਬਿਨਾਂ ਸ਼ਰਤ ਪੰਜਾਬ ਵਿਚ 'ਆਪ' ਦੀ ਸਰਕਾਰ ਬਣਾਉਣ 'ਚ ਅਹਿਮ ਯੋਗਦਾਨ ਪਾਇਆ ਸੀ। ਅੰਦੋਲਨ ਵਾਲੀ ਸਟੇਜ ਤੋਂ ਦਿੱਲੀ ਵਾਲੇ ਪਾਸੇ ਉਸ ਸਮੇਂ ਦੀ ਦਿੱਲੀ ਸਰਕਾਰ ਵੱਲੋਂ ਧਰਨੇ 'ਤੇ ਬੈਠੇ ਕਿਸਾਨਾਂ ਲਈ ਮੋਬਾਈਲ ਟਾਇਲਟਾਂ ਦੀ ਸਹੂਲਤ ਵੀ ਦਿੱਤੀ ਹੋਈ ਸੀ। ਪਰ 3 ਸਾਲਾਂ ਬਾਅਦ ਕਿਸਾਨ ਅੰਦੋਲਨ-2 ਦੌਰਾਨ ਅਜਿਹਾ ਕੀ ਹੋ ਗਿਆ ਕਿ ਉਹੀ ਕਿਸਾਨਾਂ ਦੇ ਸ਼ੈਡ, ਲੰਗਰ ਤੇ ਟੈਂਟ ਆਦਿ ਪੁੱਟਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਰਾਤੋ-ਰਾਤ ਪੀਲਾ ਪੰਜਾ ਚਲਾਉਣ ਲਈ ਆਪਣਾ ਹਰਾ ਪੈੱਨ ਵਰਤਨਾ ਪਿਆ। ਕਿਸਾਨ ਅੰਦੋਲਨ-1 ਦੌਰਾਨ ਕਿਸਾਨਾਂ ਦੀਆਂ ਠਾਹਰ ਬਣੀਆਂ ਟਰਾਲੀਆਂ ਤੱਕ ਵੀ ਇਸ ਮੌਕੇ ਚੋਰੀ ਹੋਈਆਂ।

2022 ਦੀਆਂ ਚੋਣਾਂ ਤੋਂ ਸਾਲ-ਡੇਢ ਕੁ ਸਾਲ ਪਹਿਲਾਂ ਵਾਂਗ ਹੀ ਅੱਜਕੱਲ੍ਹ ਵੀ ਹਰ ਰੋਜ਼ ਵਿਧਾਇਕਾਂ ਦਾ ਘਿਰਾਓ ਤੇ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ, ਜੋ ਕਿ ਚਿੰਤਾਜਨਕ ਹੈ। ਨੇਤਾਵਾਂ ਨੂੰ ਲੋਕਾਂ ਵੱਲੋਂ ਕੀਤੇ ਜਾਂਦੇ ਸਵਾਲਾਂ ਦੀ ਸ਼ੁਰੂਆਤ ਓਦੋਂ ਹੀ ਹੋਈ ਸੀ। ਵਿਰੋਧ ਕਰਨ ਵਾਲੇ ਤਾਂ ਉਹੀ ਲੋਕ, ਉਹੀ ਪੰਜਾਬੀ, ਉਹੀ ਕਿਸਾਨ ਹਨ ਪਰ ਜਿਨ੍ਹਾਂ ਦਾ ਵਿਰੋਧ ਹੋ ਰਿਹਾ ਹੈ, ਉਹ ਜ਼ਰੂਰ ਬਦਲੇ ਹੋਏ ਹਨ। ਇਸ ਵਿਰੋਧ ਨੂੰ ਅੱਖੋਂ ਪਰੋਖੇ ਜਾਂ ਨਜ਼ਰਅੰਦਾਜ਼ ਕਰਨ ਨਾਲੋਂ ਪੰਜਾਬ ਸਰਕਾਰ ਇਸ ਪ੍ਰਤੀ ਜ਼ਰੂਰ ਹਾਂ ਪੱਖੀ ਰਵੱਈਆ ਅਪਣਾਏਗੀ, ਇਸ ਗੱਲ ਦੀ ਹਰ ਪੰਜਾਬੀ ਨੂੰ ਉਮੀਦ ਹੈ।

ਇੱਕ ਗੱਲ ਹੋਰ, ਸਮਾਂ ਰਹਿੰਦਿਆਂ ਸਮਾਂ ਵਾਚਣ ਵਾਲਾ ਹੀ ਮੁੱਢ ਤੋਂ ਸਿਆਣਾ ਮੰਨਿਆ ਜਾਂਦਾ ਹੈ, ਨਹੀਂ ਤਾਂ ਫੇਰ ਉਹੀ ਰਵਾਇਤੀ ਪਾਰਟੀਆਂ ਤਾਂ ਆਪਣਾ ਪੂਰਾ ਤਾਣ ਲਾ ਹੀ ਰਹੀਆਂ ਹਨ। ਅੱਗੇ ਪੰਜਾਬ ਦੇ ਭਾਗ!





# ਗੁਰੂ ਨਾਨਕ ਦੀ ਵਡਿਆਈ : ਅਨਹਦ ਸਬਦ ਅਚਰਜ ਬਿਸਮਾਦ

***ਗੁਰੂ ਨਾਨਕ ਸਾਹਿਬ ਦੀ ਰੂਹਾਨੀ ਬਾਣੀ ਮਾਤਰ ਸੁਨਣ ਨਾਲ ਅਣਗਿਣਤ ਤੱਪਦੇ ਹੋਏ ਮਨ ਸ਼ੀਤਲ ਹੋ ਗਏ, ਭਟਕਦੇ ਹੋਏ ਤਨ ਬਿਸ੍ਰਾਮ ਵਿਚ ਆ ਗਏ। ਬਾਣੀ ਦਾ ਕੌਤਕ ਸੀ ਕਿ ਸ਼ੇਖ ਸੱਜਣ ਦੇ ਮਨ ਦੇ ਸਾਰੇ ਖੋਟ, ਪਾਪ ਦਾ ਹਨੇਰਾ ਦੂਰ ਹੋ ਗਿਆ ਤੇ ਸੱਚ ਪ੍ਰਕਾਸ਼ਮਾਨ ਹੋ ਗਿਆ। ਕਾਮਰੂਪ ਦੀ ਜਾਦੂਗਰਨੀ ਨੂਰ ਸ਼ਾਹ ਬਾਣੀ ਸੁਣ ਕੇ ਸ਼ਰਮਸਾਰ ਹੋ ਗਈ ਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਆ ਪਈ। ਕੌਡਾ ਰਾਖਸ਼ ਦੇ ਅੰਦਰ ਵੱਸ ਰਹੀ ਨਿਰਦੈਤਾ ਮੋਮ ਬਣ ਕੇ ਪਿਘਲ ਗਈ। ਇਹ ਕੌਤਕ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਨਿਰੰਤਰ ਵਰਤ ਰਿਹਾ ਹੈ।***

-ਡਾ. ਸਤਿੰਦਰ ਪਾਲ ਸਿੰਘ
ਦਿ ਪਾਂਡਸ
ਸਿਡਨੀ, ਆਸਟ੍ਰੇਲੀਆ
ਪੰਜਾਬ ਮੇਲ USA



ਧਰਮ ਜਗਤ ਵਿਚ ਮਹਾਂ ਪੁਰਖਾਂ ਨੇ ਆਪਣਾ ਸੁਨੇਹਾ ਦੇ ਕੇ ਮਨੁੱਖਤਾ ਦਾ ਉੱਧਾਰ ਕਰਨ ਲਈ ਭਿੰਨ-ਭਿੰਨ ਢੰਗ ਅਪਨਾਏ। ਇਨ੍ਹਾਂ ’ਚੋਂ ਪ੍ਰਵਚਨ ਦਾ ਮਾਧਿਅਮ ਮੁੱਖ ਸੀ। ਪ੍ਰਵਚਨਾਂ ਲਈ ਗੰਭੀਰ ਸ਼ਬਦਾਵਲੀ ਵਰਤੀ ਜਾਂਦੀ ਸੀ, ਜਿਸ ਨੂੰ ਸਮਝਣਾ ਸਾਧਾਰਨ ਮਨੁੱਖ ਲਈ ਔਖਾ ਸੀ। ਧਰਮ ਦਾ ਪਾਲਨ ਕਰਨ ਲਈ ਸਰੀਰਕ, ਆਤਮਿਕ ਅਭਿਆਸ ਦੇ ਆਪੋ-ਆਪਣੇ ਢੰਗ ਸਨ, ਜਿਨ੍ਹਾਂ ਨੂੰ ਵਰਤਣਾ ਸੌਖਾ ਨਹੀਂ ਸੀ। ਇਸ ਕਾਰਨ ਧਰਮ ਇੱਕ ਖਾਸ ਵਰਗ ਦਾ ਵਿਸ਼ਾ ਬਣ ਕੇ ਰਹਿ ਗਿਆ। ਆਮ ਮਨੁੱਖ, ਉਹ ਕਿਸੇ ਵੀ ਧਰਮ ਦਾ ਅਨੁਆਈ ਸੀ, ਧਰਮ ਦੀ ਵਿਆਖਿਆ ਤੇ ਧਰਮ ਕਰਮ ਦਾ ਫਲ ਪ੍ਰਾਪਤ ਕਰਨ ਲਈ ਉਸ ਵਰਗ ਦੇ ਆਸਰੇ ਹੋ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੇ ਚਿੰਤਨ ਦੁਆਰਾ ਲੋਕ ਉੱਧਾਰ ਲਈ ਸ਼ਬਦ ਨੂੰ ਮਾਧਿਅਮ ਬਣਾਇਆ। ਆਪਨੇ ਅੱਖਰ ਤੇ ਸ਼ਬਦ ਨੂੰ ਵਰਣਮਾਲਾ ਦੀ ਹੱਦ ਤੋਂ ਬਾਹਰ ਕੱਢ ਕੇ ਇੱਕ ਨਵਾਂ ਰੂਪ ਦਿੱਤਾ, ਜੋ ਮੋਹਕ, ਸਰਸ ਤੇ ਸਰਲ ਸੀ। ਗੁਰੂ ਨਾਨਕ ਸਾਹਿਬ ਨੇ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਧਰਮ ਯਾਤਰਾਵਾਂ ਵਿਚ ਲਗਾਇਆ ਪਰ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਆਉਂਦਾ ਕਿ ਉਨ੍ਹਾਂ ਕਿਸੇ ਵੀ ਅਸਥਾਨ ’ਤੇ ਲੋਕਾਂ ਨੂੰ ਮਤਿ ਦੇਣ ਲਈ ਕੋਈ ਪ੍ਰਵਚਨ ਕੀਤਾ ਹੋਵੇ। ਧਰਮ ਜਗਤ ਦੀ ਧਾਰਾ ਦੇ ਵਿਪਰੀਤ ਗੁਰੂ ਸਾਹਿਬ ਕੋਲੋਂ ਉਨ੍ਹਾਂ ਨੂੰ ਕੇਂਦ੍ਰਿਤ ਕਰ ਕੇ ਸਵਾਲ ਪੁੱਛੇ ਗਏ। ਗੁਰੂ ਸਾਹਿਬ ਉਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਪਰ ਸੰਪੂਰਨ ਲੋਕਾਈ ਨੂੰ ਕੇਂਦਰ ਵਿਚ ਰੱਖ ਕੇ। ਆਪਣਾ ਰੂਹਾਨੀ ਫ਼ਲਸਫ਼ਾ ਲੋਕਾਂ ਤੱਕ ਪੁਜਾਉਣ ਲਈ ਗੁਰੂ ਸਾਹਿਬ ਨੇ ਬਾਣੀ ਦਾ ਕਾਵਿਆਤਮਿਕ ਰੂਪ ਵਰਤਿਆ। ਗੁਰੂ ਸਾਹਿਬ ਨੇ ਬਾਣੀ ਸ਼ਬਦ, ਸੁਰਤਿ ਤੇ ਸੰਗੀਤ ਦੇ ਕੌਤਕ ਵਰਤਾਉਣ ਵਾਲੇ ਸੁਮੇਲ ਨਾਲ ਉਚਾਰੀ। ਗੁਰੂ ਸਾਹਿਬ ਦੀ ਬਾਣੀ ਲੋਕਾਂ ਦੇ ਦਿਲ ਵਿਚ ਉਤਾਰਦੀ ਗਈ ਤੇ ਲੋਕ ਉਨ੍ਹਾਂ ਦੇ ਅਨੁਆਈ ਬਣਦੇ ਗਏ। ਗੁਰਬਾਣੀ ਸੁਣਨਾ, ਪੜ੍ਹਨਾ ਅੰਮ੍ਰਿਤ ਬਰਖਾ ਵਿਚ ਭਿੱਜਣ ਤੇ ਸਿੱਝਣ ਜਿਹੀ ਪ੍ਰਤੀਤਿ ਦੇਣ ਵਾਲਾ ਸੀ।

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥ 1 ॥

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ ੧੦੩)

ਗੁਰੂ ਨਾਨਕ ਸਾਹਿਬ ਦੀ ਰੂਹਾਨੀ ਬਾਣੀ ਮਾਤਰ ਸੁਨਣ ਨਾਲ ਅਣਗਿਣਤ ਤੱਪਦੇ ਹੋਏ ਮਨ ਸ਼ੀਤਲ ਹੋ ਗਏ, ਭਟਕਦੇ ਹੋਏ ਤਨ ਬਿਸ੍ਰਾਮ ਵਿਚ ਆ ਗਏ। ਬਾਣੀ ਦਾ ਕੌਤਕ ਸੀ ਕਿ ਸ਼ੇਖ ਸੱਜਣ ਦੇ ਮਨ ਦੇ ਸਾਰੇ ਖੋਟ, ਪਾਪ ਦਾ ਹਨੇਰਾ ਦੂਰ ਹੋ ਗਿਆ ਤੇ ਸੱਚ ਪ੍ਰਕਾਸ਼ਮਾਨ ਹੋ ਗਿਆ। ਕਾਮਰੂਪ ਦੀ ਜਾਦੂਗਰਨੀ ਨੂਰ ਸ਼ਾਹ ਬਾਣੀ ਸੁਣ ਕੇ ਸ਼ਰਮਸਾਰ ਹੋ ਗਈ ਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਆ ਪਈ। ਕੌਡਾ ਰਾਖਸ਼ ਦੇ ਅੰਦਰ ਵੱਸ ਰਹੀ ਨਿਰਦੈਤਾ ਮੋਮ ਬਣ ਕੇ ਪਿਘਲ ਗਈ। ਇਹ ਕੌਤਕ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਨਿਰੰਤਰ ਵਰਤ ਰਿਹਾ ਹੈ। ਕੋਰੇ ਸ਼ਬਦ, ਕੋਰਾ ਗਿਆਨ ਅੰਚਰ ਚੇਤਨਾ ਨੂੰ ਨਹੀਂ ਜਗਾ ਸਕਦਾ। ਗੁਰੂ ਨਾਨਕ ਸਾਹਿਬ ਨੇ ਵਰਣਮਾਲਾ ਦੇ ਇੱਕ-ਇੱਕ ਅੱਖਰ ਵਿਚ ਸੱਚ ਨੂੰ ਟਿਕਾ ਕੇ ਮ੍ਰਿਤਕ ਤੋਂ ਜੀਵਤ ਕੀਤਾ ਤੇ ਜੀਵਤ ਅੱਖਰਾਂ ਨਾਲ ਸ਼ਬਦ ਸਿਰਜ ਕੇ “ਮਾਣਸ ਤੇ ਦੇਵਤੇ ਕੀਏ” ਦਾ ਮਿਸ਼ਨ ਆਰੰਭ ਕੀਤਾ ਸੀ। ਦੇਵਤਾ ਹੋ ਜਾਣਾ ਮਨੁੱਖ ਦਾ ਆਤਮਿਕ ਮੌਤ ਤੋਂ ਉਬਰ ਕੇ ਪੁਨਰ ਜਨਮ ਹੋਣਾ ਸੀ। ਧਾਰਮਿਕ ਸੱਭਿਆਚਾਰ ਵਿਚ ਅੰਮ੍ਰਿਤ ਨੂੰ ਜੀਵਨ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਹੀ ਗੁਰਬਾਣੀ ਨੂੰ ਅੰਮ੍ਰਿਤ ਕਿਹਾ ਗਿਆ। ਸਾਗਰ ਮੰਥਨ ਤੋਂ ਪ੍ਰਾਪਤ ਹੋਏ ਅੰਮ੍ਰਿਤ ਨੇ ਕਿਵੇਂ ਕੌਤਕ ਕੀਤਾ ਸੀ, ਇਸ ਦਾ ਕੋਈ ਪ੍ਰਤੱਖ ਪ੍ਰਮਾਣ ਨਹੀਂ ਮਿਲਦਾ ਪਰ ਗੁਰੂ ਸਾਹਿਬ ਨੇ ਸ਼ਬਦ ਅੰਮ੍ਰਿਤ ਬਖਸ਼ ਕੇ ਗੁਰਸਿੱਖ ਦੇ ਆਤਮਿਕ ਪੁਨਰ ਜੀਵਨ ਨੂੰ ਯਕੀਨੀ ਬਣਾ ਦਿੱਤਾ। ਗੁਰਬਾਣੀ ਇਸ ਤਰ੍ਹਾਂ ਇੱਕ ਅਲੌਕਿਕ ਤਾਕਤ ਬਣ ਗਈ। ਗੁਰਬਾਣੀ ਦਾ ਇੱਕ-ਇੱਕ ਸ਼ਬਦ ਅੰਮ੍ਰਿਤ ਦੀ ਸੁਹਾਵਣੀ ਬੂੰਦ ਜਿਹਾ ਹੈ। ਇੱਕ ਬੂੰਦ ਸੀਪ ਵਿਚ ਪੈਂਦੀ ਹੈ ਤੇ ਮੋਤੀ ਬਣ ਜਾਂਦੀ ਹੈ। ਗੁਰਬਾਣੀ ਦਾ ਇੱਕ-ਇੱਕ ਸ਼ਬਦ ਮਨ ਵਿਚ ਸੰਭਾਲ ਕੇ ਰੱਖ ਲਿਆ ਜਾਵੇ, ਤਾਂ ਜੀਵ ਗੁਣਾਂ ਨਾਲ ਮਾਲਾਮਾਲ ਹੋ ਜਾਂਦਾ ਹੈ। ਗੁਣਾਂ ਤੋਂ ਅਨਮੋਲ ਹੋਰ ਕੁੱਝ ਨਹੀਂ ਹੈ।

ਸੰਸਾਰ ਵਿਚ ਸੱਤ ਹਜ਼ਾਰ ਤੋਂ ਵੱਧ ਭਾਸ਼ਾਵਾਂ ਹਨ। ਹਰ ਭਾਸ਼ਾ ਦੀ ਆਪਣੀ ਲਿਪੀ ਤੇ ਵਰਣਮਾਲਾ ਹੈ। ਇਵੇਂ ਹੀ ਇੱਕ ਹਜ਼ਾਰ ਤੋਂ ਵੱਧ ਧਰਮ ਹਨ, ਜਿਨ੍ਹਾਂ ਦੇ ਆਪਣੇ ਸਿਧਾਂਤ, ਵਿਸ਼ਵਾਸ ਤੇ ਗ੍ਰੰਥ ਹਨ। ਗਿਆਨ ਪ੍ਰਦਾਨ ਕਰਨ ਵਾਲੇ ਗ੍ਰੰਥ ਅਣਗਿਣਤ ਹਨ। ਪਰ ਗੁਰਬਾਣੀ ਹੀ ਇਕੱਲੀ ਹੈ, ਜਿਸ ਦੀ ਭਾਸ਼ਾ ਦੇ ਇੱਕ-ਇੱਕ ਅੱਖਰ ਨੂੰ ਗੁਰੂ ਸਾਹਿਬਾਨ ਨੇ ਸੱਚ ਨਾਲ ਜੋੜ ਕੇ ਆਪਣੇ ਆਪ ਵਿਚ ਸੰਪੂਰਨ ਤਾਕਤ ਬਣਾ ਦਿੱਤਾ। ਇਨ੍ਹਾਂ ਅੱਖਰਾਂ ਨਾਲ ਜਦੋਂ ਸ਼ਬਦ ਬਣੇ, ਤਾਂ ਉਹ ਖੜਗ ਬਣ ਗਏ। ਇਸ ਖੜਗ ਨੇ ਮਨ ਅੰਦਰ ਜਾ ਕੇ ਮਨੁੱਖ ਦੇ ਸਭ ਤੋਂ ਵੱਡੇ ਵੈਰੀਆਂ ਦਾ ਨਾਸ਼ ਕਰ ਦਿੱਤਾ।

ਗੁਰ ਕੈ ਸਬਦਿ ਪੰਚ ਸੰਘਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੩੦)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਨੁੱਖ ਦੇ ਮਨ, ਤਨ ਨੂੰ ਆਪਣੇ ਵੱਸ ’ਚ ਕਰ ਕੇ ਮਾਇਆ ਵਿਚ ਲਿਪਤ ਕਰ ਦਿੰਦੇ ਹਨ। ਮਨੁੱਖ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਵਿਕਾਰਾਂ, ਮਾਇਆ ਤੋਂ ਜੀਵਨ ਭਰ ਜਪ, ਤਪ ਕਰਨ ਵਾਲੇ ਜਤੀ, ਸਤੀ, ਹਠੀ, ਧਰਮੀ ਵੀ ਨਹੀਂ ਉਬਰ ਸਕੇ ਤੇ ਪ੍ਰੀਖਿਆ ਦਾ ਸਮਾਂ ਆਉਣ ’ਤੇ ਡੋਲ ਗਏ। ਦੇਵਤਾਵਾਂ ਦੇ ਰਾਜਾ ਇੰਦਰ ਨੇ ਵੀ ਕਾਮ ਵੱਸ ਹੋ ਆਪਣਾ ਰਾਜ ਗੁਆ ਦਿੱਤਾ ਸੀ। ਕ੍ਰੋਧ ਵੱਸ ਆਏ ਮਹਾਂ ਗਿਆਨੀ ਰਾਵਣ ਕੋਲੋਂ ਸੋਨੇ ਦੀ ਲੰਕਾ ਦਾ ਰਾਜ ਤੇ ਵੱਡਾ ਕੁਲ ਚਲਾ ਗਿਆ। ਗੁਰੂ ਨੇ ਆਪਣੇ ਸ਼ਬਦ ਦੁਆਰਾ ਇਸ ਨੂੰ ਸਹਿਜ ਕਰ ਦਿੱਤਾ। ਗੁਰ ਸ਼ਬਦ ਦੇ ਖੜਗ ਨੇ ਗੁਰਸਿੱਖ ਨੂੰ ਮਹਾਬਲੀ ਬਣਾ ਦਿੱਤਾ ਤੇ ਮਾਇਆ ਤੇ ਵਿਕਾਰਾਂ ਨੂੰ ਜਿੱਤਣ ਵਿਚ ਸਹਾਈ ਹੋਇਆ “ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥”। ਗੁਰਬਾਣੀ ਪ੍ਰਮਾਤਮਾ ਦੇ ਜਿਸ ਦਾ ਗਾਇਨ ਹੈ। ਗੁਰਸਿੱਖ ਗੁਰਬਾਣੀ ਪੜ੍ਹਦਾ ਹੈ, ਤਾਂ ਪ੍ਰਮਾਤਮਾ ਦੇ ਗੁਣਾਂ ਨੂੰ ਜਾਣਦਾ ਹੈ। ਪ੍ਰਮਾਤਮਾ ਦੇ ਗੁਣਾਂ ਨੂੰ ਜਾਣਨਾ ਉਸ ਨੂੰ ਆਪਣੇ ਅੰਦਰ ਦੇ ਔਗੁਣਾਂ ਦੀ ਪਛਾਣ ਦਾ ਅਵਸਰ ਵੀ ਦਿੰਦਾ ਹੈ। ਗੁਣਾਂ ਦੀ ਪਛਾਣ ਹੋਵੇ ਤਾਂ ਔਗੁਣ ਆਪ ਹੀ ਪਛਾਣੇ ਜਾਂਦੇ ਹਨ। ਗੁਰ ਸ਼ਬਦ ਗੁਰਸਿੱਖ ਦੇ ਮਨ ਅੰਦਰ ਪਛਤਾਵੇ ਦਾ ਭਾਵ ਪੈਦਾ ਕਰਦੀ ਹੈ “ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥” ਗੁਰਬਾਣੀ ਹੀ ਉਸ ਨੂੰ ਵਿਕਲਪ ਦੱਸਦੀ ਹੈ “ਇਕੁ ਉਤਮੁ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥” ਗੁਰ ਸ਼ਬਦ ਹੀ ਉਸ ਨੂੰ ਪਛਤਾਵੇ ਤੋਂ ਬਾਹਰ ਕੱਢਦਾ ਹੈ “ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥”

ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਸੰਗੀਤ ਦਾ ਨਿਰਮਲ ਨਾਦ ਵੀ ਸਮੋ ਦਿੱਤਾ। ਸੰਗੀਤ ਸ੍ਰਿਸ਼ਟੀ ਦੀ ਰਚਨਾ ਦਾ ਇੱਕ ਅਨਮੋਲ ਤੱਤ ਹੈ, ਜੋ ਸੰਸਾਰ ਨੂੰ ਰੂਪਵਾਨ ਬਣਾਉਂਦਾ ਹੈ। ਜਲ ਦੇ ਪ੍ਰਵਾਹ ਦਾ, ਪਵਨ ਦੇ ਵੇਗ ਦਾ, ਵਨਸਪਤਿਆਂ ਦੇ ਵਿਕਾਸ ਦਾ ਆਪਣਾ ਇੱਕ ਨਾਦ ਹੈ। ਇਹ ਨਾਦ ਪ੍ਰਮਾਤਮਾ ਨੇ ਜੀਵ ਅੰਦਰ ਵੀ ਪਾਇਆ ਹੈ। ਮਨੁੱਖ ਦੇ ਇੱਕ ਸਵਾਸ ਦਾ ਵੀ ਆਪਣਾ ਨਾਦ ਹੈ, ਸੁਰ ਹੈ। ਇਹ ਸਾਰੇ ਸੰਗੀਤ, ਨਾਦ ਟਕਰਾਉਣ ਨਾਲ ਪੈਦਾ ਹੁੰਦੇ ਹਨ। ਗੁਰ ਸ਼ਬਦ ਦਾ ਨਾਦ ਬਿਨਾਂ ਕਿਸੇ ਦਬਾਅ, ਚੋਟ ਤੇ ਆਪਣੇ ਆਪ ਪ੍ਰਗਟ ਹੋ ਰਿਹਾ ਹੈ, ਜਿਸ ਨੂੰ ਅਨਹਦ ਨਾਦ ਕਿਹਾ ਗਿਆ ਹੈ। ਸਤਿਨਾਮ ਸ਼ਬਦ ਮਨ ਅੰਦਰ ਉਤਰਦੀਆਂ ਹੀ ਆਸ, ਵਿਸ਼ਵਾਸ, ਆਨੰਦ ਦੀ ਧੁਨ ਵੱਜਣੀ ਆਰੰਭ ਹੋ ਜਾਂਦੀ ਹੈ। ਇਸ ਧੁਨ ਦੇ ਕੰਪਨ ਨਾਲ ਸੋਗ, ਸੰਤਾਪ, ਦੁੱਖ ਦੇ ਪਰਬਤ ਆਪ ਹੀ ਢਹਿ-ਢੇਰੀ ਹੋਣ ਲੱਗਦੇ ਹਨ। ਗੁਰੂ ਕਿਰਪਾ ਕਰਦਾ ਹੈ, ਤਾਂ ਹੀ ਸ਼ਬਦ ਦੀ ਧੁਨ ਮਨ ਵਿਚ ਵੱਜਣ ਲੱਗਦੀ ਹੈ।

ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੦)

ਗੁਰ ਸ਼ਬਦ ਦਾ ਅਨਹਦ ਨਾਦ ਹੀ ਮਨ ਅੰਦਰ ਭਾਵਨਾ, ਪ੍ਰੇਮ ਰਸ ਪੈਦਾ ਕਰਦਾ ਹੈ। ਵਿਕਾਰਾਂ, ਮਾਇਆ ਦੇ ਭਰਮ ਦਾ ਨਾਸ਼ ਹੋਣ ਤੋਂ ਬਾਅਦ ਮਨ ਅੰਦਰ ਪੈਦਾ ਹੋਈ ਭਾਵਨਾ ਗੁਰਸਿੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ। ਮਨ ਨੂੰ ਟਿਕਣ ਦਾ ਆਧਾਰ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪ ਕਿਹਾ ਕਿ ਗੁਰਸਿੱਖ ਪ੍ਰਮਾਤਮਾ ਜੇ ਜਸ ਦੀ ਬਾਣੀ ਨੂੰ ਬੀਨ ਵਾਂਗੂੰ ਵਜਾਏ।

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੫੧)

ਗੁਰਸਿੱਖ ਨੂੰ ਕਿਸੇ ਵਾਦ ਯੰਤਰ, ਸਾਜ ਦੀ ਲੋੜ ਨਹੀਂ। ਗੁਰੂ ਨੇ ਸਾਰੇ ਸਾਜ ਗੁਰ ਸ਼ਬਦ ਵਿਚ ਹੀ ਪਿਰੋ ਦਿੱਤੇ। ਗੁਰ ਸ਼ਬਦ ਹੀ ਗੁਰਸਿੱਖ ਦਾ ਸਾਜ ਵੀ ਹੈ। ਗੁਰੂ ਨਾਨਕ ਸਾਹਿਬ ਦੀ ਮਿਹਰ ਨਾਲ ਭਾਈ ਮਰਦਾਨਾ ਜੀ ਦੀ ਰਬਾਬ ਦਾ ਇੱਕ-ਇੱਕ ਸੁਰ ਗੁਰਬਾਣੀ ਦੇ ਹਰ ਅੱਖਰ ਦਾ ਅਭਿੰਨ ਹਿੱਸਾ ਬਣ ਗਿਆ ਸੀ। ਬਿਨਾ ਸਾਜ ਦੇ ਹੀ ਗੁਰ ਸ਼ਬਦ ਰਸ ਪੈਦਾ ਕਰਦਾ ਹੈ ਤੇ ਮਨ ਰਮਿਆ ਜਾਂਦਾ ਹੈ। ਗੁਰੂ ਰਾਮਦਾਸ ਸਾਹਿਬ ਨੇ ਕਿਹਾ ਕਿ ਜੋ ਰਸ ਦੂਜੇ ਲੋਕ ਸਾਜਾਂ ਰਾਹੀਂ ਭਗਤੀ ਵਿਚ ਪ੍ਰਾਪਤ ਕਰਦੇ ਹਨ, ਗੁਰਸਿੱਖ ਬਿਨਾ ਸਾਜਾਂ ਦੇ ਹੀ ਪ੍ਰਾਪਤ ਕਰ ਲੈਂਦਾ ਹੈ “ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬ॥ ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ॥” ਗੁਰ ਸ਼ਬਦ ਹੀ ਸਾਜ ਬਣ ਜਾਂਦਾ ਹੈ।

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 381)

ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਕਿ ਗੁਰ ਸ਼ਬਦ ਦਾ ਅਨਹਦ ਨਾਦ ਸਾਰੇ ਸਾਜਾਂ ਤੋਂ ਸ੍ਰੇਸ਼ਟ ਹੈ ਕਿਉਂਕਿ ਇਹ ਗੁਰਸਿੱਖ ਦੇ ਮਨ ਨੂੰ ਤਾਂ ਮੋਹ ਹੀ ਲੈਂਦਾ ਹੈ, ਹੋਰਨਾਂ ਨੂੰ ਵੀ ਰਿਝਾਉਂਦਾ ਹੈ, ਜਿਵੇਂ ਭਾਈ ਲਹਿਣਾ ਜੀ ਤੇ ਸ੍ਰੀ ਅਮਰਦਾਸ ਜੀ ਦੇ ਮਨ ਨੂੰ ਮੋਹ ਲਿਆ ਸੀ।

ਗੁਰੂ ਦਾ ਸ਼ਬਦ ਸੱਚ, ਸੰਗੀਤ ਦੇ ਨਾਲ ਹੀ ਸੁਰਤਿ ਦਾ ਵੀ ਜਨਕ ਹੈ। ਮਨ ਗੁਰ ਸ਼ਬਦ ਵਿਚ ਰਮ ਜਾਂਦਾ ਹੈ, ਤਾਂ ਪਾਵਨ ਅੰਤਰ ਅਵਸਥਾ ਸਿਰਜੀ ਜਾਂਦੀ ਹੈ। ਮਨ ਅੰਦਰ ਸਹਿਜ, ਸੰਜਮ, ਸੰਤੋਖ, ਦਇਆ, ਸੇਵਾ ਜਿਹੇ ਗੁਣ ਵੱਸ ਜਾਂਦੇ ਹਨ। ਗੁਰ ਸ਼ਬਦ ਮਨ ਅੰਦਰ ਪ੍ਰਮਾਤਮਾ ਪ੍ਰੇਮ ਦਾ ਰਸ ਪੈਦਾ ਕਰਦਾ ਹੈ, ਜਿਸ ਨਾਲ ਦਸਮ ਦੁਆਰ ਜੋ ਗੁਪਤ ਰੱਖਿਆ ਹੋਇਆ ਸੀ, ਪ੍ਰਗਟ ਹੋ ਜਾਂਦਾ ਹੈ, ਭਾਵ ਅੰਤਰ ਚੇਤਨਾ ਜਾਗ੍ਰਿਤ ਹੋ ਜਾਂਦੀ ਹੈ। ਦਸਵਾਂ ਦੁਆਰ ਹੀ ਮਨੁੱਖ ਦੀ ਸੁਰਤਿ ਹੈ, ਜਿਸ ਦੇ ਜਾਗ੍ਰਤ ਹੋਣ ਤੋਂ ਬਾਅਦ ਹੀ ਮਨੁੱਖ ਦਾ ਪ੍ਰਮਾਤਮਾ ਨਾਲ ਮੇਲ ਸੰਭਵ ਹੁੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੬੯)

ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ। ਸ੍ਰਵਣ ਤੇ ਕਥਨ ਦੇ ਪੱਧਰ ’ਤੇ ਵੱਜਣ ਵਾਲਾ ਗੁਰ ਸ਼ਬਦ ਦਾ ਨਾਦ ਚੇਤਨਾ ਦੇ ਤਲ ’ਤੇ ਵੱਜਣ ਲੱਗਦਾ ਹੈ ਤੇ ਸਦਾ ਵੱਜਦਾ ਰਹਿੰਦਾ ਹੈ। ਇਹ ਸਹਿਜ ਦੀ ਅਵਸਥਾ ਹੈ, ਜਿਸ ਵਿਚ ਸੁੱਖ-ਦੁੱਖ, ਸੋਗ-ਹਰਖ, ਮਾਨ-ਅਪਮਾਨ ਆਦਿਕ ਸਾਰੇ ਇੱਕ ਸਮਾਨ ਹੋ ਜਾਂਦੇ ਹਨ। ਇੱਕ ਪ੍ਰਮਾਤਮਾ ਦੇ ਪ੍ਰੇਮ ਦਾ ਭਾਵ ਹੀ ਬੱਚਦਾ ਹੈ, ਜਿਸ ਨਾਲ ਅੰਤਰ ਪੂਰਾ ਭਰ ਜਾਂਦਾ ਹੈ। ਚੇਤਨ-ਅਵਚੇਤਨ ਮਨ ਵਿਚ ਸਦਾ ਪ੍ਰਮਾਤਮਾ ਦੀ ਵਡਿਆਈ ਹੀ ਦਿਨ-ਰਾਤ ਚੱਲਦੀ ਰਹਿੰਦੀ ਹੈ “ਸਹਜੇ ਜਾਗੈ ਸਹਜੇ ਸੋਵੈ॥” ਸਹਿਜ ਗੁਰਸਿੱਖ ਦੀ ਪੱਕੀ ਅਵਸਥਾ ਹੈ, ਜਿਸ ਵਿਚ ਰਹਿ ਕੇ ਕੀਤੀ ਗਈ ਪ੍ਰਮਾਤਮਾ ਦੀ ਬੰਦਗੀ, ਸਿਮਰਨ, ਸੇਵਾ ਹੀ ਗੁਰੂ, ਪ੍ਰਮਾਤਮਾ ਨੂੰ ਪ੍ਰਵਾਨ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਗੁਰੂ ਨਾਨਕ ਸਾਹਿਬ ਦੀ ਚਿੰਤਨ ਧਾਰਾ ਤੋਂ ਹੀ ਨਿਕਲੀ ਬਾਣੀ ਹੈ। ਇਸ ਬਾਣੀ ਤੋਂ ਅੰਮ੍ਰਿਤ ਦੀ ਬਰਖਾ ਨਿਰੰਤਰ ਹੋ ਰਹੀ ਹੈ।

ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1281)

ਗੁਰਸਿੱਖੀ ਗੁਰ ਸ਼ਬਦ ਦੇ ਅੰਮ੍ਰਿਤ ਨੂੰ ਆਪਣੇ ਮਨ ਵਿਚ ਸਹੇਜ ਲੈਣਾ ਤੇ ਦਸਮ ਦੁਆਰ ਨੂੰ ਖੋਲ ਸਹਿਜ ਅਵਸਥਾ ਪ੍ਰਾਪਤ ਕਰਨਾ ਹੈ। ਮਨ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ’ਤੇ ਕੇਂਦ੍ਰਿਤ ਰਹੇ ਕਿਉਂਕਿ ਕੇਵਲ ਇਹੋ ਸੱਚੀ ਬਾਣੀ ਹੈ, ਜਿਸ ਨੂੰ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਗੁਰਗੱਦੀ ’ਤੇ ਵਿਰਾਜਮਾਨ ਕਰ ਪ੍ਰਮਾਣਿਤ ਕੀਤਾ ਸੀ। ਇੱਕ ਦੀ ਹੀ ਸੇਵਾ ਹੈ, ਇੱਕ ਦਾ ਹੀ ਧਿਆਨ ਹੈ, ਇੱਕ ਹੀ ਦਾਤਾ ਹੈ, ਜਿਸ ਕੋਲੋਂ ਸਭ ਕੁਝ ਪ੍ਰਾਪਤ ਕਰਨਾ ਹੈ। ਕਿਤੇ ਹੋਰ ਧਿਆਨ ਰੱਖਣ ਤੋਂ ਗੁਰੂ ਨਾਨਕ ਸਾਹਿਬ ਨੇ ਸਖਤ ਵਰਜਿਆ “ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥” ਪੰਥ ਗੁਰੂ ਨਾਨਕ ਦਾ ਹੈ, ਗ੍ਰੰਥ ਗੁਰੂ ਨਾਨਕ ਜੋਤ ਦਾ ਹੈ, ਫਿਰ ਭਰਮ ਕਿਉਂ। ਗੁਰਸਿੱਖ ਵਡਭਾਗੀ ਹੈ ਕਿ ਉਸ ਨੂੰ ਗੁਰੂ ਨੇ ਅਨਹਦ ਸਬਦ ਦੇ ਅਚਰਜ ਬਿਸਮਾਦ ਨਾਲ ਜੋੜਿਆ ਹੈ।



# ਜੇਕਰ ਅਸੀਂ ਹਰਿਆਣਾ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਨਫ਼ਰਤ ਨੂੰ ਹਰਾਉਣਾ ਪਵੇਗਾ

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA



**ਦੋਵੇਂ ਖੁਦਕੁਸ਼ੀਆਂ ਦਿਲ ਦਹਿਲਾ ਦੇਣ ਵਾਲੀਆਂ ਹਨ। ਆਈ.ਪੀ.ਐੱਸ. ਪੂਰਨ ਕੁਮਾਰ ਦੀ ਮੌਤ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਏ.ਐੱਸ.ਆਈ. ਸੰਦੀਪ ਲਾਠਰ ਦੀ ਖੁਦਕੁਸ਼ੀ ਨੇ ਦਰਦ ਨੂੰ ਹੋਰ ਡੂੰਘਾ ਕਰ ਦਿੱਤਾ। ਉਨ੍ਹਾਂ ਨੇ ਆਪਣੇ ਵੀਡੀਓ ਅਤੇ ਸੰਦੇਸ਼ਾਂ ਵਿਚ ਜੋ ਦਰਦ ਪ੍ਰਗਟ ਕੀਤਾ, ਉਹ ਕਿਸੇ ਜਾਤੀ ਨਫ਼ਰਤ ਦਾ ਨਤੀਜਾ ਨਹੀਂ ਸੀ, ਸਗੋਂ ਇੱਕ ਅਜਿਹੀ ਪ੍ਰਣਾਲੀ ਤੋਂ ਮੋਹ ਭੰਗ ਦਾ ਨਤੀਜਾ ਸੀ, ਜੋ ਉਨ੍ਹਾਂ ਨੂੰ ਇਨਸਾਫ਼ ਦੇਣ ਵਿਚ ਅਸਫਲ ਰਹੀ। ਹਰ ਖੁਦਕੁਸ਼ੀ ਇੱਕ ਪੁਕਾਰ ਹੁੰਦੀ ਹੈ – ਇੱਕ ਪੁਕਾਰ ਜੋ ਕਹਿੰਦੀ ਹੈ, "ਸੁਣੋ, ਹੋਰ ਨਹੀਂ।" ਅਤੇ ਜਦੋਂ ਸਰਕਾਰੀ ਪ੍ਰਣਾਲੀ ਨਾਲ ਜੁੜੇ ਲੋਕ ਆਪਣੀਆਂ ਜਾਨਾਂ ਲੈਂਦੇ ਹਨ, ਤਾਂ ਇਹ ਸੰਕੇਤ ਦਿੰਦਾ ਹੈ ਕਿ ਅੰਦਰ ਕੁਝ ਡੂੰਘਾ ਸੜਿਆ ਹੋਇਆ ਹੈ।**

ਹਰਿਆਣਾ ਇਸ ਸਮੇਂ ਇੱਕ ਡੂੰਘੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇੱਕ ਨਹੀਂ, ਸਗੋਂ ਦੋ ਪੁਲਿਸ ਮੁਲਾਜ਼ਮਾਂ ਦੀਆਂ ਖੁਦਕੁਸ਼ੀਆਂ ਸਾਡੇ ਸਮਾਜ, ਸਾਡੀ ਪ੍ਰਣਾਲੀ ਅਤੇ ਸਾਡੀ ਸੋਚ ਬਾਰੇ ਸਵਾਲ ਖੜ੍ਹੇ ਕਰ ਰਹੀਆਂ ਹਨ। ਜਦੋਂ ਲੋਕ ਨਿਆਂ ਦਾ ਰਸਤਾ ਬੰਦ ਦੇਖਦੇ ਹਨ, ਤਾਂ ਉਹ ਜ਼ਿੰਦਗੀ ਤੋਂ ਹੀ ਹਾਰ ਮੰਨ ਲੈਂਦੇ ਹਨ। ਇਹ ਸਿਰਫ਼ ਦੋ ਸੈਨਿਕਾਂ ਦੀ ਮੌਤ ਨਹੀਂ ਹੈ, ਸਗੋਂ ਉਸ ਪ੍ਰਣਾਲੀ ਦੀ ਹਾਰ ਹੈ, ਜਿਸ 'ਤੇ ਨਾਗਰਿਕ ਭਰੋਸਾ ਕਰਦੇ ਹਨ।

ਅੱਜ ਜਦੋਂ ਗੁੱਸਾ, ਅਫਵਾਹਾਂ ਅਤੇ ਜਾਤ-ਆਧਾਰਿਤ ਬਹਿਸਾਂ ਦਾ ਬੋਲਬਾਲਾ ਹੈ, ਤਾਂ ਸੰਜਮ ਅਤੇ ਸਮਝਦਾਰੀ ਸਭ ਤੋਂ ਮਹੱਤਵਪੂਰਨ ਹੈ। ਜੇਕਰ ਸਮਾਜ ਭਾਵਨਾਵਾਂ ਵਿਚ ਵਹਿ ਜਾਂਦਾ ਹੈ, ਤਾਂ ਇਹ ਦੁਖਾਂਤ ਨਾ ਸਿਰਫ਼ ਦੋ ਪਰਿਵਾਰਾਂ ਦੀ ਦੁਖਾਂਤ ਹੋਵੇਗੀ, ਸਗੋਂ ਹਰਿਆਣਾ ਦੇ ਸਮਾਜਿਕ ਤਾਣੇ-ਬਾਣੇ ਨੂੰ ਵੀ ਤੋੜ ਦੇਵੇਗੀ।

ਦੋਵੇਂ ਖੁਦਕੁਸ਼ੀਆਂ ਦਿਲ ਦਹਿਲਾ ਦੇਣ ਵਾਲੀਆਂ ਹਨ। ਆਈ.ਪੀ.ਐੱਸ. ਪੂਰਨ ਕੁਮਾਰ ਦੀ ਮੌਤ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਏ.ਐੱਸ.ਆਈ. ਸੰਦੀਪ ਲਾਠਰ ਦੀ ਖੁਦਕੁਸ਼ੀ ਨੇ ਦਰਦ ਨੂੰ ਹੋਰ ਡੂੰਘਾ ਕਰ ਦਿੱਤਾ। ਉਨ੍ਹਾਂ ਨੇ ਆਪਣੇ ਵੀਡੀਓ ਅਤੇ ਸੰਦੇਸ਼ਾਂ ਵਿਚ ਜੋ ਦਰਦ ਪ੍ਰਗਟ ਕੀਤਾ, ਉਹ ਕਿਸੇ ਜਾਤੀ ਨਫ਼ਰਤ ਦਾ ਨਤੀਜਾ ਨਹੀਂ ਸੀ, ਸਗੋਂ ਇੱਕ ਅਜਿਹੀ ਪ੍ਰਣਾਲੀ ਤੋਂ ਮੋਹ ਭੰਗ ਦਾ ਨਤੀਜਾ ਸੀ, ਜੋ ਉਨ੍ਹਾਂ ਨੂੰ ਇਨਸਾਫ਼ ਦੇਣ ਵਿਚ ਅਸਫਲ ਰਹੀ।

ਹਰ ਖੁਦਕੁਸ਼ੀ ਇੱਕ ਪੁਕਾਰ ਹੁੰਦੀ ਹੈ – ਇੱਕ ਪੁਕਾਰ ਜੋ ਕਹਿੰਦੀ ਹੈ, "ਸੁਣੋ, ਹੋਰ ਨਹੀਂ।" ਅਤੇ ਜਦੋਂ ਸਰਕਾਰੀ ਪ੍ਰਣਾਲੀ ਨਾਲ ਜੁੜੇ ਲੋਕ ਆਪਣੀਆਂ ਜਾਨਾਂ ਲੈਂਦੇ ਹਨ, ਤਾਂ ਇਹ ਸੰਕੇਤ ਦਿੰਦਾ ਹੈ ਕਿ ਅੰਦਰ ਕੁਝ ਡੂੰਘਾ ਸੜਿਆ ਹੋਇਆ ਹੈ।

ਅੱਜ, ਸੋਸ਼ਲ ਮੀਡੀਆ ਅਤੇ ਰਾਜਨੀਤੀ ਦੋਵੇਂ ਇਸ ਮੁੱਦੇ ਨੂੰ ਜਾਤੀ ਦੇ ਲੈਂਸ ਰਾਹੀਂ ਦੇਖ ਰਹੇ ਹਨ। ਕੁਝ ਇਸਨੂੰ ਇੱਕ ਜਾਤ ਅਤੇ ਦੂਜੀ ਜਾਤ ਵਿਚਕਾਰ ਟਕਰਾਅ ਵਜੋਂ ਪੇਸ਼ ਕਰ ਰਹੇ ਹਨ, ਜਦੋਂਕਿ ਕੁਝ ਇਸਦਾ ਰਾਜਨੀਤਿਕ ਲਾਭ ਲਈ ਸ਼ੋਸ਼ਣ ਕਰ ਰਹੇ ਹਨ। ਪਰ ਸੱਚਾਈ ਇਸ ਤੋਂ ਕਿਤੇ ਡੂੰਘੀ ਹੈ – ਇਹ ਦੋ ਜਾਤਾਂ ਬਾਰੇ ਨਹੀਂ, ਸਗੋਂ ਦੋ ਮਨੁੱਖਾਂ ਬਾਰੇ ਇੱਕ ਦੁਖਾਂਤ ਹੈ।

ਪੂਰਨ ਕੁਮਾਰ ਅਤੇ ਸੰਦੀਪ ਲਾਠੇਰ ਦੋਵੇਂ ਆਪਣੇ ਪਰਿਵਾਰਾਂ, ਆਪਣੇ ਭਾਈਚਾਰਿਆਂ ਅਤੇ ਆਪਣੇ-ਆਪਣੇ ਫਰਜ਼ਾਂ ਪ੍ਰਤੀ ਸਮਰਪਿਤ ਸਨ। ਦੋਵਾਂ ਦਾ ਉਦੇਸ਼ ਨਿਆਂ ਅਤੇ ਸਵੈ-ਮਾਣ ਸੀ। ਪਰ ਜਦੋਂ ਉਨ੍ਹਾਂ ਨੂੰ ਸਿਸਟਮ ਵਿਚ ਕੋਈ ਵਿਸ਼ਵਾਸ ਨਹੀਂ ਮਿਲਿਆ, ਤਾਂ ਉਨ੍ਹਾਂ ਨੇ ਉਹ ਰਸਤਾ ਚੁਣਿਆ, ਜੋ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਲਈ ਸਭ ਤੋਂ ਦੁਖਦਾਈ ਹੁੰਦਾ ਹੈ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਅਸੀਂ ਇਨ੍ਹਾਂ ਘਟਨਾਵਾਂ ਨੂੰ ਨਸਲੀ ਬਹਿਸ ਵਿਚ ਬਦਲ ਦਿੰਦੇ ਹਾਂ, ਤਾਂ ਅਸਲ ਮੁੱਦਾ – ਸਿਸਟਮ ਵਿਚ ਡਿੱਗਦਾ ਵਿਸ਼ਵਾਸ – ਹਮੇਸ਼ਾ ਲਈ ਅਸਪੱਸ਼ਟ ਹੋ ਜਾਵੇਗਾ। ਅਜਿਹਾ ਕਰਨਾ ਨਾ ਸਿਰਫ਼ ਇਨ੍ਹਾਂ ਖੁਦਕੁਸ਼ੀਆਂ ਦੇ ਦੁੱਖ ਦਾ ਅਪਮਾਨ ਹੋਵੇਗਾ, ਸਗੋਂ ਇਹ ਸਮਾਜ ਨੂੰ ਹੋਰ ਵੀ ਹਨੇਰੇ ਵਿਚ ਧੱਕ ਦੇਵੇਗਾ।

ਹਰ ਖੁਦਕੁਸ਼ੀ ਦੇ ਪਿੱਛੇ ਇੱਕ ਕਹਾਣੀ ਹੁੰਦੀ ਹੈ—ਕਦੇ ਚੁੱਪ ਕਰਵਾਏ ਜਾਣ ਦੀ, ਕਦੇ ਸੁਣੇ ਨਾ ਜਾਣ ਦੀ ਅਤੇ ਕਦੇ ਬੇਇਨਸਾਫ਼ੀ ਨਾਲ ਲੜਦੇ-ਲੜਦੇ ਥੱਕ ਜਾਣ ਦੀ। ਪੂਰਨ ਕੁਮਾਰ ਅਤੇ ਸੰਦੀਪ ਲਾਠਰ ਦੀਆਂ ਮੌਤਾਂ ਇਸੇ ਥਕਾਵਟ ਦਾ ਨਤੀਜਾ ਹਨ। ਦੋਵਾਂ ਕੋਲ ਸ਼ਾਇਦ ਕਾਫ਼ੀ ਸਮਾਂ ਅਤੇ ਸੰਭਾਵਨਾ ਸੀ, ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਉਦੋਂ ਖਤਮ ਕਰ ਲਈ, ਜਦੋਂ ਉਨ੍ਹਾਂ ਨੂੰ ਲੱਗਾ ਕਿ ਕੋਈ ਉਨ੍ਹਾਂ ਦੀ ਗੱਲ ਨਹੀਂ ਸੁਣੇਗਾ।

ਇਹ ਸਭ ਤੋਂ ਖ਼ਤਰਨਾਕ ਸਥਿਤੀ ਹੈ – ਜਦੋਂ ਇੱਕ ਨਾਗਰਿਕ ਇਹ ਮੰਨਦਾ ਹੈ ਕਿ ਸਿਸਟਮ ਹੁਣ ਉਨ੍ਹਾਂ ਦੀ ਸੇਵਾ ਨਹੀਂ ਕਰਦਾ ਅਤੇ ਜਦੋਂ ਲੋਕ ਨਿਆਂ ਦੀ ਉਮੀਦ ਛੱਡ ਦਿੰਦੇ ਹਨ, ਤਾਂ ਸਮਾਜ ਹਫੜਾ-ਦਫੜੀ ਵਿਚ ਫਸ ਜਾਂਦਾ ਹੈ।




ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕੋਈ ਸਮਾਜ ਨਫ਼ਰਤ ਦੇ ਰਾਹ 'ਤੇ ਚੱਲਦਾ ਹੈ, ਤਾਂ ਇਹ ਆਪਣੇ ਆਪ ਨੂੰ ਕਮਜ਼ੋਰ ਕਰ ਲੈਂਦਾ ਹੈ। ਭਾਵੇਂ ਇਹ ਧਰਮ, ਭਾਸ਼ਾ ਜਾਂ ਜਾਤ ਦੇ ਨਾਮ 'ਤੇ ਹੋਵੇ – ਅੰਤ ਵਿਚ, ਸਮਾਜ ਹੀ ਸਭ ਤੋਂ ਵੱਧ ਨੁਕਸਾਨ ਝੱਲਦਾ ਹੈ।

ਜੇਕਰ ਅਸੀਂ ਇਸ ਦੁਖਦਾਈ ਘਟਨਾ ਨੂੰ ਨਸਲੀ ਟਕਰਾਅ ਵਜੋਂ ਪੇਸ਼ ਕਰਦੇ ਹਾਂ, ਤਾਂ ਅਸੀਂ ਉਨ੍ਹਾਂ ਹੀ ਖੱਡਾਂ ਵਿਚ ਵਾਪਸ ਡਿੱਗ ਜਾਵਾਂਗੇ, ਜਿਨ੍ਹਾਂ ਵਿਚੋਂ ਨਿਕਲਣ ਲਈ ਸਾਨੂੰ ਦਹਾਕਿਆਂ ਲੱਗ ਗਏ। ਨਫ਼ਰਤ ਦਾ ਜਵਾਬ ਨਫ਼ਰਤ ਨਾਲ ਨਹੀਂ ਦਿੱਤਾ ਜਾ ਸਕਦਾ। ਜਵਾਬ ਹੈ ਸੰਵਾਦ, ਸੁਧਾਰ ਅਤੇ ਹਮਦਰਦੀ।

ਹਰਿਆਣਾ ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ – ਸਾਰਿਆਂ ਨੂੰ ਆਤਮ-ਨਿਰੀਖਣ ਕਰਨ ਦੀ ਲੋੜ ਹੈ। ਸਵਾਲ ਇਹ ਨਹੀਂ ਹੈ ਕਿ ਕੌਣ ਕਿਸ ਜਾਤੀ ਨਾਲ ਸਬੰਧਤ ਸੀ, ਸਗੋਂ ਇਹ ਹੈ ਕਿ ਇੱਕ ਅਧਿਕਾਰੀ ਅਤੇ ਇੱਕ ਏ.ਐੱਸ.ਆਈ. ਨੂੰ ਖੁਦਕੁਸ਼ੀ ਵਰਗਾ ਸਖ਼ਤ ਕਦਮ ਚੁੱਕਣ ਲਈ ਕਿਉਂ ਮਜਬੂਰ ਕੀਤਾ ਗਿਆ। ਕੀ ਸਾਡੇ ਸਿਸਟਮ ਵਿਚ ਸ਼ਿਕਾਇਤ ਦਰਜ ਕਰਨ ਅਤੇ ਸੁਣਵਾਈ ਦੀ ਪ੍ਰਕਿਰਿਆ ਇੰਨੀ ਔਖੀ ਹੈ ਕਿ ਇੱਕ ਅਧਿਕਾਰੀ ਵੀ ਇਨਸਾਫ਼ ਦੀ ਉਮੀਦ ਗੁਆ ਬੈਠਦਾ ਹੈ? ਕੀ ਸਾਡੇ ਉੱਚ ਅਧਿਕਾਰੀ ਆਪਣੇ ਅਧੀਨ ਅਧਿਕਾਰੀਆਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਨ? ਕੀ ਸਾਡੇ ਸਮਾਜ ਨੇ ਕਿਸੇ ਦੀ ਦੁਰਦਸ਼ਾ ਨੂੰ ਸਮਝਣ ਲਈ ਆਪਣਾ ਸਬਰ ਗੁਆ ਦਿੱਤਾ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਮਹੱਤਵਪੂਰਨ ਹਨ। ਕਿਉਂਕਿ ਜੇਕਰ ਇਹ ਸਿਸਟਮ ਆਪਣੇ ਅਧਿਕਾਰੀਆਂ ਦੇ ਦਰਦ ਨੂੰ ਨਹੀਂ ਸੁਣ ਸਕਦਾ, ਤਾਂ ਆਮ ਜਨਤਾ ਦਾ ਕੀ ਹੋਵੇਗਾ? ਸੁਧਾਰ ਉੱਥੋਂ ਸ਼ੁਰੂ ਹੁੰਦਾ ਹੈ, ਜਿੱਥੇ ਗਲਤੀਆਂ ਨੂੰ ਸਵੀਕਾਰ ਕੀਤਾ ਜਾਂਦਾ ਹੈ। ਅਤੇ ਇਹ ਸਮਾਂ ਹੈ – ਗਲਤੀਆਂ ਨੂੰ ਸਵੀਕਾਰ ਕਰਨ ਅਤੇ ਸੁਧਾਰ ਦਾ ਰਸਤਾ ਚੁਣਨ ਦਾ।

ਦੋਵੇਂ ਖੁਦਕੁਸ਼ੀਆਂ ਇੱਕ ਸੁਨੇਹਾ ਛੱਡਦੀਆਂ ਹਨ ਕਿ ਸਿਸਟਮ ਵਿਚ ਵਿਸ਼ਵਾਸ ਬਹਾਲ ਕਰਨਾ ਹੁਣ ਸਭ ਤੋਂ ਜ਼ਰੂਰੀ ਸਮਾਜਿਕ ਕੰਮ ਹੈ। ਪੁਲਿਸ ਵਿਭਾਗ, ਪ੍ਰਸ਼ਾਸਨਿਕ ਮਸ਼ੀਨਰੀ, ਮੀਡੀਆ ਅਤੇ ਸਮਾਜ—ਸਭ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਅਜਿਹਾ ਮਾਹੌਲ ਬਣਾਇਆ ਜਾ ਸਕੇ, ਜਿੱਥੇ ਕੋਈ ਵੀ ਮਹਿਸੂਸ ਨਾ ਕਰੇ ਕਿ ਉਨ੍ਹਾਂ ਦੀ ਆਵਾਜ਼ ਨੂੰ ਚੁੱਪ ਕਰਾਇਆ ਜਾਵੇਗਾ।

ਵਿਸ਼ਵਾਸ ਤਾਂ ਹੀ ਬਹਾਲ ਹੋਵੇਗਾ, ਜਦੋਂ ਨਿਆਂ ਤੇਜ਼ ਅਤੇ ਨਿਰਪੱਖ ਹੋਵੇਗਾ, ਜਾਂਚ ਪਾਰਦਰਸ਼ੀ ਅਤੇ ਰਾਜਨੀਤਿਕ ਪ੍ਰਭਾਵ ਤੋਂ ਮੁਕਤ ਹੋਵੇਗੀ, ਸੰਵੇਦਨਸ਼ੀਲ ਲੀਡਰਸ਼ਿਪ ਉਭਰੇਗੀ, ਜੋ ਸਿਰਫ਼ ਬਿਆਨ ਜਾਰੀ ਨਹੀਂ ਕਰੇਗੀ, ਬਲਕਿ ਸੰਸਥਾਗਤ ਸੁਧਾਰਾਂ ਨੂੰ ਵੀ ਲਾਗੂ ਕਰੇਗੀ, ਮੀਡੀਆ ਜ਼ਿੰਮੇਵਾਰੀ ਨਾਲ ਕੰਮ ਕਰੇਗਾ, ਸੱਚਾਈ ਨੂੰ ਸਨਸਨੀਖੇਜ਼ ਬਣਾਉਣ ਦੀ ਬਜਾਏ ਰਿਪੋਰਟ ਕਰੇਗਾ ਅਤੇ ਸਮਾਜ ਸੰਜਮ ਬਣਾਈ ਰੱਖੇਗਾ, ਅਫਵਾਹਾਂ ਅਤੇ ਨਸਲਵਾਦੀ ਟਿੱਪਣੀਆਂ ਤੋਂ ਪਰਹੇਜ਼ ਕਰੇਗਾ। ਵਿਸ਼ਵਾਸ ਰਾਤੋ-ਰਾਤ ਨਹੀਂ ਬਣਦਾ, ਪਰ ਇੱਕ ਗਲਤ ਫੈਸਲੇ ਨਾਲ ਇਹ ਇੱਕ ਪਲ ਵਿਚ ਟੁੱਟ ਸਕਦਾ ਹੈ। ਹੁਣ ਇਸਨੂੰ ਦੁਬਾਰਾ ਬਣਾਉਣ ਦਾ ਸਮਾਂ ਹੈ। ਹਰ ਸਮਾਜ ਵਿਚ ਅਜਿਹੇ ਵਿਅਕਤੀ ਹੁੰਦੇ ਹਨ, ਜੋ ਮੁਸ਼ਕਲ ਸਮੇਂ ਵਿਚ ਮਾਰਗਦਰਸ਼ਨ ਕਰਦੇ ਹਨ। ਅੱਜ, ਹਰਿਆਣਾ ਨੂੰ ਅਜਿਹੇ ਸਿਆਣੇ ਸਹਿਯੋਗੀਆਂ ਦੀ ਲੋੜ ਹੈ – ਜੋ ਨਫ਼ਰਤ ਦੀ ਅੱਗ ਨੂੰ ਭੜਕਾਉਣ ਦੀ ਬਜਾਏ ਇਸ ਵਿਚ ਪਾਣੀ ਪਾਉਣਗੇ।

ਇਹ ਸਮਾਂ ਹੈ ਕਿ ਅਸੀਂ ਸਾਰੇ ਇਸ ਦੁੱਖ ਨੂੰ ਜਾਤੀਗਤ ਦ੍ਰਿਸ਼ਟੀਕੋਣ ਤੋਂ ਨਹੀਂ, ਸਗੋਂ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਦੇਖੀਏ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਰਨ ਵਾਲੇ ਕਿਸੇ ਜਾਤੀ ਦੇ ਮੈਂਬਰ ਨਹੀਂ ਸਨ, ਸਗੋਂ ਇਸ ਰਾਜ ਦੇ ਪੁੱਤਰ ਸਨ। ਜੇ ਅਸੀਂ ਉਨ੍ਹਾਂ ਦੀਆਂ ਮੌਤਾਂ ਤੋਂ ਕੁਝ ਸਿੱਖ ਸਕਦੇ ਹਾਂ, ਤਾਂ ਉਹ ਇਹ ਹੈ ਕਿ ਸਾਨੂੰ ਨਿਆਂ ਅਤੇ ਗੱਲਬਾਤ ਦੇ ਦਰਵਾਜ਼ੇ ਕਦੇ ਵੀ ਬੰਦ ਨਹੀਂ ਕਰਨੇ ਚਾਹੀਦੇ।

ਇਨ੍ਹਾਂ ਘਟਨਾਵਾਂ ਤੋਂ ਬਾਅਦ, ਕੁਝ ਰਾਜਨੀਤਿਕ ਬਿਆਨ ਸਾਹਮਣੇ ਆਏ – ਕੁਝ ਨੇ ਕਿਹਾ ਕਿ ਦੋਸ਼ੀ ਇੱਕ ਖਾਸ ਜਾਤੀ ਨਾਲ ਸਬੰਧਤ ਸੀ, ਕੁਝ ਨੇ ਕਿਹਾ ਕਿ ਜਾਂਚ ਪੱਖਪਾਤੀ ਸੀ। ਪਰ ਰਾਜਨੀਤੀ ਦਾ ਇਹੀ ਚਿਹਰਾ ਸਮਾਜ ਨੂੰ ਜ਼ਹਿਰ ਦਿੰਦਾ ਹੈ। ਇਸ ਸਮੇਂ ਜਿਸ ਚੀਜ਼ ਦੀ ਲੋੜ ਹੈ, ਉਹ ਬਿਆਨਬਾਜ਼ੀ ਨਹੀਂ, ਸਗੋਂ ਹਮਦਰਦੀ ਹੈ। ਜੇਕਰ ਨੇਤਾ, ਰਾਜਨੀਤੀ ਦੀ ਬਜਾਏ, ਪ੍ਰਣਾਲੀਗਤ ਸੁਧਾਰ ਦੀ ਮੰਗ ਕਰਦੇ ਹਨ, ਤਾਂ ਇਹ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ। ਕਿਉਂਕਿ ਜਿਹੜੇ ਲੋਕ ਮਰ ਗਏ, ਉਹ ਰਾਜਨੀਤੀ ਲਈ ਨਹੀਂ, ਸਗੋਂ ਨਿਆਂ ਲਈ ਲੜੇ।

ਹਰਿਆਣਾ ਆਪਣੇ ਮਿਹਨਤੀ ਲੋਕਾਂ, ਕਿਸਾਨਾਂ, ਸੈਨਿਕਾਂ ਅਤੇ ਭਾਈਚਾਰੇ ਲਈ ਜਾਣਿਆ ਜਾਂਦਾ ਹੈ। ਜੇਕਰ ਅਸੀਂ ਜਾਤੀ ਰੇਖਾਵਾਂ 'ਤੇ ਵੰਡੇ ਜਾਂਦੇ ਹਾਂ, ਤਾਂ ਇਹ ਤਾਕਤ ਖਤਮ ਹੋ ਜਾਵੇਗੀ। ਸਾਨੂੰ ਯਾਦ ਰੱਖਣਾ ਚਾਹੀਦਾ ਹੈ – ਨਫ਼ਰਤ ਵਿਚ ਫਸਿਆ ਸਮਾਜ ਵਿਕਾਸ ਵਿਚ ਪਿੱਛੇ ਰਹਿ ਜਾਂਦਾ ਹੈ।

ਇਸ ਲਈ, ਇਹ ਸਮਾਂ ਨਫ਼ਰਤ ਦੇ ਵਿਰੁੱਧ ਖੜ੍ਹੇ ਹੋਣ ਦਾ ਹੈ। ਸੋਸ਼ਲ ਮੀਡੀਆ 'ਤੇ ਭੜਕਾਊ ਸੰਦੇਸ਼ ਫੈਲਾਉਣ ਵਾਲਿਆਂ ਨੂੰ ਪਛਾਣੋ ਅਤੇ ਉਨ੍ਹਾਂ ਤੋਂ ਦੂਰੀ ਬਣਾਓ। ਸਾਡਾ ਟੀਚਾ ਹਰਿਆਣਾ ਨੂੰ ਵਿਸ਼ਵਾਸ, ਏਕਤਾ ਅਤੇ ਸ਼ਾਂਤੀ ਦੇ ਰਾਹ 'ਤੇ ਵਾਪਸ ਲਿਆਉਣਾ ਹੋਣਾ ਚਾਹੀਦਾ ਹੈ।

ਕਿਸੇ ਸਮਾਜ ਦੀ ਪਰਿਪੱਕਤਾ ਦਾ ਮਾਪ ਉਸਦੀ ਸ਼ਕਤੀ ਜਾਂ ਦੌਲਤ ਨਹੀਂ ਹੈ, ਸਗੋਂ ਇਸਦੇ ਪੀੜਤਾਂ ਪ੍ਰਤੀ ਇਸਦੀ ਸੰਵੇਦਨਸ਼ੀਲਤਾ ਹੈ। ਜੇਕਰ ਅਸੀਂ ਇਨ੍ਹਾਂ ਖੁਦਕੁਸ਼ੀਆਂ ਨੂੰ ਸਬਕ ਵਜੋਂ ਲੈਂਦੇ ਹਾਂ ਅਤੇ ਅੱਜ ਆਪਣੀਆਂ ਸੰਸਥਾਵਾਂ ਨੂੰ ਸੰਵੇਦਨਸ਼ੀਲ ਬਣਾਉਂਦੇ ਹਾਂ, ਤਾਂ ਇਹ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸਾਨੂੰ ਇੱਕ ਅਜਿਹਾ ਸਮਾਜ ਬਣਾਉਣਾ ਚਾਹੀਦਾ ਹੈ, ਜਿੱਥੇ ਕੋਈ ਵੀ ਇਹ ਨਾ ਮਹਿਸੂਸ ਕਰੇ ਕਿ ਉਸਨੂੰ ਇਨਸਾਫ਼ ਪ੍ਰਾਪਤ ਕਰਨ ਲਈ ਮਰਨਾ ਪਵੇਗਾ। ਪ੍ਰਸ਼ਾਸਕੀ ਸੁਧਾਰ ਜ਼ਰੂਰੀ ਹਨ। ਅਧਿਕਾਰੀਆਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਨ ਲਈ ਸੁਤੰਤਰ ਸ਼ਿਕਾਇਤ ਫੋਰਮ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਪੁਲਿਸ ਅਤੇ ਪ੍ਰਸ਼ਾਸਨਿਕ ਸਟਾਫ ਲਈ ਮਾਨਸਿਕ ਸਿਹਤ ਸਲਾਹ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਲੀਡਰਸ਼ਿਪ ਨੂੰ ਅਧੀਨ ਕਰਮਚਾਰੀਆਂ ਨਾਲ ਪਰਿਵਾਰ ਵਾਂਗ ਪੇਸ਼ ਆਉਣਾ ਚਾਹੀਦਾ ਹੈ। ਸਮਾਜਿਕ ਸੰਵਾਦ ਵਧਣਾ ਚਾਹੀਦਾ ਹੈ ਅਤੇ ਨਸਲੀ ਵੰਡ ਘੱਟਣੀ ਚਾਹੀਦੀ ਹੈ।

ਜਦੋਂ ਤੱਕ ਇਹ ਸੁਧਾਰ ਨਹੀਂ ਕੀਤੇ ਜਾਂਦੇ, ਸਾਡਾ ਸਮਾਜਿਕ ਸੰਤੁਲਨ ਹਰੇਕ ਖੁਦਕੁਸ਼ੀ ਨਾਲ ਹੋਰ ਵੀ ਵਿਗੜਦਾ ਜਾਵੇਗਾ। ਪੂਰਨ ਕੁਮਾਰ ਅਤੇ ਸੰਦੀਪ ਲਾਠਰ ਦੀਆਂ ਖੁਦਕੁਸ਼ੀਆਂ ਸਾਡੇ ਲਈ ਡੂੰਘੇ ਸਬਕ ਹਨ। ਇਹ ਜਾਤੀ ਤ੍ਰਾਸਦੀ ਨਹੀਂ ਹੈ, ਸਗੋਂ ਇੱਕ ਮਨੁੱਖੀ ਤ੍ਰਾਸਦੀ ਹੈ। ਜੇਕਰ ਅਸੀਂ ਇਸਨੂੰ ਜਾਤੀਵਾਦੀ ਮੋੜ ਦਿੰਦੇ ਹਾਂ, ਤਾਂ ਅਸੀਂ ਉਨ੍ਹਾਂ ਦੀ ਕੁਰਬਾਨੀ ਦਾ ਅਪਮਾਨ ਕਰਾਂਗੇ।

ਸਾਨੂੰ ਉਨ੍ਹਾਂ ਦੇ ਸੰਦੇਸ਼ ਨੂੰ ਸਮਝਣਾ ਚਾਹੀਦਾ ਹੈ – ਨਿਆਂ, ਸੁਧਾਰ ਅਤੇ ਭਾਈਚਾਰਾ ਹੀ ਅੱਗੇ ਵਧਣ ਦਾ ਇੱਕੋ ਇੱਕ ਰਸਤਾ ਹੈ। ਅੱਜ, ਮੇਰੀ ਹਰਿਆਣਾ ਦੇ ਹਰ ਨਾਗਰਿਕ ਨੂੰ ਇੱਕੋ ਇੱਕ ਅਪੀਲ ਹੈ – ਸੰਕਟ ਦੇ ਇਸ ਸਮੇਂ ਵਿਚ ਸੰਜਮ ਬਣਾਈ ਰੱਖੋ। ਅਫਵਾਹਾਂ ਅਤੇ ਨਫ਼ਰਤ ਤੋਂ ਦੂਰ ਰਹੋ। ਕਿਉਂਕਿ ਨਫ਼ਰਤ 'ਤੇ ਆਧਾਰਿਤ ਸਮਾਜ ਕਦੇ ਵੀ ਖੁਸ਼ ਨਹੀਂ ਹੁੰਦਾ। ਸਮਝਦਾਰ ਸਾਥੀਆਂ ਨੂੰ ਇਸ ਨਫ਼ਰਤ ਨੂੰ ਹਰਾਉਣ ਅਤੇ ਵਿਸ਼ਵਾਸ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਕੇਵਲ ਤਦ ਹੀ ਅਸੀਂ ਹਰਿਆਣਾ ਨੂੰ ਬਚਾ ਸਕਾਂਗੇ, ਜੋ ਕਿ ਸਖ਼ਤ ਮਿਹਨਤ, ਏਕਤਾ ਅਤੇ ਆਪਸੀ ਪਿਆਰ ਦੀ ਪਛਾਣ ਰਿਹਾ ਹੈ।

## ਮਜਬੂਰੀ

ਬਚਪਨ 'ਚ ਭੋਲੇ ਹੁੰਦੇ ਸੀ,
ਜਿੱਥੇ ਚਾਹੁੰਦੇ ਹੱਸ ਲੈਂਦੇ ਸੀ।
ਖੁਦ ਆਪਾ ਖੋਹ ਲੈਂਦੇ ਸੀ,
ਜਿੱਥੇ ਚਾਹੁੰਣਾ ਰੋ ਲੈਂਦੇ ਸੀ।

ਪਰ ਹੁਣ
ਨਾਲ਼ ਸਲੀਕੇ ਹੀ ਮੁਸਕਾਵਾਂ ,
ਰੋਣ ਵੇਲ਼ੇ ਤਨਹਾਈ ਚਾਹਵਾਂ।
ਨਾਲ਼ੇ ਮੁੱਖ ਜੱਗ ਤੋਂ ਲੁਕਾਵਾਂ,
ਕਦੇ ਨਾ ਹੋਣ ਦੂਰ ਬਲਾਵਾਂ।

ਅੱਜ
ਤੱਕੀ ਹੈ ਫ਼ੋਟੋ ਇੱਕ ਪੁਰਾਣੀ ,
ਬੇਪ੍ਰਵਾਹੀ ਸੀ ਰੁੱਤ ਸੁਹਾਣੀ।
ਇੱਕ ਦੂਜੇ ਦਾ ਭਰਦੇ ਪਾਣੀ,
ਹਾਸਾ ਠੱਠਾ ਬਣੀ ਕਹਾਣੀ।

ਆਓ
ਤੁਰਦੇ ਹਾਂ ਨਵੇਂ ਇੱਕ ਰਾਹ,
ਜੀਣ ਦੀ ਹੋਵੇ ਜਿੱਥੇ ਚਾਹ।
ਮੁਸਕਾਣ ਨੂੰ ਮਿਲੇ ਵਜਾਹ,
ਜੱਗ ਆਖੇ ਵਾਹ ਜੀ ਵਾਹ।



-ਸੇਵਾ ਸਿੰਘ "ਨੂਰਪੁਰੀ"

## ਰਹਿਮਤ

ਮੈਂ ਕਿਸੇ ਦੀ ਰਹਿਮਤ ਦਾ ਮੁਹਤਾਜ ਨਹੀਂ।
ਵਿੱਕਦਾ ਵਿਚ ਬਜ਼ਾਰਾਂ ਦੇ ਕੋਈ ਸਾਜ ਨਹੀਂ।

ਦਿਨ ਮੈਂ ਕੱਟਦਾ ਰਹਿਕੇ ਵਿਚ ਹਲੀਮੀਂ ਦੇ,
ਮੇਰੇ ਸਿਰ 'ਤੇ ਹਉਮੇਂ ਦਾ ਕੋਈ ਤਾਜ ਨਹੀਂ।

ਜਿਹੜੇ ਦਰਜਾ ਦਿੰਦੇ ਮੈਨੂੰ ਰੱਬ ਦਾ ਸੀ,
ਅੱਜਕੱਲ੍ਹ ਆਖਣ ਤੇਰੇ ਨਾਲ ਲਿਹਾਜ਼ ਨਹੀਂ।

ਲੋਕਾਂ ਲਈ ਲੱਖ ਐਬ ਹੋਣਗੇ ਮੇਰੇ ਵਿਚ,
ਮੈਨੂੰ ਲੱਗਦਾ ਮੇਰੇ ਵਿਚ ਕੋਈ ਕਾਜ ਨਹੀਂ।

ਖ਼ੂਨ ਰਗਾਂ ਵਿਚ ਜਦ ਤੱਕ ਮੇਰੇ ਦੌੜੇਗਾ,
ਸੱਚ ਲਿਖਣ ਤੋਂ ਆਉਣਾ ਮੈਂ ਵੀ ਬਾਜ਼ ਨਹੀਂ।

ਲੋਕਾਂ ਭਾਣੇ ਬੜੀ ਤਰੱਕੀ ਕਰ ਲਈ ਮੈਂ,
ਮੈਂ ਸੋਚਾਂ ਕਿ ਹਾਲੇ ਹੋਇਆ ਆਗਾਜ਼ ਨਹੀਂ।

ਸਾਧੂ ਉਦ ਤੱਕ ਹੀ ਸਾਧੂ ਅਖਵਾਉਂਦਾ ਏ,
ਜਦ ਤੱਕ ਖੁੱਲਦਾ ਕੁ-ਕਰਮਾਂ ਦਾ ਪਾਜ ਨਹੀਂ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ:+1-360-448-1989

## ਧੁੱਪ ਚਾਂਦਨੀ ਵਰਗਾ ਤਾਰਾ

### (ਰਾਜਵੀਰ ਜਵੰਧਾ ਦੇ ਨਾਂ)

ਰੂਹਾਂ ਦੀ ਰਾਖੀ ਤੇ
ਸੁਰਾਂ ਦਾ ਰਾਜਾ

ਸੰਗੀਤ ਦਾ ਸੋਹਣਾ ਸਾਊ ਪੁੱਤ
ਪੰਜਾਬ ਦੀ ਮਿੱਟੀ ਦੀ ਸੁਗੰਧ ਸੀ
ਉਸਦੇ ਬੋਲ

ਗਾਉਂਦਾ ਤਾਂ
ਕਾਇਨਾਤ ਵੀ ਗਾਉਂਦੀ ਨਾਲ

ਮੁਸਕਰਾਹਟ ਨੇ ਖ਼ਬਰੇ
ਉਸ ਦੇ ਚਿਹਰੇ ਤੋਂ ਹੀ ਜਨਮ ਲਿਆ ਸੀ

ਉਹ ਹਰੇਕ ਦਿਲ ਦੀ ਧੜਕਣ ਨੂੰ
ਸੁਰੀਲੀ ਤਰਜ਼ ਬਣਾ ਦਿੰਦਾ
ਉਹਦੇ ਹਰ ਗੀਤ ਵਿਚ
ਨਵਾਂ ਮੌਸਮ ਖਿੜਦਾ
ਰਾਤਾਂ ਨੱਚਦੀਆਂ

ਉਹਦੇ ਬੋਲ ਗੂੰਜ ਖ਼ੁਸ਼ਬੂ
ਤੇ ਇੱਕ ਆਸ ਸੀ ਪੰਜਾਬ ਦੀ

ਉਹ ਤਰਬੂਜ਼ੀ ਛਾਂਵਾਂ ਵਿਚ
ਸਮਾਂ ਬੰਨ੍ਹ ਦਿੰਦਾ

ਸੋਹਣੇ ਸੁਪਨਿਆਂ ਵਾਂਗ ਸਜਦਾ

ਜ਼ਿੰਦਗੀ ਨੂੰ ਨਵੀਂ ਛਾਂ ਮਿਲਦੀ
ਓਹਦੇ ਗੀਤਾਂ ਵਿਚ

ਹਰ ਦਿਲ ਨੂੰ ਛੂਹ ਜਾਂਦੀ ਸੀ
ਤੇਰੀ ਆਵਾਜ਼ ਦੀ ਮਿੱਠੀ ਸੁਰ

ਤੇਰੇ ਸ਼ਬਦ
ਇਕ ਸੋਹਣੀ ਨਜ਼ਮ ਵਾਂਗ
ਰੂਹਾਂ ਨੂੰ ਬਹਿਲਾ ਜਾਂਦੇ

ਸੰਗੀਤ ਦੀ ਪਰਮ ਆਸ
ਬਣ ਕੇ ਰਹੇਗਾ ਤੇਰਾ ਹਰ ਗੀਤ
ਹਰ ਜਸ਼ਨ ਮਨਾਏਗੀ
ਤੇਰੀ ਕਲਾ, ਸੁਰ ਅਤੇ ਸੰਗੀਤ

ਸੋਹਣਿਆ ਇੰਦਾਂ ਨਹੀਂ
ਚੁੱਪ ਚਾਪ ਟੁਰ ਜਾਈਦਾ
ਘਰਦਿਆਂ ਨੂੰ ਹਨੇਰੀ ਰਾਤ ਵਿਚ
ਇਕੱਲਿਆਂ ਛੱਡ ਕੇ
ਤੇ ਝੂਠਾ ਜਿਹਾ ਲਾਰਾ ਲਾ ਕੇ ਪਰਤਣ ਦਾ

ਧੁੱਪ ਚਾਂਦਨੀ ਵਰਗਾ ਤਾਰਾ
ਯਾਰਾਂ ਲਈ
ਕੱਲ ਇੱਕ ਕਹਾਣੀ ਬਣ ਗਿਆ

ਅਲਵਿਦਾ! ਰਾਜਵੀਰ



-ਅਮਰਜੀਤ ਟਾਂਡਾ

## ਸੱਚਾਈਆਂ

ਰੱਬ ਦੀ ਕਚਹਿਰੀ 'ਚ, ਸੱਚਾਈਆਂ ਕੰਮ ਆਉਂਦੀਆਂ
ਚੰਗੇ ਕੀਤੇ ਕੰਮ ਤੇ, ਗਵਾਹੀਆਂ ਕੰਮ ਆਉਂਦੀਆਂ

ਕੱਖਾਂ ਦੀ ਵੀ ਲੋੜ ਪੈਂਦੀ, ਕਦੇ ਕਦੇ ਬੰਦੇ ਨੂੰ
ਉੱਗੀਆਂ ਉਜਾੜਾਂ ਵਿਚ, ਕਾਹੀਆਂ ਕੰਮ ਆਉਂਦੀਆਂ

ਆਉਣਾ ਪੈਂਦਾ ਆਖਰਾਂ ਨੂੰ, ਧਰਤੀ 'ਤੇ ਮੁੜਕੇ
ਭਾਵੇਂ, ਉੱਡਣੇ ਦੇ ਵਾਸਤੇ, ਉਚਾਈਆਂ ਕੰਮ ਆਉਂਦੀਆਂ

ਹੋਵੇ ਦਰਿਆਵਾਂ ਵੱਡੇ, ਸਾਗਰਾਂ 'ਚ ਮਿਲਣਾ
ਡੂੰਘੀਆਂ ਨਿਮਾਣਾਂ, ਉਤਰਾਈਆਂ ਕੰਮ ਆਉਂਦੀਆਂ

ਹੋਣਾ ਅਸਵਾਰ ਹੋਵੇ, ਮੰਜ਼ਿਲਾਂ ਦੀ ਹਿੱਕ 'ਤੇ
ਵਾਰ ਵਾਰ ਕੀਤੀਆਂ, ਟਰਾਈਆਂ ਕੰਮ ਆਉਂਦੀਆਂ

ਮਰਦਾ ਨੀ ਬੰਦਾ ਜਿਹੜਾ, ਔਖਾ ਟਾਇਮ ਦੇਖ ਲਏ
ਤਨਾਂ 'ਤੇ ਗਰੀਬੀਆਂ, ਹੰਢਾਈਆਂ ਕੰਮ ਆਉਂਦੀਆਂ

ਘੇਰਦੇ ਗੰਡਾਸੇ ਜਦੋਂ, ਵੈਰੀਆਂ ਦੇ ਆਣ ਕੇ
ਯਾਰਾਂ ਦੀਆਂ ਯਾਰੀਆਂ, ਕਮਾਈਆਂ ਕੰਮ ਆਉਂਦੀਆਂ

ਔਕੜਾਂ ਦੇ ਪੰਜਿਆਂ 'ਚ, ਪੁੱਤ ਜਦੋਂ ਫਸਦਾ
ਬਾਪੂ ਦੀਆਂ ਘੁੰਡੀਆਂ, ਸਿਖਾਈਆਂ ਕੰਮ ਆਉਂਦੀਆਂ

ਚਾਪਲੂਸ ਮੇਲੇ ਵਿਚ, ਐਵੇਂ ਭੱਜੇ ਫਿਰਦੇ
ਫੁਕਰੇ ਨੂੰ ਫੁਕਾਂ ਹੀ, ਛਕਾਈਆਂ ਕੰਮ ਆਉਂਦੀਆਂ

ਖੇਡਾਂ ਦੇ ਮੈਦਾਨਾਂ ਵਿਚ, ਜਦੋਂ ਮੱਲ ਘੁਲਦੇ
ਖਾਧੀਆਂ ਖੁਰਾਕਾਂ ਤੇ, ਮਲਾਈਆਂ ਕੰਮ ਆਉਂਦੀਆਂ

ਸਹੋਤਿਆ ਬਣਾ ਲੈ ਪੈਸਾ, ਮਾਰ ਮਾਰ ਠੱਗੀਆਂ
ਆਖਰਾਂ ਨੂੰ ਸੋਹਣਿਆ, ਭਲਾਈਆਂ ਕੰਮ ਆਉਂਦੀਆਂ



-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

## ਮਹਿੰਦੀ

ਮੈਂ ਹਾਂ ਤੇਰੀ ਨਣਦ ਪਿਆਰੀ, ਤੂੰ ਮੇਰੀ ਭਰਜਾਈ
ਛੁੱਟੀਆਂ ਦੇ ਵਿਚ ਬੂਟਾ ਭਾਬੀ ਲੱਭ ਕੇ ਮਸਾਂ ਲਿਆਈ
ਹੁਣ ਪੇਪਰ ਦੇਣ ਤਾਂ ਜਾਣਾ ਤੂੰ ਕੰਨ ਖੋਲ੍ਹ ਕੇ ਸੁਣੀ ਕਹਾਣੀ
ਨੀਂ ਮਹਿੰਦੀ ਦੇ ਬੂਟੇ 'ਤੇ ਛਿੜਕੀਂ ਭਾਬੀਏ ਪਾਣੀ

ਕਈ ਸਾਲਾਂ ਤੋਂ ਸੱਚ ਪੁੱਛੇ ਮੇਰੀ ਰੀਝ ਤਾਂ ਹੋਈ ਪੂਰੀ
ਨੀਂ ਅੱਲ੍ਹੜ ਉਮਰ ਦੇ ਸ਼ੌਕ ਅਵੱਲੇ ਸਭ ਦੀ ਹੈ ਮਜਬੂਰੀ
ਉਮਰ ਉਮਰ ਦੀਆਂ ਗੱਲਾਂ ਤੇ ਦੱਸ ਤੂੰ ਵੀ ਕਿਹੜਾ ਨਿਆਣੀ
ਨੀਂ ਮਹਿੰਦੀ ਦੇ ਬੂਟੇ 'ਤੇ ਛਿੜਕੀਂ ਭਾਬੀਏ.....

ਲੋਹੜੇ ਦੀ ਹੈ ਪੈਂਦੀ ਗਰਮੀ ਰੱਬ ਨਾ ਮੀਂਹ ਵੀ ਪਾਉਂਦਾ
ਬਿਨਾਂ ਪਾਣੀ ਤੋਂ ਕੀ ਦੱਸਾਂ ਤੈਨੂੰ ਛੇਤੀ ਹੀ ਮਰਝਾਉਂਦਾ
ਗੋਰਿਆਂ ਹੱਥਾਂ 'ਤੇ ਮਹਿੰਦੀ ਦੀ ਹੈ ਸਦੀਆਂ ਸਾਂਝ ਪੁਰਾਣੀ
ਨੀਂ ਮਹਿੰਦੀ ਦੇ ਬੂਟੇ 'ਤੇ ਛਿੜਕੀਂ ਭਾਬੀਏ.....

ਅਸਲੀ ਮਹਿੰਦੀ ਕਿਤੋਂ ਨਾ ਮਿਲਦੀ ਤਾਂ ਹੀ ਜਫਰ ਜਾਲੇ
ਜਿਉਂਦਾ ਰਹੇ ਵਿਚਾਰਾਂ ਮਾਲੀ ਜਿਹੜਾ ਪੁੱਤਾਂ ਵਾਂਗ ਤਾਂ ਪਾਲੇ
ਨੀਂ ਇਸ ਬੂਟੇ ਦੀ ਖਾਤਰ ਮੈਂ ਤਾਂ ਖਾਕ ਬਥੇਰੀ ਛਾਣੀ
ਨੀਂ ਮਹਿੰਦੀ ਦੇ ਬੂਟੇ 'ਤੇ ਛਿੜਕੀਂ ਭਾਬੀਏ....

ਜੇ ਸੁੱਕ ਗਿਆ ਤਾਂ ਬੂਟਾ ਭਾਬੀ ਵਰਤ ਜਾਣਾ ਫਿਰ ਭਾਣਾ
ਪਿੱਛੋਂ "ਦੇਵ ਘੋਲੀਆ" ਮੇਹਣੇ ਮਾਰੂ ਮੈਨੂੰ ਤਾਂ ਮਰ ਜਾਣਾ
ਏਸੇ ਗੱਲ ਤੋਂ ਡਰਦੀ ਹਾਂ ਕਿਤੇ ਉਲਝ ਨਾ ਜਾਵੇ ਤਾਣੀ
ਨੀਂ ਮਹਿੰਦੀ ਦੇ ਬੂਟੇ 'ਤੇ ਛਿੜਕੀਂ ਭਾਬੀਏ ਪਾਣੀ



-ਦੇਵ ਘੋਲੀਆ ਖੁਰਦ
559-232-7764



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com